SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL -10 ISSUE - 27
October 13, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਸਾਹਿਬ ਸ੍ਰੀ ਕਾਂਸ਼ੀ ਰਾਮ ਦੁਆਰਾ ਲਿਖਤ

# ਬਾਮਸੇਫ ਇਕ ਜਾਣਕਾਰੀ



"Ambedkar Times" & "Desh Doaba" Weeklies are thankful of esteemed families of Momi Brothers (Bakersfield), Amardeep Chahal (King City), Neeraj Kumar Chander (Sacramento), and Bansi Lal Bangar (Fresno) for their sponsorship of carrying the Text of the Introduction to BAMCEF in "Desh Doaba" weekly newspaper on the 15th Prinirvan Divas of Sahib Shri Kanshi Ram Ji. We also sincerely thank S. Fatehjung Singh for its translation in Punjabi and his dedication words on the occasion.

**Prem Kumar Chumber**
Editor-In-Chief:
"Ambedkar Times" & "Desh Doaba"

*'ਬਾਮਸੇਫ ਇਕ ਜਾਣਕਾਰੀ'*
*ਦੇਖੋ ਸਫਾ 15 ਤੋਂ 18*

# ਲਖੀਮਪੁਰ ਹਿੰਸਾ ਦੌਰਾਨ ਮਾਰੇ ਗਏ ਕਿਸਾਨਾਂ ਲਈ ਸਾਂਝੀ ਅੰਤਿਮ ਅਰਦਾਸ

## ਕਿਸਾਨਾਂ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ- ਕਿਸਾਨ ਮੋਰਚਾ



**ਲਖੀਮਪੁਰ (ਬਿਊਰੋ)–** ਲਖੀਮਪੁਰ ਹਿੰਸਾ ਦੌਰਾਨ ਮਾਰੇ ਗਏ ਚਾਰ ਕਿਸਾਨਾਂ ਤੇ ਇਕ ਪੱਤਰਕਾਰ ਦੀ ਇਥੇ ਤਿਕੋਨੀਆ ਪਿੰਡ ਨੇੜੇ ਹੋਈ ਸਾਂਝੀ 'ਅੰਤਿਮ ਅਰਦਾਸ' ਵਿੱਚ ਸ਼ਾਮਲ ਕਿਸਾਨ ਆਗੂਆਂ ਨੇ ਅੱਜ ਐਲਾਨ ਕੀਤਾ ਕਿ ਕਿਸਾਨਾਂ ਦੀ ਕੁਰਬਾਨੀ ਅਜਾਈਂ ਨਹੀਂ ਜਾਵੇਗੀ ਤੇ ਜਦੋਂ ਤੱਕ ਇਨਸਾਫ਼ ਨਹੀਂ ਮਿਲਦਾ ਸੰਘਰਸ਼ ਜਾਰੀ ਰਹੇਗਾ। ਉਨ੍ਹਾਂ ਕੇਂਦਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਵਿੱਢੇ ਸੰਘਰਸ਼ ਦਾ ਘੇਰਾ ਹੋਰ ਮੋਕਲਾ ਕਰਨ ਦਾ ਸੰਕਲਪ ਦੁਹਰਾਇਆ। ਆਗੂਆਂ ਨੇ ਕਿਹਾ ਕਿ ਭਾਜਪਾ-ਆਰਐੱਸਐੱਸ ਦੀ ਫਿਰਕੂ ਤੇ ਫੁੱਟਪਾਊ ਸਿਆਸਤ ਜ਼ਰੀਏ ਕਿਸਾਨਾਂ ਦੇ ਅੰਦੋਲਨ ਨੂੰ ਕਮਜ਼ੋਰ
(ਬਾਕੀ ਸਫਾ 3 'ਤੇ)

# ਸੈਕਰਾਮੈਂਟੋ (ਕੈਲੀਫੋਰਨੀਆ) 'ਚ ਹੋਇਆ ਯੂਪੀ 'ਚ ਮਾਰੇ ਗਏ ਕਿਸਾਨਾਂ ਪ੍ਰਤੀ ਰੋਸ ਇਕੱਠ





(ਰਿਪੋਰਟ (ਹੁਸਨ ਲੜੋਆ ਬੰਗਾ) ਦੇਖੋ ਸਫਾ 10 'ਤੇ)

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜ਼ਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
WE OPEN 7-DAYS A WEEK
MANDEEP SANDHU
ਵੀਜ਼ਾ
Note: I am not an Immigration Attorney.
3222 PENELOPE DR. STOCKTON, CA- 95212
(NEAR HWY 99 ON MORADA LANE)
(209-373-3562) msandhu2014@gmail.com

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
916-912-8842, 916-329-8772
SINCE 1996 jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

Raja
SWEETS & CATERING
AUTHORIZED CATERER FOR MAJOR 5-STAR HOTELS

ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders

CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook. rajasweetsandcatering
Follow us on Twitter rajasweets



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!

Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD. # 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com



HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com



Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾੜੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।

ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਵ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਭਾਰਤ ਦੀ ਰਾਜਨੀਤੀ ਨੂੰ ਪ੍ਰਭਾਵਿਤ ਕਰੇਗਾ ਲਖੀਮਪੁਰ ਖੀਰੀ ਕਾਂਡ !






ਭਾਰਤ ਦੀ ਰਾਜਨੀਤੀ ਦੇ ਵਿੱਚ ਸਰਗਰਮ ਨੇਤਾਵਾਂ ਨੂੰ ਇਹ ਬਿਲਕੁੱਲ ਜਾਣਕਾਰੀ ਨਹੀਂ ਸੀ ਕਿ 3 ਅਕਤੂਬਰ ਨੂੰ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਤੋਂ 130 ਕਿਲੋਮੀਟਰ ਦੂਰ ਲਖੀਮਪੁਰ-ਖੇੜੀ ਵਿੱਚ ਕੀ ਹੋ ਰਿਹਾ ਹੈ। ਜਿਉਂ-ਜਿਉਂ ਸੂਰਜ ਡੁੱਬਦਾ ਗਿਆ ਲਖੀਮਪੁਰ ਖੇੜੀ ਭਾਰਤ ਹੀ ਨਹੀਂ ਬਲਕਿ ਦੁਨੀਆਂ ਦੇ ਮੀਡੀਆ ਦੀ ਹੈਤਡਲਾਈਨ ਬਣ ਗਿਆ ਅਤੇ ਪੂਰੀ ਦੁਨੀਆਂ ਦੇ ਮੀਡੀਆਂ ਨੇ ਇਸ ਮਾਮਲੇ ਉਪਰ ਨਜ਼ਰਾਂ ਗੱਡੀਆਂ ਹੋਈਆਂ ਹਨ। ਇਸ ਘਟਨਾਂ ਦੇ ਵਿੱਚ ਭਾਰਤ ਦੇ ਕੇਂਦਰੀ ਗ੍ਰਹਿ ਰਾਜ ਮੰਤਰੀ ਦੇ ਪੁੱਤਰ ਨੇ ਕਿਸਾਨਾਂ ਨੂੰ ਆਪਣੀ ਕਾਰ ਦੇ ਹੇਠਾਂ ਕੁਚਲ ਦਿੱਤਾ ਜਿਸ ਵਿੱਚ 4 ਕਿਸਾਨਾਂ ਸਮੇਤ 9 ਲੋਕਾਂ ਦੀ ਮੌਤ ਹੋ ਗਈ।

ਇਸ ਘਟਨਾਂ ਤੋਂ ਬਾਅਦ ਸਰਕਾਰ ਨੇ ਅਜਿਹਾ ਪ੍ਰਬੰਧ ਕੀਤਾ ਕਿ ਕਿਸੇ ਵੀ ਨੇਤਾ ਨੂੰ ਲਖੀਮਪੁਰ ਪਹੁੰਚਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਹਿੰਸਾ ਤੋਂ ਬਾਅਦ ਸੀਐਮ ਯੋਗੀ ਨੇ ਆਪਣਾ ਗੋਰਖਪੁਰ ਦੌਰਾ ਰੱਦ ਕਰ ਦਿੱਤਾ ਅਤੇ ਰਾਤ ਨੂੰ ਹੀ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਏਡੀਜੀ ਪ੍ਰਸ਼ਾਂਤ ਕੁਮਾਰ ਅਤੇ ਵਧੀਕ ਮੁੱਖ ਸਕੱਤਰ ਖੇਤੀਬਾੜੀ ਦੇਵੇਸ਼ ਚਤੁਰਵੇਦੀ ਨੂੰ ਮੌਕੇ 'ਤੇ ਭੇਜਿਆ। ਲਖੀਮਪੁਰ ਖੇੜੀ ਵਿੱਚ ਹਿੰਸਾ ਦੀ ਅੱਗ ਨੂੰ ਪੂਰੇ ਰਾਜ ਵਿੱਚ ਫੈਲਣ ਤੋਂ ਰੋਕਣਾ ਸਰਕਾਰ ਲਈ ਸਭ ਤੋਂ ਵੱਡੀ ਚੁਣੌਤੀ ਸੀ। ਇਸ ਲਈ ਲਖੀਮਪੁਰ ਵਿੱਚ ਇੰਟਰਨੈਟ ਸੇਵਾ ਤੁਰੰਤ ਬੰਦ ਕਰ ਦਿੱਤੀ ਗਈ। ਕਿਸੇ ਨੂੰ ਵੀ ਉੱਥੇ ਜਾਣ ਦੀ ਇਜਾਜ਼ਤ ਨਹੀਂ ਸੀ। ਇਕ ਪਾਸੇ ਸਰਕਾਰ ਦੀ ਤਰਫੋਂ ਅਧਿਕਾਰੀ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ ਅਤੇ ਦੂਜੇ ਪਾਸੇ ਭਾਜਪਾ ਦੇ ਥਿੰਕ ਟੈਂਕ ਇਸ ਨੂੰ ਸਿਆਸੀ ਅਖਾੜਾ ਬਣਨ ਤੋਂ ਰੋਕਣ ਲਈ ਰਣਨੀਤੀ ਬਣਾ ਰਹੇ ਸਨ। ਭਾਜਪਾ ਨੂੰ ਆਪਣੇ ਸਿਆਸੀ ਨੁਕਸਾਨਾਂ ਦੀ ਬਜਾਏ ਵਿਰੋਧੀ ਪਾਰਟੀਆਂ ਦੇ ਸਿਆਸੀ ਲਾਭਾਂ ਦੀ ਜ਼ਿਆਦਾ ਚਿੰਤਾ ਸੀ। ਸਿਰਫ 20 ਘੰਟਿਆਂ ਦੇ ਅੰਦਰ-ਅੰਦਰ ਸਰਕਾਰ ਨੇ ਸਥਿਤੀ ਨੂੰ ਇਸ ਤਰੀਕੇ ਨਾਲ ਸੰਭਾਲਿਆ ਕਿ ਵਿਰੋਧੀ ਧਿਰ ਦੀ ਸਾਰੀ ਰਾਜਨੀਤੀ ਜ਼ਮੀਨ 'ਤੇ ਹੀ ਰਹਿ ਗਈ। ਅਗਲੀ ਸਵੇਰ ਤੋਂ ਜੋ ਮਾਹੌਲ ਗਰਮ ਸੀ, ਦੁਪਹਿਰ 1 ਵਜੇ ਤੱਕ ਸ਼ਾਂਤ ਹੋ ਗਿਆ ਸੀ।

ਜਿਵੇਂ ਹੀ ਕਿਸਾਨ ਆਗੂ ਰਾਕੇਸ਼ ਟਿਕੈਤ ਅਤੇ ਰਾਜ ਦੇ ਏਡੀਜੀ ਪ੍ਰਸ਼ਾਂਤ ਕੁਮਾਰ ਦੀ ਪ੍ਰੈਸ ਕਾਨਫਰੰਸ ਦੀ ਤਸਵੀਰ ਸਾਹਮਣੇ ਆਈ ਵਿਰੋਧੀ ਧਿਰ ਦੀ ਆਵਾਜ਼ ਠੰਡੀ ਹੋ ਗਈ। ਕਿਸਾਨ ਆਗੂ ਰਾਕੇਸ਼ ਟਿਕੈਤ ਦੀ ਮਦਦ ਨਾਲ ਸਮਝੌਤਾ ਕਰ ਕੇ ਯੋਗੀ ਨੇ ਵਿਰੋਧੀ ਧਿਰ ਦੇ ਸਾਰੇ ਯਤਨ ਅਸਫਲ ਕਰ ਦਿੱਤੇ। ਜੇਕਰ ਸਿਆਸੀ ਮਾਹਿਰਾਂ ਦੀ ਮੰਨੀਏ ਤਾਂ ਬੇਸ਼ੱਕ ਯੂਪੀ ਸਰਕਾਰ ਨੇ ਇਸ ਘਟਨਾ ਨੂੰ ਹਾਲ ਦੀ ਘੜੀ ਹੱਲ ਕਰ ਲਿਆ ਹੈ ਪਰ ਲਖੀਮਪੁਰ ਖੇੜੀ ਦੇ ਵਿੱਚ ਵਾਪਰੀ ਇਸ ਘਟਨਾ ਦੇ ਯੂਪੀ ਦੇ ਵਿੱਚ ਅਗਲੇ ਸਾਲ ਹੋ ਰਹੀਆਂ ਚੋਣਾਂ ਹੀ ਨਹੀਂ ਬਲਕਿ ਆਉਣ ਵਾਲੇ ਸਮੇਂ ਦੇ ਵਿੱਚ ਭਾਰਤੀ ਰਾਜਨੀਤੀ ਉਪਰ ਵੀ ਜਰੂਰ ਪ੍ਰਭਾਵ ਪੈਣ ਪੈਣਗੇ।

### ਮਿਸ਼ਰਾ ਪਹਿਲਾਂ ਹੀ ਕਿਸਾਨਾਂ ਨੂੰ ਧਮਕੀਆਂ ਦੇ ਚੁੱਕੇ ਹਨ

ਦਰਅਸਲ, ਘਟਨਾ ਵਾਲੇ ਦਿਨ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਅਤੇ ਕੇਸ਼ਵ ਮੌਰੀਆ ਹੈਲੀਪੈਡ 'ਤੇ ਕਬਜ਼ੇ ਦੀ ਜਾਣਕਾਰੀ ਮਿਲਣ ਤੋਂ ਬਾਅਦ ਲਖਨਊ ਤੋਂ ਸੜਕ ਮਾਰਗ ਰਾਹੀਂ ਲਖੀਮਪੁਰ ਜ਼ਿਲ੍ਹਾ ਹੈਡਕੁਆਰਟਰ ਪਹੁੰਚੇ ਸਨ। ਇੱਥੇ ਯੋਜਨਾਵਾਂ ਦੀ ਸ਼ੁਰੂਆਤ ਕਰਨ ਤੋਂ ਬਾਅਦ ਉਪ ਮੁੱਖ ਮੰਤਰੀ ਕੇਸ਼ਵ ਪ੍ਰਸਾਦ ਮੌਰਿਆ ਅਤੇ ਕੇਂ-ਦਰੀ ਰਾਜ ਮੰਤਰੀ ਹੈਲੀਕਾਪਟਰ ਦੀ ਬਜਾਏ ਕਾਰ ਰਾਹੀਂ ਬਨਵਾਰੀ ਪਿੰਡ ਜਾ ਰਹੇ ਸਨ। ਬਨਵਾਰੀ ਪਿੰਡ ਅਜੈ ਮਿਸ਼ਰਾ ਦਾ ਜੱਦੀ ਪਿੰਡ ਹੈ।

ਇੱਥੇ ਕੁਸ਼ਤੀ ਮੁਕਾਬਲਾ ਸ਼ੁਰੂ ਹੋਣਾ ਸੀ। ਦਰਅਸਲ, ਅਜੇ ਮਿਸ਼ਰਾ ਟੇਨੀ ਵੱਲੋਂ ਇੱਕ ਹਫ਼ਤਾ ਪਹਿਲਾਂ ਦਿੱਤੇ ਗਏ ਬਿਆਨ ਤੋਂ ਕਿਸਾਨ ਦੁਖੀ ਸਨ। ਮੰਤਰੀ ਬਣਨ ਤੋਂ ਬਾਅਦ ਅਜੈ ਮਿਸ਼ਰਾ ਨੇ ਕਿਹਾ ਸੀ ਕਿ, "ਜੇ ਅਸੀਂ ਆਪਣੀ ਆਈ 'ਤੇ ਗਏ, ਤਾਂ ਅਸੀਂ ਕੀ ਕਰ ਸਕਦੇ ਹਾਂ? ਸਾਰੇ ਜਾਣਦੇ ਹਨ।" ਅਜੇ ਮਿਸ਼ਰਾ ਨੇ ਕਿਸਾਨਾਂ ਦੀ ਤਰਫੋਂ ਕਾਲੇ ਝੰਡੇ ਦਿਖਾਉਣ ਤੋਂ ਬਾਅਦ ਇਹ ਬਿਆਨ ਦਿੱਤਾ ਸੀ।

26 ਸਤੰਬਰ ਨੂੰ ਲਖੀਮਪੁਰ ਦੇ ਸੰਪੂਰਨਨਗਰ ਖੇਤਰ ਵਿੱਚ ਕਿਸਾਨਾਂ ਨੇ ਕੇਂਦਰੀ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਕਾਲੇ ਝੰਡੇ ਦਿਖਾਏ ਸਨ। ਮਿਸ਼ਰਾ ਇੱਕ ਜਨ ਸਭਾ ਨੂੰ ਸੰਬੋਧਨ ਕਰਨ ਜਾ ਰਹੇ ਸਨ। ਪਬਲਿਕ ਮੀਟਿੰਗ ਵਿੱਚ ਆਪਣੇ ਹੀ ਵਿਰੋਧ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਨੇ ਮੰਚ ਤੋਂ ਕਿਸਾਨਾਂ ਨੂੰ ਧਮਕੀ ਦਿੱਤੀ ਸੀ। ਇਹ ਕਿਹਾ ਗਿਆ ਸੀ ਕਿ ਕਿਸਾਨਾਂ ਦੇ ਆਗੂ ਅਰਥਾਤ ਸੰਯੁਕਤ ਕਿਸਾਨ ਮੋਰਚੇ ਦੇ ਲੋਕ ਪ੍ਰਧਾਨ ਮੰਤਰੀ ਮੋਦੀ ਦਾ ਸਾਹਮਣਾ ਨਹੀ ਕਰ ਪਾ ਰਹੇ ਹਨ। ਇਸ ਅੰਦੋਲਨ ਨੂੰ 10 ਮਹੀਨੇ ਹੋ ਗਏ ਹਨ। ਉਨ੍ਹਾਂ ਨੇ ਕਾਲੇ ਝੰਡੇ ਦਿਖਾਉਣ ਵਾਲਿਆਂ ਨੂੰ ਅੱਗੇ ਕਿਹਾ ਕਿ 'ਜੇ ਅਸੀਂ ਕਾਰ ਤੋਂ ਹੇਠਾਂ ਉਤਰਦੇ, ਤਾਂ ਉਨ੍ਹਾਂ ਨੂੰ (ਕਿਸਾਨਾਂ ਨੂੰ) ਭੱਜਣ ਦਾ ਰਸਤਾ ਨਾ ਮਿਲਦਾ। ਸਿਰਫ 10-15 ਲੋਕ ਖੇਤੀਬਾੜੀ ਕਾਨੂੰਨ ਬਾਰੇ ਰੌਲਾ ਪਾ ਰਹੇ ਹਨ। ਜੇ ਕਾਨੂੰਨ ਇੰਨਾ ਗਲਤ ਹੈ ਤਾਂ ਹੁਣ ਤੱਕ ਅੰਦੋਲਨ ਪੂਰੇ ਦੇਸ਼ ਵਿੱਚ ਫੈਲ ਜਾਣਾ ਚਾਹੀਦਾ ਹੈ। ਉਸਨੇ ਧਮਕੀ ਭਰੇ ਲਹਿਜੇ ਵਿੱਚ ਕਿਹਾ ਸੀ ਕਿ ਸੁਧਰ ਜਾਓ,ਨਹੀਂ ਤਾਂ ਅਸੀਂ ਸੁਧਾਰ ਦੇਵਾਂਗੇ, ਦੋ ਮਿੰਟ ਲੱਗਣਗੇ। ਐਮ ਐਲ ਏ-ਐਮ ਪੀ ਬਣਨ ਤੋਂ ਪਹਿਲਾਂ, ਲੋਕਾਂ ਨੂੰ ਮੇਰੇ ਬਾਰੇ ਜ਼ਰੂਰ ਪਤਾ ਹੋਵੇਗਾ ਕਿ ਮੈਂ ਚੁਣੌਤੀ ਤੋਂ ਕਦੇ ਭੱਜਿਆ ਨਹੀਂ ਹਾਂ।" ਇਸ ਖੂਨੀ ਕਾਂਡ ਤੋਂ ਕੇਂਦਰੀ ਗ੍ਰਹਿ ਰਾਜ ਮੰਤਰੀ ਮਿਸ਼ਰਾ ਉੱਤੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਲਈ ਦਬਾਅ ਬਣਦਾ ਜਾ ਰਿਹਾ ਹੈ ਪਰ ਕੀ ਉਹ ਆਸਾਨੀ ਨਾਲ ਅਸਤੀਫ਼ਾ ਦੇ ਦੇਣਗੇ, ਇਹ ਹਾਲੇ ਦੇਖਣ ਵ ਾ ਲ ੀ ਗੱਲ ਹੈ।

### ਕਾਂਗਰਸ ਲਈ ਸੰਜੀਵਨੀ ਬੂਟੀ

ਲਖੀਮਪੁਰ ਖੇੜੀ ਦੀ ਇਹ ਘਟਨਾ ਕਾਂਗਰਸ ਦੇ ਲਈ ਸੰਜੀਵਨੀ ਵਾਂਗ ਸੀ ਜੋ ਯੂਪੀ ਵਿੱਚ ਜ਼ਮੀਨ ਮਜ਼ਬੂਤ ਕਰਨ ਦੀ ਤਿਆਰੀ ਕਰ ਰਹੀ ਸੀ। ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਨੇ ਸਵੇਰ ਦੀ ਉਡੀਕ ਕੀਤੇ ਬਿਨਾਂ ਰਾਤ ਨੂੰ ਲਖੀਮਪੁਰ ਜਾਣ ਦੀ ਯੋਜਨਾ ਬਣਾਈ। ਪ੍ਰਿਯੰਕਾ ਸੀਤਾਪੁਰ ਪੁਲਿਸ ਹਿਰਾਸਤ ਵਿੱਚ ਪਹੁੰਚੀ ਸੀ। ਪ੍ਰਿਯੰਕਾ ਨੇ ਇਸ ਹਿਰਾਸਤ ਤੋਂ ਹੀ ਰਾਜਨੀਤੀ ਦੀ ਸ਼ੁਰੂਆਤ ਕੀਤੀ ਸੀ। ਪਹਿਲਾਂ ਉਸ ਦੇ ਝਾੜੂ ਮਾਰਨ ਦਾ ਵੀਡੀਓ ਆਇਆ, ਫਿਰ ਮੋਦੀ ਤੋਂ ਸਵਾਲ ਪੁੱਛਣ ਦਾ।

ਕਾਂਗਰਸੀ ਵਰਕਰਾਂ ਦੀ ਜਾਨ ਵਿੱਚ ਜਾਨ ਆ ਚੁੱਕੀ ਸੀ ਅਤੇ ਮੀਡੀਆ ਦਾ ਸਾਰਾ ਧਿਆਨ ਹੁਣ ਪ੍ਰਿਯੰਕਾ 'ਤੇ ਸੀ। ਪ੍ਰਿਯੰਕਾ ਲਈ ਸਾਰੇ ਕਾਂਗਰਸ ਰਾਜਾਂ ਦੇ ਮੁੱਖ ਮੰਤਰੀ ਲਗਾਤਾਰ ਲਖਨਊ ਪਹੁੰਚਣ ਦੀ ਕੋਸ਼ਿਸ਼ ਕਰ ਰਹੇ ਸਨ। 6 ਅਕਤੂਬਰ ਨੂੰ ਵੀ ਰਾਹੁਲ ਦੋ ਰਾਜਾਂ ਪੰਜਾਬ ਤੇ ਛੱਤੀਸਗੜ੍ਹ ਦੇ ਮੁੱਖ ਮੰਤਰੀਆਂ ਦੇ ਨਾਲ ਲਖਨਊ ਪਹੁੰਚੇ, ਸੀਤਾਪੁਰ ਗਏ ਅਤੇ ਪ੍ਰਿਯੰਕਾ ਦੇ ਨਾਲ ਕਿਸਾਨਾਂ ਨੂੰ ਮਿਲੇ। ਤਿੰਨ ਦਿਨਾਂ ਤੱਕ ਮੀਡੀਆ ਦਾ ਸਾਰਾ ਧਿਆਨ ਅਤੇ ਧਿਆਨ ਕਾਂਗਰਸ 'ਤੇ ਰਿਹਾ ਅਤੇ ਪ੍ਰਿਯੰਕਾ ਗਾਂਧੀ ਨਿਸ਼ਚਤ ਰੂਪ ਤੋਂ ਇੱਕ ਮਜ਼ਬੂਤ ਨੇਤਾ ਵਜੋਂ ਉੱਭਰੀ ਹੈ।

### ਕਿਸਾਨ ਨੇਤਾ ਰਾਕੇਸ਼ ਟਿਕੈਤ ਦੀ ਭੂਮਿਕਾ

ਲਖੀਮਪੁਰ ਘਟਨਾ ਤੋਂ ਬਾਅਦ ਰਾਜ ਸਰਕਾਰ ਨੇ ਇਸ ਮਾਮਲੇ ਨੂੰ ਬਹੁਤ ਜਲਦੀ ਨਿਪਟਾਇਆ। ਚਰਚਾ ਇਹ ਵੀ ਹੈ ਕਿ ਲਖਨਊ ਦੇ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਲਖਨਊ ਦੇ ਵਿੱਚ ਸੂਬੇ ਦੀਆਂ ਕਈ ਯੋਜਨਾਵਾਂ ਦਾ ਉਦਘਾਟਨ ਕਰਨ ਦੇ ਲਈ ਆਉਣਾ ਸੀ ਜਿਸ ਨੂੰ ਲੈ ਕੇ ਕਈ ਮਹੀਨਿਆਂ ਤੋਂ ਤਿਆਰੀਆਂ ਚੱਲ ਰਹੀਆਂ ਸਨ।

ਕੇਂਦਰ ਅਤੇ ਯੂਪੀ ਸਰਕਾਰ ਕਿਸੇ ਵੀ ਕੀਮਤ 'ਤੇ ਪ੍ਰਧਾਨ ਮੰਤਰੀ ਦਾ ਦੌਰਾ ਰੱਦ ਕਰਕੇ ਇਸ ਘਟਨਾ ਨੂੰ ਬਹੁਤ ਵੱਡਾ ਮੁੱਦਾ ਬਣਨ ਨਹੀਂ ਦੇਣਾ ਚਾਹੁੰਦੀ ਸੀ। ਸੂਤਰਾਂ ਅਨੁਸਾਰ ਇਸ ਘਟਨਾਂ ਦੇ ਹੱਲ ਦੇ ਲਈ ਕਿਸਾਨ ਨੇਤਾ ਰਾਕੇਸ਼ ਟਿਕੈਤ ਨੂੰ ਸੂਤਰਧਾਰ ਬਣਾਇਆ ਗਿਆ ਅਤੇ ਕਿਸੇ ਵੀ ਕੀਮਤ 'ਤੇ ਇਸ ਮਸਲੇ ਦੇ ਹੱਲ ਦੇ ਲਈ ਟਿਕੈਤ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ ਸੀ।

ਲਖੀਮਪੁਰ ਖੇੜੀ ਜਾਣ ਦੀ ਪਾਬੰਦੀ ਦੇ ਬਾਵਜੂਦ ਕਿਸਾਨ ਨੇਤਾ ਰਾਕੇਸ਼ ਟਿਕੈਤ ਨੂੰ ਉਥੇ ਜਾਣ ਦਿੱਤਾ ਗਿਆ ਅਤੇ ਟਿਕੈਤ ਦੇ ਨਾਲ ਸਰਕਾਰ ਵਲੋਂ ਸਾਰਾ ਤਾਲਮੇਲ ਸੂਬੇ ਦੇ ਏ ਡੀ ਜੀ ਪੀ ਪ੍ਰਸ਼ਾਂਤ ਕੁਮਾਰ ਰਾਹੀਂ ਰੱਖਿਆ ਜਾ ਰਿਹਾ ਸੀ। ਕਿਸਾਨ ਨੇਤਾ ਟਿਕੈਤ ਨੇ ਪੀੜਤ ਪ੍ਰੀਵਾਰਾਂ ਨਾਲ ਸੰਪਰਕ ਸਾਧਿਆ ਅਤੇ ਉਹਨਾਂ ਨੂੰ ਨਾਲ ਸਮਝੌਤੇ ਨੂੰ ਸਿਰੇ ਚੜ੍ਹਾਇਆ। ਰਾਕੇਸ਼ ਟਿਕੈਤ ਦੀ ਇਸ ਭੂਮਿਕਾ ਬਾਰੇ ਸਵਾਲ ਉੱਠੇ ਸਵਾਲਾਂ ਦੇ ਜਵਾਬ ਦਿੰਦਿਆਂ ਸੰਯੁਕਤ ਕਿਸਾਨ ਮੋਰਚਾ ਨੇ ਇਹ ਦਲੀਲ ਦਿੱਤੀ ਕਿ, "ਮ੍ਰਿਤਕ ਕਿਸਾਨ ਦਾ ਅੰਤਿਮ ਸੰਸਕਾਰ ਮੁੱਢਲੀ ਮੰਗ ਪੂਰੀ ਹੋਣ ਤੋਂ ਬਾਅਦ ਇੱਕ ਤਰ-ਜੀਹੀ ਕੰਮ ਸੀ, ਇਸ ਲਈ ਇਹ ਅਜਿਹਾ ਕੀਤਾ ਗਿਆ ਅਤੇ ਮੰਤਰੀ ਨੂੰ ਹਟਾਉਣ ਅਤੇ ਉਨ੍ਹਾਂ ਦੇ ਬੇਟੇ ਦੀ ਗ੍ਰਿਫਤਾਰੀ ਤੱਕ

# ਲਖੀਮਪੁਰ ਹਿੰਸਾ ਦੌਰਾਨ ਮਾਰੇ ਗਏ ਕਿਸਾਨਾਂ ਲਈ ਸਾਂਝੀ ਅੰਤਿਮ ਅਰਦਾਸ

(ਸਫਾ 1 ਦੀ ਬਾਕੀ)

ਕਰਨ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕੀਤਾ ਜਾਵੇਗਾ। ਸੰਯੁਕਤ ਕਿਸਾਨ ਮੋਰਚਾ ਤੇ ਭਾਰਤੀ ਕਿਸਾਨ ਯੂਨੀਅਨ ਦੇ ਆਗੂਆਂ, ਜਿਨ੍ਹਾਂ ਵਿੱਚ ਰਾਕੇਸ਼ ਟਿਕੈਤ, ਦਰਸ਼ਨ ਪਾਲ, ਜੋਗਿੰਦਰ ਸਿੰਘ ਉਗਰਾਂਹਾ, ਧਰਮਿੰਦਰ ਮਲਿਕ ਸ਼ਾਮਲ ਸਨ, ਤੋਂ ਇਲਾਵਾ ਸਥਾਨਕ ਕਿਸਾਨ ਯੂਨੀਅਨ ਦੇ ਆਗੂਆਂ ਨੇ ਵੀ 'ਅੰਤਿਮ ਅਰਦਾਸ' ਦੌਰਾਨ ਕਿਸਾਨਾਂ ਤੇ ਪੱਤਰਕਾਰ ਨੂੰ ਸ਼ਰਧਾਂਜਲੀਆਂ ਦਿੱਤੀਆਂ। ਪ੍ਰਿਯੰਕਾ ਗਾਂਧੀ, ਰਾਜ ਸਭਾ ਮੈਂਬਰ ਦੀਪੇਂਦਰ ਹੁੱਡਾ, ਅਜੈ ਕੁਮਾਰ ਲੱਲੂ ਤੇ ਹੋਰਨਾਂ ਕਾਂਗਰਸੀ ਆਗੂਆਂ ਨਾਲ ਦੁਪਹਿਰ ਇਕ ਵਜੇ ਦੇ ਕਰੀਬ 'ਅੰਤਿਮ ਅਰਦਾਸ' ਵਾਲੇ ਪੰਡਾਲ ਵਿੱਚ ਪੁੱਜੇ। ਹੋਰਨਾਂ ਸਿਆਸੀ ਆਗੂਆਂ ਵਿੱਚ ਸਮ-ਾਜਵਾਦੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਰਾਮਪਾਲ ਸਿੰਘ ਯਾਦਵ, ਡਾ. ਆਰ.ਏ.ਉਸਮਾਨੀ, ਰਾਸ਼ਟਰੀ ਲੋਕ ਦਲ ਦੇ ਪ੍ਰਧਾਨ ਜੈਯੰਤ ਚੌਧਰੀ ਵੀ ਮੌਜੂਦ ਸਨ। ਮੋਰਚੇ ਵੱਲੋਂ ਕੀਤੇ ਐਲਾਨ ਮੁਤਾਬਕ ਅੱਜ ਕਿਸੇ ਵੀ ਸਿਆਸੀ ਆਗੂ ਨੂੰ ਸਟੇਜ ਸਾਂਝੀ ਕਰਨ ਦੀ ਆਗਿਆ ਨਹੀਂ ਦਿੱਤੀ ਗਈ। ਅੰਤਿਮ ਅਰਦਾਸ ਵਿੱਚ ਸਿਰਫ਼ ਉੱਤਰ ਪ੍ਰਦੇਸ਼ ਤੇ ਲਖੀਮਪੁਰ ਜ਼ਿਲ੍ਹੇ ਦੇ ਕਿਸਾਨ ਹੀ ਨਹੀਂ ਬਲਕਿ ਪੰਜਾਬ, ਹਰਿਆਣਾ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਰਾਜਸਥਾਨ ਤੇ ਹੋਰਨਾਂ ਰਾਜਾਂ ਦੇ ਕਿਸਾਨ ਵੀ ਸ਼ਾਮਲ ਹੋਏ। ਯੂਪੀ ਸਰਕਾਰ ਨੇ ਲੋਕਾਂ ਨੂੰ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਤੋਂ ਰੋਕਣ ਦੀ ਪੂਰੀ ਕੋਸ਼ਿਸ਼ ਕੀਤੀ, ਪਰ ਪੁਲੀਸ ਰੋਕਾਂ ਦੇ ਬਾਵਜੂਦ ਲੋਕ ਵੱਡੀ ਗਿਣਤੀ ਵਿੱਚ ਤਿਕੋਨੀਆ ਪੁੱਜਣ ਵਿੱਚ ਸਫ਼ਲ ਰਹੇ। ਕਿਸਾਨਾਂ ਨੇ ਸਪਸ਼ਟ ਐਲਾਨ ਕੀਤਾ ਕਿ ਉਹ ਭਾਜਪਾ-ਆਰਐੱਸਐੱਸ ਦੀ ਵੰਡਪਾਊ ਸਿਆਸਤ ਨੂੰ ਉਨ੍ਹਾਂ ਦਾ ਏਕਾ ਤੋੜਨ ਦੀ ਇਜਾਜ਼ਤ ਨਹੀਂ ਦੇਣਗੇ। ਮੋਰਚੇ ਦੇ ਆਗੂਆਂ ਨੇ ਇਕ ਬਿਆਨ ਵਿੱਚ ਕਿਹਾ, "ਇਕ ਸ਼ਾਂਤਮਈ ਤੇ ਜਮਹੂਰੀ ਅੰਦੋਲਨ ਨੂੰ ਕੁਚਲਣ ਦੀ ਭਾਜਪਾ ਦੀਆਂ ਕੋਸ਼ਿਸ਼ਾਂ ਨੂੰ ਹੁਣ ਤੱਕ ਪੂਰੇ ਦੇਸ਼ ਨੇ ਵੇਖਿਆ ਹੈ। ਅਸੀਂ ਅੰਦੋਲਨ ਨੂੰ ਲੀਹੋਂ ਉਤਰਨ ਨਹੀਂ ਦੇਵਾਂਗੇ ਤੇ ਹੋਰ ਮਜ਼ਬੂਤ ਹੋ ਕੇ ਨਿਕਲਾਂਗੇ।" ਉਨ੍ਹਾਂ ਕਿਹਾ ਕਿ ਲਖੀਮਪੁਰ ਹਿੰਸਾ ਮਾਮਲੇ 'ਚ ਪੀੜਤਾਂ ਨੂੰ ਇਨਸਾਫ਼ ਮਿਲਣ ਤੱਕ ਸੰਘਰਸ਼ ਜਾਰੀ ਰਹੇਗਾ। ਆਗੂਆਂ ਨੇ ਕਿਹਾ ਕਿ ਯੂਪੀ ਦੇ ਸਾਰੇ ਜ਼ਿਲ੍ਹਿਆਂ ਤੇ ਹੋਰਨਾਂ ਰਾਜਾਂ ਵਿੱਚ ਕਲਸ਼ ਯਾਤਰਾਵਾਂ ਕੱਢਣ ਲਈ, ਦਸਹਿਰੇ ਮੌਕੇ 15 ਅਕਤੂਬਰ ਨੂੰ ਭਾਜਪਾ ਆਗੂਆਂ ਦੇ ਪੁਤਲੇ ਸਾੜਨ ਤੇ 18 ਅਕਤੂਬਰ ਨੂੰ ਰੇਲ ਰੋਕੋ ਲਈ ਸਮੁੱਚੀ ਯੋਜਨਾ ਜਾਰੀ ਕੀਤੀ ਜਾਵੇਗੀ। ਕਿਸਾਨ ਆਗੂਆਂ ਨੇ ਪੁਣਛ ਵਿੱਚ ਦਹਿਸ਼ਤ-ਗਰਦਾਂ ਨਾਲ ਮੁਕਾਬਲੇ ਦੌਰਾਨ ਸ਼ਹੀਦ ਹੋਏ ਫੌਜੀਆਂ ਜਸਵਿੰਦਰ ਸਿੰਘ, ਸਾਰਜ ਸਿੰਘ, ਗੱਜਣ ਸਿੰਘ, ਮਨਦੀਪ ਸਿੰਘ ਤੇ ਵੈਸਾਖ ਐੱਚ. ਨੂੰ ਵੀ ਸ਼ਰਧਾਂਜਲੀ ਦਿੱਤੀ। ਡਾ.ਰਾਮ ਮਨੋਹਰ ਲੋਹੀਆ ਦੀ 54ਵੀਂ ਬਰਸੀ ਮੌਕੇ ਉਨ੍ਹਾਂ ਨੂੰ ਵੀ ਯਾਦ ਕੀਤਾ ਗਿਆ। ਸ਼ਰਧਾਂਜਲੀ ਸਮਾਗਮ ਨੂੰ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਡਾ.ਦਰਸ਼ਨ ਪਾਲ, ਬੀਕੇਯੂ ਉਗਰਾਹਾਂ ਦੇ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ, ਬੀਕੇਯੂ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਆਦਿ ਨੇ ਵੀ ਸੰਬੋਧਨ ਕੀਤਾ।



ਤਿਕੋਨੀਆ ਦੇ ਸਾਹਿਬਜ਼ਾਦਾ ਇੰਟਰ ਕਾਲਜ ਦੇ ਖੁੱਲ੍ਹੇ ਮੈਦਾਨ ਵਿੱਚ ਲੱਗੀ ਸਟੇਜ 'ਤੇ ਬਹਿਰਾਈਚ ਜਿਲ੍ਹੇ ਨਾਲ ਸਬੰਧਤ ਪੀੜਤ ਕਿਸਾਨ ਦਲਜੀਤ ਸਿੰਘ ਤੇ ਗੁਰਵਿੰਦਰ ਸਿੰਘ, ਖੀਰੀ ਜ਼ਿਲ੍ਹੇ ਦੇ ਕਿਸਾਨ ਨਛੱਤਰ ਸਿੰਘ ਤੇ ਲਵਪ੍ਰੀਤ ਸਿੰਘ ਦੇ ਪਰਿਵਾਰਕ ਮੈਂਬਰ ਅਤੇ ਨਿਗਹਾਸਨ (ਖੀਰੀ) ਦੇ ਪੱਤਰਕਾਰ ਰਮਨ ਕਸ਼ਯਪ ਦਾ ਭਰਾ ਤੇ ਧੀ ਉਨ੍ਹਾਂ ਦੀਆਂ ਫੋਟੋਆਂ ਲੈ ਕੇ ਬੈਠੇ ਹੋਏ ਸਨ। ਇਸ ਤੋਂ ਪਹਿਲਾਂ ਪਿੰਡ ਦੇ ਕੌਡੀਆਲਾ ਘਾਟ ਗੁਰਦੁਆਰੇ ਵਿੱਚ 'ਅਖੰਡ ਪਾਠ' ਦੇ ਭੋਗ ਪਾਏ ਗਏ। ਪ੍ਰੋ-ਗਰਾਮ ਵਾਲੀ ਥਾਂ ਪੰਡਾਲ ਦੇ ਅੰਦਰ ਤੇ ਬਾਹਰ ਵੱਡੀ ਗਿਣਤੀ ਸੁਰੱਖਿਆ ਮੁਲਾਜ਼ਮ ਤਾਇਨਾਤ ਸਨ। ਲਖਨਊ ਦੇ ਕਮਿਸ਼ਨਰ, ਏਡੀਜੀ, ਆਈਜੀ ਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਖ਼ੁਦ ਤਿਕੋਨੀਆ ਵਿੱਚ ਡੇਰਾ ਲਾ ਕੇ ਸੁਰੱਖਿਆ ਪ੍ਰਬੰਧਾਂ 'ਤੇ ਨਜ਼ਰ ਰੱਖੀ। ਅਮਨ ਤੇ ਕਾਨੂੰਨ ਬਣਾਈ ਰੱਖਣ ਲਈ ਪੁਲੀਸ, ਪੀਏਸੀ ਤੇ ਨੀਮ ਫੌਜੀ ਬਲਾਂ ਦੀ ਤਾਇਨਾਤੀ ਕੀਤੀ ਗਈ ਸੀ।

### ਕਾਂਗਰਸ ਦਾ ਵਫ਼ਦ ਰਾਸ਼ਟਰਪਤੀ ਨੂੰ ਮਿਲਿਆ

ਲਖੀਮਪੁਰ ਖੀਰੀ ਹਿੰਸਾ ਸਬੰਧੀ ਅੱਜ ਸ੍ਰੀ ਰਾਹੁਲ ਗਾਂਧੀ ਦੀ ਅਗਵਾਈ ਹੇਠ ਕਾਂਗਰਸ ਵਫ਼ਦ ਰਾਸ਼ਟਰਪਤੀ ਰਾਮਨਾਥ ਕੋਵਿੰਦ ਨੂੰ ਮਿਲਿਆ। ਇਸ ਦੌਰਾਨ ਵਫ਼ਦ ਨੇ ਮੰਗ ਕੀਤੀ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਨੂੰ ਬਰਖ-ਾਸਤ ਕੀਤਾ ਜਾਵੇ ਤਾਂ ਜੋ ਨਿਰਪੱਖ ਜਾਂਚ ਹੋ ਸਕੇ ਤੇ ਪੀੜਤਾਂ ਨੂੰ ਇਨਸਾਫ਼ ਮਿਲੇ। ਵਫ਼ਦ ਨੇ ਇਹ ਵੀ ਕਿਹਾ ਕਿ ਮਾਮਲੇ ਲਈ ਸੁਪਰੀਮ ਕੋਰਟ ਜਾਂ ਹਾਈ ਕੋਰਟ ਦੇ ਮੌਜੂਦਾ ਜੱਜਾਂ ਦਾ ਕਮਿਸ਼ਨ ਕਾਇਮ ਕੀਤਾ ਜਾਵੇ ਤੇ ਇਸ ਬਾਰੇ ਰਾਸ਼ਟਰਪਤੀ ਹੁਕਮ ਜਾਰੀ ਕਰਨ। ਰਾਹੁਲ ਗਾਂਧੀ ਤੋਂ ਇਲਾਵਾ ਵਫ਼ਦ ਵਿੱਚ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮਲਿਕਾਰਜੁਨ ਖੜਗੇ ਅਤੇ ਪਾਰਟੀ ਦੀ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਸ਼ਾਮਲ ਸਨ। ਹਾਲ ਹੀ ਵਿੱਚ ਕਾਂਗਰਸ ਨੇ ਰਾਸ਼ਟਰਪਤੀ ਨੂੰ ਪੱਤਰ ਲਿਖਿਆ ਸੀ, ਜਿਸ ਵਿੱਚ ਮੁਲਾਕਾਤ ਦੀ ਮੰਗ ਕੀਤੀ ਗਈ ਸੀ।

### ਸਾਡੇ 'ਤੇ ਕੋਈ ਖ਼ਾਸ ਅਸਰ ਨਹੀਂ ਪਵੇਗਾ: ਭਾਜਪਾ

ਭਾਜਪਾ ਲੀਡਰਸ਼ਿਪ ਦਾ ਮੰਨਣਾ ਹੈ ਕਿ ਲਖੀਮਪੁਰ ਖੀਰੀ ਘਟਨਾ ਦਾ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਾਰਟੀ 'ਤੇ ਕੋਈ ਵੱਡਾ ਅਸਰ ਨਹੀਂ ਪਵੇਗਾ। ਭਾਜਪਾ ਦੇ ਕੌਮੀ ਜਨਰਲ ਸਕੱਤਰ ਅਤੇ ਪੰਜਾਬ ਮਾਮਲਿਆਂ ਦੇ ਇੰਚਾਰਜ ਦੁਸ਼ਯੰਤ ਗੌਤਮ ਨੇ ਦੱਸਿਆ ਕਿ ਕਿਸਾਨਾਂ ਦਾ ਵਿਰੋਧ ਰਾਜਨੀਤਿਕ ਤੌਰ 'ਤੇ ਪ੍ਰੇਰਿਤ ਸੀ ਅਤੇ ਲਖੀਮਪੁਰ ਖੀਰੀ ਘਟਨਾ ਦਾ ਪੰਜਾਬ ਜਾਂ ਉੱਤਰਾਖੰਡ ਦੀਆਂ ਚੋਣਾਂ 'ਤੇ ਕੋਈ ਅਸਰ ਨਹੀਂ ਪਿਆ। ਗੌਤਮ ਨੇ ਕਿਹਾ, 'ਖੱਬੇ ਪੱਖੀਆਂ ਵੱਲੋਂ ਸਿਰਫ ਦੋ ਫ਼ੀਸਦ ਕਿਸਾਨਾਂ ਨੂੰ ਗੁੰਮਰਾਹ ਕੀਤਾ ਗਿਆ ਹੈ ਅਤੇ ਹੋਰ ਰਾਜਨੀਤਿਕ ਪਾਰਟੀਆਂ ਰਾਜ ਵਿੱਚ ਸ਼ਾਂਤੀਪੂਰਨ ਮਾਹੌਲ ਨੂੰ ਖਰਾਬ ਕਰਨ ਦੀ ਕੋਸਿਸ਼

# ਕਾਂਗਰਸ ਸਮੇਂ ਦਾ ਇੰਤਜਾਰ ਕਰੇ, ਢੁਕਵਾਂ ਜਵਾਬ ਦਿਆਂਗੇ- ਜਸਵੀਰ ਸਿੰਘ ਗੜ੍ਹੀ

## ਪੰਜਾਬ ਦਾ ਭਲਾ ਸਿਰਫ ਤੇ ਸਿਰਫ ਅਕਾਲੀ-ਬਸਪਾ ਗੱਠਜੋੜ ਦੀ ਸਰਕਾਰ ਹੀ ਕਰ ਸਕਦੀ ਹੈ: ਸੁਖਬੀਰ ਸਿੰਘ ਬਾਦਲ

### ਚੰਨੀ ਰਬੜ ਦੀ ਮੋਹਰ ਤੇ ਬਹੁਜਨ ਸਮਾਜ ਨੂੰ ਐਸਾ ਮੁੱਖ ਮੰਤਰੀ ਨਹੀਂ ਚਾਹੀਦਾ ਜਿਹੜਾ ਆਪਣੀ ਮਰਜ਼ੀ ਨਾਲ ਚਪੜਾਸੀ ਵੀ ਨਾ ਲਾ ਸਕਦਾ ਹੋਵੇ: ਰਣਧੀਰ ਸਿੰਘ ਬੈਨੀਵਾਲ











**ਜਲੰਧਰ–** ਬਸਪਾ ਨੇ ਸਾਹਿਬ ਕਾਂਸ਼ੀ ਰਾਮ ਜੀ ਦਾ ਪ੍ਰੀਨਿਰਵਾਣ ਦਿਵਸ ਰੱਖਿਆ, ਅੱਜ ਦੇ ਦਿਨ ਕਾਂਗਰਸ ਨੇ ਫਿਰ ਚਾਲ ਚੱਲੀ ਅਤੇ ਕਾਂਗਰਸ ਨੇ ਕਿਸਾਨਾ ਦਾ ਚਿਹਰਾ ਵਰਤਿਆ ਅਤੇ ਕਿਸਾਨਾਂ ਦੇ ਵਿੱਚ ਜਿਹੜੇ ਕਾਂਗਰਸ ਨੂੰ ਹਿਮਾਇਤ ਕਰਨ ਵਾਲੇ ਲੋਕ ਨੇ ਉਹ ਪਿੰਡਾਂ ਦੀਆਂ ਗਲੀਆਂ ਦੇ ਵਿੱਚ ਖੜ੍ਹੇ ਕੀਤੇ, ਪਿੰਡ ਪਿੰਡ ਟ੍ਰਾਲੀਆਂ ਲਾਈਆਂ, ਸੜਕਾਂ ਤੇ ਵੱਡੇ ਨਾਕੇ ਲਵਾਏ ਅਤੇ ਅੱਜ ਕਾਂਗਰਸ ਦੇ ਹਮਲੇ ਦਾ ਬਸਪਾ ਸਵਾਗਤ ਕਰਦੀ ਹੈ। ਕਾਂਗਰਸ ਸਮੇਂ ਦਾ ਇੰਤਜ਼ਾਰ ਕਰੇ ਬਹੁਜਨ ਸਮਾਜ ਪਾਰਟੀ ਇਸਦਾ ਢੁੱਕਵਾਂ ਜਵਾਬ ਦੇਵੇਗੀ। ਕਾਂਗਰਸ ਦੀ ਧੌਣ ਤੇ ਗੋਡਾ ਜਿਹੜਾ ਪਿਛਲੇ ਢਾਈ ਸਾਲਾਂ ਵਿੱਚ ਬਹੁਜਨ ਸਮਾਜ ਪਾਰਟੀ ਨੇ ਰੱਖਿਆ ਉਹ ਵਾਅਦਾ ਕਰਦੇ ਨੇ ਕਾਂਗਰਸ ਪਾਰਟੀ ਨਾਲ ਕਿ ਕਾਂਗਰਸ ਦੀਆਂ ਚੀਕਾਂ ਜੇ ਇਟਲੀ ਤੱਕ ਨਾ ਪਹੁੰਚਾਈਆਂ ਤਾਂ ਸਾਡਾ ਨਾਂ ਬਦਲ ਦਿਓ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਜਲੰਧਰ ਵਿਖੇ ਆਯੋਜਿਤ ਭੁੱਲ ਸੁਧਾਰ ਰੈਲੀ ਮੌਕੇ ਹਜ਼ਾਰਾਂ ਦੀ ਗਿਣਤੀ ਵਿੱਚ ਪਹੁੰਚੇ ਬਸਪਾ ਤੇ ਅਕਾਲੀ ਦਲ ਦੇ ਵਰਕਰਾਂ ਦੇ ਠਾਠਾਂ ਮਾਰਦੇ ਇਕੱਠ ਨੂੰ ਸੰਬੋਧਤ ਕਰਦਿਆਂ ਕੀਤਾ। ਸ। ਗੜ੍ਹੀ ਨੇ ਕਿਹਾ ਕਿ ਕਾਂਗਰਸ ਦਾ ਦਿਮਾਗ ਖਰਾਬ ਹੋ ਗਿਆ ਹੈ ਅਤੇ ਉਸਦਾ ਕਾਰਣ ਪਿਛਲੇ ਢਾਈ ਸਾਲਾਂ ਤੋਂ ਬਸਪਾ ਨੇ ਜਿਹੜਾ ਕਾਂਗਰਸ ਦੀ ਧੌਣ ਤੇ ਗੋਡਾ ਰੱਖਿਆ ਹੈ ਉਹ ਹੀ ਹੈ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਨੂੰ ਸ੍ਰੀ ਆਨੰਦਪੁਰ ਸਾਹਿਬ ਅਤੇ ਸ੍ਰੀ ਚਮਕੌਰ ਸਾਹਿਬ ਸੀਟ ਮਿਲਣ ਤੇ ਕਾਂਗਰਸੀਆਂ ਨੇ ਬਸਪਾ ਨੂੰ ਗਾਲੀ ਗਲੋਚ ਕੀਤੀ, ਕਾਂਗਰਸ ਦੇ ਸਾਬਕਾ ਐਮ।ਐਲ।ਏ ਅਜੀਤ ਇੰਦਰ ਸਿੰਘ ਮੋਫਰ ਨੇ ਤਾਂ ਹੱਦ ਹੀ ਟੱਪ ਦਿੱਤੀ ਅਤੇ ਦੋ ਵੱਡੀਆਂ ਜਾਤਾਂ ਦੇ ਨਾਮ ਲੈ ਕੇ ਗਾਲੀ ਗਲੋਚ ਕਰ ਰਿਹੈ, ਸਿੱਧੀਆਂ ਗਾਲ੍ਹਾਂ ਕੱਢ ਰਿਹਾ। ਉਨ੍ਹਾਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਇਹ ਕਹਿੰਦੀ ਹੈ ਕਿ ਆਜ਼ਾਦੀ ਦੇ 74 ਸਾਲਾਂ ਵਿੱਚ ਕਾਂਗਰਸ ਨੂੰ ਐਸ।ਸੀ ਕਿਉਂ ਨਹੀਂ ਯਾਦ ਆਇਆ ? ਹੁਣ ਕਾਂਗਰਸ ਨੂੰ ਇਸ ਕਰਕੇ ਯਾਦ ਆਇਆ ਕਿਉਂਕਿ ਬਸਪਾ-ਅਕਾਲੀ ਦਲ ਦਾ ਗੱਠਜੋੜ ਚੰਡੀਗੜ੍ਹ ਦੇ ਤਖਤ ਵੱਲ ਨੂੰ ਚੰਘਾੜਾਂ ਮਾਰਦਾ ਵਧ ਰਿਹਾ ਹੈ। ਸ। ਗੜ੍ਹੀ ਨੇ ਕਿਹਾ ਕਿ ਬਸਪਾ ਜਿਵੇਂ ਜਿਵੇਂ ਅੱਗੇ ਵਧੀ ਕਾਂਗਰਸ ਦੇ ਨਾਲ-ਨਾਲ ਕੇਜਰੀਵਾਲ ਵੀ ਚੀਕਾਂ ਮਾਰਨ ਲੱਗ ਪਿਆ। ਕੇਜਰੀਵਾਲ ਨੂੰ ਸ਼ਬਦੀ ਹਮਲੇ ਵਿੱਚ ਠੋਕਦੇ ਹੋਏ ਸ। ਗੜ੍ਹੀ ਨੇ ਕਿਹਾ ਕਿ 'ਬਾਬਾ ਸਾਹਿਬ ਤੇਰਾ ਮਿਸ਼ਨ ਅਧੂਰਾ, ਮਾਨਿਅਵਰ ਸਾਹਿਬ ਕਾਂਸ਼ੀ ਰਾਮ ਜੀ ਕਰਨਗੇ ਪੂਰਾ' ਪਰ ਕੇਜਰੀਵਾਲ ਉਥੇ ਆਪਣੀ ਟੋਪੀ ਲਾ ਕੇ ਘਰ-ਘਰ ਕਲੰਡਰ ਵੰਡਣ ਲੱਗਿਆ ਹੈ। ਸ ਗੜ੍ਹੀ ਨੇ ਕਿਹਾ ਕਿ ਭੈਣ ਕੁਮਾਰੀ ਮਾਇਆਵਤੀ ਜੀ ਨੇ 25 ਫੀਸਦੀ ਟੈਂਡਰ ਐਸਸੀ, 25 ਫੀਸਦੀ ਪੱਛੜਿਆਂ ਅਤੇ ਬਾਕੀ 50 ਫੀਸਦੀ ਜਨਰਲ ਭਾਈਚਾਰੇ ਨੂੰ ਦਿੱਤੇ ਤੇ ਕੇਜਰੀਵਾਲ ਇਹ ਪਹਿਲਾਂ ਪੂਰਾ ਕਰਕੇ ਦਿਖਾਵੇ।

ਇਸ ਮੌਕੇ ਬਸਪਾ ਪੰਜਾਬ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਆਪਣੇ ਸੰਬੋਧਨ ਵਿੱਚ ਬੋਲਦਿਆਂ ਕਿਹਾ ਕਿ ਕਾਂਗਰਸ ਨੇ ਪੰਜਾਬ ਦੇ ਵਿੱਚ ਐਸ।ਸੀ ਮੁੱਖ ਮੰਤਰੀ ਤਾਂ ਲਾ ਦਿੱਤਾ ਪਰ ਉਸਨੂੰ ਪਾਵਰ ਕੋਈ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਚੰਨੀ ਸਿਰਫ ਰਬੜ ਦੀ ਮੁਹਰ ਹੈ ਅਤੇ ਚੰਨੀ ਕੋਲ ਕੋਈ ਪਾਵਰ ਨਹੀਂ ਇਸ ਗੱਲ ਦਾ ਪ੍ਰਮਾਣ ਇਸੇ ਤੋਂ ਮਿਲ ਜਾਂਦਾ ਹੈ ਕਿ ਚੰਨੀ ਆਪਣੀ ਮਰਜ਼ੀ ਦੇ ਨਾਲ ਚਪੜਾਸੀ ਵੀ ਨਹੀਂ ਲਾ ਸਕਦਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਰਬੜ ਦੀ ਮੋਹਰ ਵਾਲਾ ਮੁੱਖ ਮੰਤਰੀ ਨਹੀਂ ਚਾਹੀਦਾ ਸਗੋਂ ਪੰਜਾਬ ਦੇ ਐਸ।ਸੀ ਵਰਗ ਨੂੰ ਉਨ੍ਹਾਂ ਦੇ ਹੱਕ ਵਿੱਚ ਠੋਕ ਵਜਾ ਕੇ ਫੈਸਲੇ ਲੈਣ ਵਾਲਾ ਸੁਖਬੀਰ ਸਿੰਘ ਬਾਦਲ ਵਰਗਾ ਨਿਧੜਕ ਮੁੱਖ ਮੰਤਰੀ ਚਾਹੀਦਾ ਹੈ।

ਰੈਲੀ ਦੇ ਆਖਿਰ ਵਿੱਚ ਬੋਲਦਿਆਂ ਸ੍ਰੋਮਣੀ ਅਕਾਲੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਜਿੱਥੇ ਕਾਂਗਰਸ ਤੇ ਨਿਸ਼ਾਨੇ ਸਾਧੇ ਉਥੇ ਹੀ ਉਨ੍ਹਾਂ ਆਮ ਆਦਮੀ ਪਾਰਟੀ ਤੇ ਵੀ ਸ਼ਬਦੀ ਹਮਲੇ ਕੀਤੇ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਐਲਾਨ ਕੀਤਾ ਕਿ ਸੱਤਾ ਵਿਚ ਆਉਣ 'ਤੇ ਅਕਾਲੀ ਦਲ ਤੇ ਬਸਪਾ ਗਠਜੋੜ 2022 ਵਿਚ ਕਾਂਸ਼ੀ ਰਾਮ ਪੇਂਡੂ ਵਿਕਾਸ ਸਕੀਮ ਲਾਗੂ ਕਰੇਗਾ ਜਿਸ ਤਹਿਤ 50 ਫੀਸਦੀ ਐਸ ਸੀ ਆਬਾਦੀ ਵਾਲੇ ਪਿੰਡਾਂ ਨੂੰ 50 ਲੱਖ ਰੁਪਏ ਦੀ ਵਿਸ਼ੇਸ਼ ਗਰਾਂਟ ਵਿਕਾਸ ਕਾਰਜਾਂ ਲਈ ਦਿੱਤੀ ਜਾਵੇਗੀ। ਅਕਾਲੀ ਦਲ ਦੇ ਪ੍ਰਧਾਨ, ਜੋ ਬਾਬੂ ਕਾਂਸ਼ੀ ਰਾਮ ਦੀ 15ਵੀਂ ਬਰਸੀ ਨੂੰ ਸਮਰਪਿਤ ਵਿਸ਼ਾਲ ਰੈਲੀ ਨੂੰ ਸੰਬੋਧਨ ਕਰ ਰਹੇ ਸਨ, ਨੇ ਕਿਹਾ ਕਿ ਇਹ ਸਕੀਮ ਐਸ ਸੀ ਆਬਾਦੀ ਲਈ ਬਹੁਤ ਲਾਭਕਾਰੀ ਹੋਵੇਗੀ ਕਿਉਂਕਿ ਵਿਸ਼ੇਸ਼ ਗਰਾਂਟ ਦੀ ਬਦੌਲਤ ਜਲ ਸਪਲਾਈ ਤੇ ਡਰੇਨੇਜ ਪ੍ਰਾਜੈਕਟਾਂ ਵਿਚ ਤੇਜ਼ੀ ਆਵੇਗੀ ਤੇ ਪਿੰਡਾਂ ਵਿਚ ਸਟ੍ਰੀਟ ਲਾਈਟਾਂ ਲੱਗ ਸਕਣਗੀਆਂ ਤੇ ਫੁੱਟਪਾਥ ਵੀ ਬਣ ਸਕਣਗੇ। ਉਹਨਾਂ ਕਿਹਾ ਕਿ ਇਹ ਇਹਨਾ ਪਿੰਡਾਂ ਨੂੰ ਮਾਡਲ ਪਿੰਡਾਂ ਵਿਚ ਤਬਦੀਲ ਕਰਨ ਦੀ ਇਕ ਸ਼ੁਰੂਆਤ ਹੋਵੇਗੀ। ਸਰਦਾਰ ਸੁਖਬੀਰ ਸਿੰਘ ਬਾਦਲ ਨੇ ਇਹ ਵੀ ਐਲਾਨ ਕੀਤਾ ਕਿ ਅਕਾਲੀ ਦਲ ਤੇ ਬਸਪਾ ਗਠਜੋੜ ਜ਼ਿਲ੍ਹਾ ਪੱਧਰ 'ਤੇ ਮੈਡੀਕਲ ਕਾਲਜ ਬਣਾਉਣ ਲਈ ਦ੍ਰਿੜ੍ਹ ਸੰਕਲਪ ਹੈ ਅਤੇ ਬਾਬੂ ਕਾਂਸ਼ੀ ਰਾਮ ਦੇ ਨਾਂ 'ਤੇ ਮਲਟੀ ਸਪੈਸ਼ਲਟੀ ਹਸਪਤਾਲ ਬਣਾਇਆ ਜਾਵੇਗਾ ਤੇ ਦੋਆਬਾ ਵਿਚ ਡਾ। ਬੀ ਆਰ ਅੰਬੇਡਕਰ ਦੇ ਨਾਂ 'ਤੇ ਇਕ ਯੂਨੀਵਰਸਿਟੀ ਸਥਾਪਿਤ ਕੀਤੀ ਜਾਵੇਗੀ। ਉਹਨਾਂ ਕਿਹਾ ਕਿ ਅਸੀਂ ਐਸ ਸੀ ਤੇ ਪੱਛੜੀਆਂ ਸ਼੍ਰੇਣੀਆਂ ਦੇ ਕਮਜ਼ੋਰ ਵਰਗਾਂ ਲਈ 5-5 ਲੱਖ ਘਰ ਬਣਾ ਕੇ ਦੇਣ ਲਈ ਵੀ ਵਚਨਬੱਧ ਹਾਂ। ਉਹਨਾਂ ਕਿਹਾ ਕਿ ਹਰ ਸਾਲ ਦੋਵਾਂ ਭਾਈਚਾਰਿਆਂ ਦੇ ਮੈਂਬਰਾਂ ਨੂੰ ਇਕ ਇਕ ਲੱਖ ਘਰ ਬਣਾ ਕੇ ਦਿੱਤੇ ਜਾਇਆ ਕਰਨਗੇ। ਉਹਨਾਂ ਕਿਹਾ ਕਿ ਅਸੀਂ ਐਸ ਸੀ ਤੇ ਬੀ ਸੀ ਵਰਗ ਨੂੰ ਦੋ ਵਿਭਾਗਾਂ ਵਿਚ ਵੰਡ ਕੇ ਯਕੀਨੀ ਬਣਾਵਾਂਗੇ ਕਿ ਐਸ ਸੀ ਤੇ ਬੀ ਸੀ ਵਰਗ ਦਾ ਵਿਕਾਸ ਯਕੀਨੀ ਬਣਾਇਆ ਜਾ ਸਕੇ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦਾ ਜੇਕਰ ਕੋਈ ਭਲਾ ਕਰ ਸਕਦਾ ਹੈ ਤਾਂ ਉਹ ਸਿਰਫ ਤੇ ਸਿਰਫ ਅਕਾਲੀ-ਬਸਪਾ ਗੱਠਜੋੜ ਦੀ ਸਰਕਾਰ ਹੀ ਕਰ ਸਕਦੀ ਹੈ। ਉਨ੍ਹਾਂ ਕੇਂਦਰ ਸਰਕਾਰ ਤੋਂ ਕਿਸਾਨੀ ਮਸਲੇ ਦਾ ਹੱਲ ਕਰਨ ਅਤੇ ਅੰਦੋਲਨ ਤੇ ਬੈਠੇ ਕਿਸਾਨਾਂ ਨਾਲ ਗੱਲਬਾਤ ਕਰਨ ਦੀ ਵੀ ਅਪੀਲ ਕੀਤੀ ਹੈ।

ਇਸ ਤੋਂ ਪਹਿਲਾਂ ਸਰਦਾਰ ਬਾਦਲ ਨੇ ਬਾਬੂ ਕਾਂਸ਼ੀ ਰਾਮ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਬਹੁਜਨ ਆਗੂ ਨੇ ਦੇਸ਼ ਭਰ ਵਿਚ ਸਮਾਜ ਦੇ ਦਬੇ ਕੁਚਲੇ ਲੋਕਾਂ ਵਿਚ ਜਾਗਰੂਕਤਾ ਲਿਆਂਦੀ। ਉਹਨਾਂ ਕਿਹਾ ਕਿ 1996 ਵਿਚ ਅਕਾਲੀ ਦਲ ਦਾ ਬਸਪਾ ਨਾਲ ਗਠਜੋੜ ਹੋਇਆ ਸੀ ਤੇ ਇਸਨੇ ਪੰਜਾਬ ਵਿਚ 13 ਵਿਚੋਂ 11 ਲੋਕ ਸਭਾ ਸੀਟਾਂ ਜਿੱਤ ਕੇ ਹੂੰਝਾ ਫੇਰ ਜਿੱਤ ਹਾਸਲ ਕੀਤੀ ਸੀ। ਉਹਨਾਂ ਕਿਹਾ ਕਿ ਹੁਣ ਇਕ ਵਾਰ ਫਿਰ ਤੋਂ 2022 ਵਿਚ ਇਹ ਇਤਿਹਾਸ ਦੁਹਰਾਉਣ ਦਾ ਸਬੱਬ ਬਣ ਗਿਆ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਾਬਕਾ ਮੰਤਰੀ ਡਾ। ਦਲਜੀਤ ਸਿੰਘ ਚੀਮਾ, ਸਾਬਕਾ ਮੰਤਰੀ ਸੋਹਣ ਸਿੰਘ ਠੰਡਲ, ਵਿਧਾਇਕ ਗੁਰਪ੍ਰਤਾਪ ਸਿੰਘ ਵਡਾਲਾ, ਵਿਧਾਇਕ ਪਵਨ ਕੁਮਾਰ ਟੀਨੂੰ, ਵਿਧਾਇਕ ਡਾ। ਸੁਖਵਿੰਦਰ ਕੁਮਾਰ ਸੁੱਖੀ, ਵਿਧਾਇਕ ਬਲਦੇਵ ਸਿੰਘ ਖਹਿਰਾ, ਬਸਪਾ ਦੇ ਜਨਰਲ ਸਕੱਤਰ ਅਤੇ ਨਵਾਂਸ਼ਹਿਰ ਦੇ ਹਲਕਾ ਇੰਚਾਰਜ ਡਾ। ਨਛੱਤਰ ਪਾਲ, ਬਸਪਾ ਦੇ ਜਨਰਲ ਸਕੱਤਰ ਅਜੀਤ ਸਿੰਘ ਭੈਣੀ, ਬਸਪਾ ਦੇ ਜਨਰਲ ਸਕੱਤਰ ਗੁਰਲਾਲ ਸੈਲਾ, ਬਸਪਾ ਦੇ ਕਰਤਾਰਪੁਰ ਦੇ ਹਲਕਾ ਇੰਚਾਰਜ ਬਲਵਿੰਦਰ ਕੁਮਾਰ, ਹੁਸ਼ਿਆਰਪੁਰ ਦੇ ਹਲਕਾ ਇੰਚਾਰਜ ਵਰਿੰਦਰ ਪਰਹਾਰ, ਸ਼ਾਮ ਚੁਰਾਸੀ ਦੇ ਹਲਕਾ ਇੰਚਾਰਜ ਇੰਜੀਨੀਅਰ ਮਹਿੰਦਰ ਸਿੰਘ, ਟਾਂਡਾ ਤੋਂ ਹਲਕਾ ਇੰਚਾਰਜ ਲਖਵਿੰਦਰ ਸਿੰਘ ਲੱਖੀ ਗਿਲਜੀਆਂ, ਦਸੂਹਾ ਤੋਂ ਹਲਕਾ ਇੰਚਾਰਜ ਸੁਸ਼ੀਲ ਕੁਮਾਰ ਪਿੰਕੀ ਸ਼ਰਮਾ, ਜਲੰਧਰ ਵੈਸਟ ਤੋਂ ਹਲਕਾ ਇੰਚਾਰਜ ਅਨਿਲ ਕੁਮਾਰ ਡੀਐਮ, ਬੱਸੀ ਪਠਾਣਾ ਤੋਂ ਬਸਪਾ ਦੇ ਹਲਕਾ ਇੰਚਾਰਜ ਐਡਵੋਕੇਟ ਸ਼ਿਵ ਕਲਿਆਣ, ਅਕਾਲੀ ਆਗੂ ਗੁਰਬਚਨ ਸਿੰਘ ਬੱਬੇਹਾਲੀ, ਸਾਬਕਾ ਵਿਧਾਇਕ ਜਗਬੀਰ ਸਿੰਘ ਬਰਾੜ, ਸਾਬਕਾ ਮੈਂਬਰ ਪਾਰਲੀਮੈਂਟ ਵਰਿੰਦਰ ਸਿੰਘ ਬਾਜਵਾ, ਚੰਦਨ ਗਰੇਵਾਲ, ਸੇਠ ਸੱਤਪਾਲ ਮੱਲ, ਜਰਨੈਲ ਸਿੰਘ ਵਾਹਦ, ਐਸਜੀਪੀਸੀ ਮੈਂਬਰ ਸਰਵਣ ਸਿੰਘ ਕੁਲਾਰ, ਗੁਰਬਖਸ਼ ਸਿੰਘ ਸ਼ੇਰਗਿੱਲ ਤੋਂ ਇਲਾਵਾ ਹੋਰ ਵੱਡੇ ਆਗੂ ਹਾਜ਼ਰ ਰਹੇ।

ਰੈਲੀ ਮੌਕੇ ਬੀਬਾ ਮਨਜੀਤ ਮਨੀ, ਬਲਵਿੰਦਰ ਬਿੱਟੂ ਅਤੇ ਹੋਰ ਮਿਸ਼ਨਰੀ ਕਲਾਕਾਰਾਂ ਨੇ ਵੀ ਬਾਬਾ ਸਾਹਿਬ ਦੀ ਜੀਵਨੀ ਤੇ ਆਧਾਰਿਤ ਗੀਤ ਪੇਸ਼ ਕੀਤੇ।

# ਜੰਮੂ ਕਸ਼ਮੀਰ 'ਚ ਅੱਤਵਾਦੀਆਂ ਨਾਲ ਹੋਏ ਮੁਕਾਬਲੇ ਦੌਰਾਨ ਥਾਣਾ ਭੁਲੱਥ ਦੇ ਪਿੰਡ ਮਾਨਾਂ ਤਲਵੰਡੀ ਦਾ ਜਵਾਨ ਸ਼ਹੀਦ

**ਭੁਲੱਥ, 11 ਅਕਤੂਬਰ (ਅਜੈ ਗੋਗਨਾ)** ਬੀਤੇਂ ਦਿਨ ਜੰਮੂ ਕਸ਼ਮੀਰ ਵਿੱਚ ਅੱਤਵਾ-ਦੀਆਂ ਨਾਲ ਹੋਏ ਮੁਕਾਬਲੇ ਦੌਰਾਨ ਭੁਲੱਥ ਦੇ ਨਜ਼ਦੀਕੀ ਪਿੰਡ ਮਾਨਾਂ ਤਲਵੰਡੀ ਦਾ ਨਾਇਕ ਸੂਬੇਦਾਰ ਜਸਵਿੰਦਰ ਸਿੰਘ ਉਮਰ (39) ਸਾਲ ਪੁੱਤਰ ਹਰਭਜਨ ਸਿੰਘ ਪਿੰਡ ਮਾਨਾਂ ਤਲਵੰਡੀ ਥਾਣਾ ਭੁਲੱਥ ਜਿਲ੍ਹਾ ਕਪੂਰਥਲਾ, ਜੰਮੂ ਕਸ਼ਮੀਰ ਵਿਚ ਅੱਤਵਾਦੀਆਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਉਕਤ ਜਵਾਨ, ਘਰ ਵਿਚ ਦੋ ਭਰਾ ਹਨ, ਪਿਤਾ ਦੀ ਮੌਤ ਹੋ ਚੁੱਕੀ ਹੈ। ਉਹ ਵੀ ਫੌਜ ਵਿਚੋਂ ਬਤੌਰ ਕੈਪਟਨ ਰਿਟਾਇਰ ਹੋਏ ਸਨ। ਵੱਡੇ ਭਰਾ ਰਜਿੰਦਰ ਸਿੰਘ ਵੀ ਸਾਬਕਾ ਫੌਜੀ ਹਨ। ਨਾਇਕ ਸੂਬੇਦਾਰ ਜਸਵਿੰਦਰ ਸਿੰਘ ਸ਼ਾਦੀ ਸੁਦਾ ਹੈ। ਉਸਦੀ ਪਤਨੀ ਸੁਖਪ੍ਰੀਤ ਕੌਰ ਅਤੇ ਉਹ ਦੋ ਬੱਚਿਆ ਜਿੰਨਾ ਚ' ਇੱਕ ਬੇਟਾ ਇੱਕ ਬੇਟੀ ਹੈ ਦਾ ਬਾਪ ਸੀ।




ਅਤੇ ਉਸ ਦੀ ਮਾਤਾ ਮਨਜੀਤ ਕੌਰ ਵੀ ਸਹੀਦ ਜਸਵਿੰਦਰ ਸਿੰਘ ਦੇ ਨਾਲ ਹੀ ਰਹਿੰਦੇ ਹਨ। ਇਸ ਪਰਿਵਾਰ ਦਾ ਪਿੰਡ ਵਿੱਚ ਬਹੁਤ ਹੀ ਚੰਗਾ ਮੇਲ ਮਿਲਾਪ ਹੈ। ਅਤੇ ਖੇਤੀ ਦਾ ਧੰਦਾ ਸਧਾਰਨ ਹੋਣ ਕਰਕੇ ਅਤੇ ਪਿਤਾ ਦੇ ਫੌਜੀ ਹੋਣ ਕਰਕੇ ਜਸਵਿੰਦਰ ਵੀ ਫੌਜ ਵਿਚ ਭਰਤੀ ਹੋ ਗਿਆ ਸੀ। ਪਿੰਡ ਵਾਸੀਆਂ ਅਨੁਸਾਰ ਉਹ ਬਹੁਤ ਹੀ ਸਾਊ ਸਭਾਅ ਵਾਲਾ ਵਿਅਕਤੀ ਸੀ।ਅਤੇ ਬਹੁਤ ਮਿਲਣਸਾਰ ਸੀ ਇਸ ਪਰਿਵਾਰ ਅੰਦਰ ਦੇਸ਼ ਭਗਤੀ ਦਾ ਜਜਬਾ ਉਹਨਾ ਦੇ ਅੰਦਰ ਕੁੱਟ ਕੁੱਟ ਕੇ ਭਰਿਆ ਹੋਇਆ ਸੀ।

ਅਤੇ ਪਿੰਡ ਫੇਰੀ ਦੌਰਾਨ ਉਹ ਅਕਸਰ ਆਪਣੇ ਦੇਸ਼ ਦੀ ਸੇਵਾ ਦੀਆਂ ਗੱਲਾਂ ਕਰਦਾ ਰਹਿੰਦਾ ਸੀ। ਉਸਦੀ ਸ਼ਹੀਦੀ ਦੀ ਖਬਰ ਸੁਣਦਿਆਂ ਹੀ ਪਿੰਡ ਤੋ ਇਲਾਵਾ ਭੁਲੱਥ ਇਲਾਕੇ ਵਿਚ ਸ਼ੋਕ ਦੀ ਲਹਿਰ ਦੌੜ ਗਈ।

# ਲਖੀਮਪੁਰ ਖੀਰੀ ਘਟਨਾ ਦੇ ਸਬੰਧ 'ਚ ਪੰਜਾਬੀ ਮੂਲ ਦੇ ਵਿਦੇਸ਼ੀ ਸਾਂਸਦਾਂ ਨੇ ਕੀਤਾ ਦੁੱਖ ਪ੍ਰਗਟ

**ਕੈਨੇਡਾ/ ਯੂਕੇ (ਨੀਟਾ ਮਾਛੀਕੇ / ਕੁਲਵੰਤ ਧਾਲੀਆਂ)**– ਲਖੀਮਪੁਰ ਖੀਰੀ ਵਿੱਚ ਕਿਸਾਨਾਂ ਨਾਲ ਹੋਏ ਹਾਦਸੇ ਦੀ ਜਿੱਥੇ ਦੇਸ ਭਰ ਵਿੱਚ ਨਿੰਦਿਆ ਹੋ ਰਹੀ ਹੈ, ਉੱਥੇ ਹੀ ਇਸ ਘਟਨਾ ਦੀ ਚਰਚਾ ਵਿਦੇਸ਼ਾਂ ਵਿੱਚ ਵੀ ਹੋ ਰਹੀ ਹੈ। ਇਸ ਸਬੰਧੀ ਕੈਨੇਡਾ ਅਤੇ ਯੂਕੇ ਦੇ ਪੰਜਾਬੀ ਮੂਲ ਦੇ ਸੰਸਦ ਮੈਂਬਰਾਂ ਨੇ ਲਖੀਮਪੁਰ ਖੀਰੀ ਵਿਚ ਵਾਪਰੀ ਹਿੰਸਾ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਕੈਨੇਡਾ ਦੇ ਪੰਜਾਬੀ ਮੂਲ ਦੇ ਸੰਸਦ ਮੈਂਬਰਾਂ ਮਨਿੰਦਰ ਸਿੱਧੂ, ਰਚਨਾ ਸਿੰਘ, ਰਣਦੀਪ ਐੱਸ. ਸਹਾਏ, ਸੋਨੀਆ ਸਿੱਧੂ&; ਅਤੇ ਇਕਵਿੰਦਰ ਸਿੰਘ ਗਹੀਰ ਆਦਿ ਨੇ ਲਖੀਮਪੁਰ ਵਿੱਚ ਵਾਪਰੀ ਘਟਨਾ ਦੀ ਨਿੰਦਾ ਕਰਦਿਆਂ, ਜਲਦੀ ਨਿਆਂ ਦੀ ਮੰਗ ਕੀਤੀ। ਇਸ ਦੇ ਇਲਾਵਾ ਯੂਕੇ ਵਿੱਚ ਵੀ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਨੇ ਦੁੱਖ ਪ੍ਰਗਟ ਕਰਦਿਆਂ ਇਸ ਘਟਨਾ ਦੀ ਨਿੰਦਾ ਕੀਤੀ ਹੈ। ਕੈਨੇਡੀਅਨ ਅਤੇ ਯੂਕੇ ਦੇ ਸੰਸਦ ਮੈਂਬਰਾਂ ਨੇ ਸੋਸ਼ਲ ਮੀਡੀਆ ਰਾਹੀਂ ਕਿਸਾਨਾਂ ਪ੍ਰਤੀ ਆਪਣੀ ਹਮਦਰਦੀ, ਉਹਨਾਂ ਲਈ ਨਿਆਂ ਦੀ ਮੰਗ ਕੀਤੀ। ਲਖੀਮਪੁਰ ਖੀਰੀ ਵਿਚ ਮਾਰੇ ਗਏ ਕਿਸਾਨਾਂ ਅਤੇ ਪੱਤਰਕਾਰਾਂ ਦੇ ਪਰਿਵਾਰਾਂ ਲਈ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ 50-50 ਲੱਖ ਰੁਪਏ ਦੇਣ ਦਾ ਐਲਾਨ ਕੀਤਾ।ਪੰਜਾਬ ਸਰਕਾਰ ਵੱਲੋਂ ਇਹ ਰਾਸ਼ੀ ਮ੍ਰਿਤਕਾਂ ਦੇ ਪਰਿਵਾਰਾਂ ਨੂੰ ਦਿੱਤੀ ਜਾਵੇਗੀ। ਦੂਜੇ ਪਾਸੇ ਛੱਤੀਸਗੜ੍ਹ ਸਰਕਾਰ ਵੱਲੋਂ ਵੀ 50 ਲੱਖ ਰੁਪਏ ਦੇਣ ਦਾ ਐਲਾਨ ਕੀਤਾ ਗਿਆ।




# ਨਾਸਾ ਦੇ ਰੋਵਰ ਨੇ ਮੰਗਲ 'ਤੇ ਪਾਣੀ ਦੇ ਇਤਿਹਾਸ ਤੋਂ ਚੁੱਕਿਆ ਪਰਦਾ

**ਵਾਸ਼ਿੰਗਟਨ (ਬਿਊਰੋ)**–ਮੰਗਲ ਗ੍ਰਹਿ ਦੇ ਜੇਜੇਰੋ ਕ੍ਰੇਟਰ (ਮਹਾਖੱਡ) ਦਾ ਚੱਕਰ ਲਗਾ ਰਹੇ ਅਮਰੀਕੀ ਪੁਲਾੜ ਏਜੰਸੀ ਨਾਸਾ ਦੇ ਪਰਸਿਵਰੇਂਸ ਰੋਵਰ ਨੇ ਨਵੀਂ ਜਾਣਕਾਰੀ ਸਾਂਝੀ ਕੀਤੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਕਿਸੇ ਸਮੇਂ ਲਾਲ ਗ੍ਰਹਿ 'ਤੇ ਘੱਟ ਗਿਣਤੀ 'ਚ ਪਾਣੀ ਹੁੰਦਾ ਸੀ। ਪਰਸਿਵਰੇਂਸ ਰੋਵਰ ਪਿਛਲੇ ਸਾਲ 30 ਜੁਲਾਈ ਨੂੰ ਲਾਂਚ ਕੀਤਾ ਗਿਆ ਸੀ ਤੇ ਉਹ 203 ਦਿਨਾਂ 'ਚ 47.2 ਕਰੋੜ ਕਿਲੋਮੀਟਰ ਦੀ ਯਾਤਰਾ ਕਰਨ ਤੋਂ ਬਾਅਦ ਇਸ ਸਾਲ 18 ਫਰਵਰੀ ਨੂੰ ਲਾਲ ਗ੍ਰਹਿ 'ਤੇ ਉਤਰਿਆ ਸੀ। ਨਾਸਾ ਦੇ ਪਰਸਿਵਰੇਂਸ ਨੇ ਜੇਜੇਰੋ ਕ੍ਰੇਟਰ ਦੀ ਸਤ੍ਹਾ ਬਾਰੇ ਖੋਜ ਕੀਤੀ, ਜਿਹੜੀ ਕਦੀ ਝੀਲ ਸੀ। ਇਸ ਤੋਂ ਇਲਾਵਾ ਉਸ ਨੇ ਕ੍ਰੇਟਰ ਦੇ ਕਿਨਾਰੇ 'ਤੇ ਸਥਿਤ ਇਕ ਸੁੱਕੀ ਹੋਈ ਨਦੀ ਦੇ ਡੈਲਟਾ ਬਾਰੇ ਵੀ ਜਾਣਕਾਰੀ ਇਕੱਠੀ ਕੀਤੀ। ਇਸ ਛੇ ਪਹੀਆਂ ਵਾਲੇ ਰੋਵਰ ਵੱਲੋਂ ਭੇਜੀਆਂ ਗਈਆਂ ਤਸਵੀਰਾਂ



ਦੇ ਆਧਾਰ 'ਤੇ ਵਿਗਿਆਨੀਆਂ ਦੀ ਟੀਮ ਨੇ ਮਸ਼ਹੂਰ ਪੱਤ੍ਰਿਕਾ ਸਾਇੰਸ 'ਚ ਪਹਿਲਾ ਵਿਗਿਆਨੀ ਨਤੀਜਾ ਪ੍ਰਕਾਸ਼ਿਤ ਕੀਤਾ ਹੈ। ਤਸਵੀਰਾਂ ਤੋਂ ਪਤਾ ਲੱਗਦਾ ਹੈ ਕਿ ਅਰਬਾਂ ਸਾਲ ਪਹਿਲਾਂ ਜਦੋਂ ਮੰਗਲ ਤੇ ਵਾਤਾਵਰਨ ਉਸ ਦੀ ਸਤ੍ਹਾ 'ਤੇ ਪਾਣੀ ਦੇ ਵਹਾਅ ਲਈ ਅਨੁਕੂਲ ਸੀ ਉਦੋਂ ਪੱਖੇ ਦੇ ਅਕਾਰ ਵਾਲੇ ਜੇਜੇਰੋ ਡੈਲਟਾ 'ਤੇ ਹੜ੍ਹ ਆਇਆ ਸੀ। ਇਸ ਦੇ ਨਾਲ ਰੁੜ੍ਹ ਕੇ ਆਏ ਪੱਥਰ ਤੇ ਮਲਬੇ ਕਾਰਨ ਕ੍ਰੇਟਰ ਦੇ ਬਾਹਰ ਇਕ ਪਹਾੜੀ ਖੂਹ ਬਣ ਗਿਆ ਸੀ।

ਰੋਵਰ ਨੇ ਇਕ ਖੜ੍ਹੀ ਢਲਾਣ ਦੀ ਤਸਵੀਰ ਵੀ ਭੇਜੀ ਹੈ, ਜਿਸ ਨੂੰ ਡੈਲਟਾ ਦਾ ਸਕਾਰਪਮੈਂਟਸ ਜਾਂ ਸਕਾਰਪਸ ਕਿਹਾ ਜਾਂਦਾ ਹੈ। ਪ੍ਰਾਚੀਨ ਨਦੀ ਦੇ ਮੁਹਾਨੇ 'ਤੇ ਇਹ ਢਲਾਣ ਗਾਦ ਨਾਲ ਬਣੀ ਹੈ। ਇਸ ਨਦੀ ਜ਼ਰੀਏ ਹੀ ਝੀਲ 'ਚ ਪਾਣੀ ਜਾਂਦਾ ਸੀ। ਰੋਵਰ ਦੇ ਖੱਬੇ ਤੇ ਸੱਜੇ ਪਾਸੇ ਲੱਗੇ ਮਾਸਟਕੈਮ-ਜ਼ੈੱਡ ਕੈਮਰਿਆਂ ਤੇ ਇਸ ਦੇ ਰੇਮੋਟ ਮਾਈਕ੍ਰੋ ਇਮੇਜਰ (ਸੁਪਰਕੈਮ ਦਾ ਹਿੱਸਾ) ਤੋਂ ਲਈਆਂ ਗਈਆਂ ਇਹ ਵੀ ਦੱਸਦੀਆਂ ਹਨ ਕਿ ਰੋਵਰ ਕਿਨ੍ਹਾਂ ਥਾਵਾਂ ਤੋਂ ਪੱਥਰ ਤੇ ਗਾਦ ਦੇ ਨਮੂਨੇ ਲੈ ਸਕਦਾ ਹੈ। ਇਨ੍ਹਾਂ 'ਚ ਕਾਰਬਨਿਕ ਯੌਗਿਕ ਤੇ ਹੋਰ ਸਬੂਤਾਂ ਦੇ ਨਮੂਨੇ ਵੀ ਹੋ ਸਕਦੇ ਹਨ, ਜਿਹੜੇ ਇਸ ਗੱਲ ਦੇ ਸਬੂਤ ਹੋਣਗੇ ਕਿ ਕਦੀ ਮੰਗਲ 'ਤੇ ਜੀਵਨ ਸੀ। ਅਧਿਐਨ ਦੇ ਆਗੂ ਵਿਗਿਆਨੀ ਨਿਕੋਲਸ ਮੈਂਗੋਲਡ ਨੇ ਕਿਹਾ ਕਿਅਸੀਂ 1.5 ਮੀਟਰ ਤਕ ਬੋਲਡਰ ਵਾਲੇ ਸਕਾਰਪਸ 'ਚ ਵੱਖ-ਵੱਖ ਪਰਤਾਂ ਦੇਖੀਆਂ। ਇਨ੍ਹਾਂ ਪਰਤਾਂ ਦਾ ਅਰਥ ਹੈ ਕਿ ਉੱਥੇ ਕਦੀ ਮੱਠਾ ਤੇ ਘੁਮਾਅਦਾਰ ਜਲਮਾਰਗ ਰਿਹਾ ਹੋਵੇਗਾ। ਉਸੇ ਤੋਂ ਡੈਲਟਾ ਤਕ ਪਾਣੀ ਪਹੁੰਚਦਾ ਹੋਵੇਗਾ ਤੇ ਬਾਅਦ 'ਚ ਉੱਥੇ ਹੜ੍ਹ ਆ ਗਿਆ ਹੋਵੇਗਾ।


SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

ਦੇਸ਼ ਦੁਆਬਾ

# BABASAHEB DR. B.R. AMBEDKAR, BUDDHISM AND DALIT EMANCIPATION

Prem K. Chumber Editor-In-Chief:
Ambedkar Times & Desh Doaba (Newspapers)

abasaheb Dr. B. R. Ambedkar converted to Buddhism at the historic public ceremony in Nagpur on October 14, 1956. The decision to embrace Buddhism by Dr. Ambedkar was not at all a sudden attempt. It took him more than two decades (from Yeola Conference, October 13, 1935, where he took the vow that 'even though I am a Hindu born, I will not die a Hindu', to the historic Nagpur conversion ceremony, October 14, 1956, the day he embraced Buddhism with thousands of his followers) to translate his vow for conversion into reality. He decided to embrace Buddhism after thoroughly exhausting all possible ways of reforming Hinduism from within and exploring the possibility of conversion to Christianity, Sikhism, and Islam for overcoming the oppressive structures of Brahminical social order (BSO) in India. Converting to Buddhism, in fact, was a unique and meticulously calculated move. It was a unique move in the sense that though there have been many instances of individual conversions to Buddhism, the real credit for systematically organizing collective conversion to Buddhism on a mass scale in India, beyond doubt, goes to Dr. Ambedkar. The historic conversion ceremony at Nagpur assumed further importance with the publication of The Buddha and his Dhamma shortly after the demise of Babasaheb on December 6, 1956.

Dr. Ambedkar discovered in conversion to Buddhism the most desired and reliable way of overcoming the centuries-old system of social exclusion. According to Babasaheb, the central thesis of the Buddhist philosophy revolves around two major problems: the first problem was that there was suffering in the world and the second was how to remove this suffering and make mankind happy. Since caste and caste based social exclusion dehumanizes the Dalits, Babasaheb underlined the urgency of caste annihilation. It is in this context that conversion to Buddhism becomes meaningful. Another aspect that underlines the importance of conversion to Buddhism encourages strategic alliance between the nonBrahminical/Shudras/Bahujan Samaj/artisans and the Dalit/Ati Shudras sections of the Indian society and calls for their united front against the oppressive and hegemonic structures of Brahminical social order. Forging unity among the victims of the 'varna order' in turn aimed at reclaiming India on the basis of the neo-Buddhist identity. The very fact that Dr. Ambedkar founded three political parties (the Independent Labour Party, All India Scheduled Castes Federation and the Republican Party of India), and the leading role that he played in drafting the Constitution of independent India, vindicated his active involvement in the polity and society of the country even after denouncing Hinduism publicly in1935 and later on embracing Buddhism in 1956.

Babasaheb Dr. Ambedkar used to emphasize on the application of scientific approach to solve the question of caste and social exclusion. His movement also became very popular in Punjab. He visited Punjab thrice. It was during his last visit in October 27-29, 1951 that he spoke at length to his people in Punjab about his approach and ways of Dalit empowerment. He delivered speeches at Jalandhar, Ludhiana and Patiala and also addressed the students of D.A.V. College Jalandhar. Though the people of Punjab were well impressed by his great movement but they could not follow him so closely in relation to conversion to Buddhism. Late D. C. Ahir, a renowned Ambedkarite Buddhist and world reputed scholar of Buddhism, was of the opinion that due to deep faith of Scheduled Castes population of Punjab, especially of the Doaba region, in the teachings and spirituality of Saheb Shri Guru Ravidass Ji, Buddhism could not become so popular in this state. Another possible reason behind the deep popularity of the teachings of Saheb Shri Guru Ravidass in Punjab could be the concerted efforts of the great freedom fighter and founder of the Ad Dharm Mandal Babu Mangu Ram Mugowalia and the mass appeal of his famous Ad Dharm Movement. The popularity of Ad Dharm can be known from the fact that some of the scholars of late started advocating that the principles of "Ad Dharm" are also followed in Buddhism.

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-179

## ਜਜਮਾਲਿਆ ਤੇ ਧਰਮਰਾਜ



ਅਵਤਾਰ ਸਿੰਘ ਮਿਸ਼ਨਰੀ
510-432-5827

ਅਸਲ 'ਚ ਜਜਮਾਲਿਆਂ ਕੁਸ਼ਟੀ (ਕੁਕਰਮੀ) ਤੇ ਧਰਮਰਾਜ (ਅੰਦਰਲਾ ਸੱਚਰਾਜ) ਹੈ। ਦੂਜੇ ਪਾਸੇ ਪੁਰਾਤਨ ਬ੍ਰਾਹਮਣੀ ਵਿਸ਼ਵਾਸ ਹਨ ਕਿ ਮਰਨ ਉਪ੍ਰੰਤ ਕੋਈ ਧਰਮਰਾਜ ਦੀ ਕਚਿਹਰੀ ਹੈ। ਇਹ ਵੀ ਕਿਹਾ ਹੈ ਕਿ ਧਰਮ-ਰਾਜ ਦੀ ਕਚਹਿਰੀ ਵਿਚ ਨਿਰੋਲ ਸੱਚ ਦੇ ਆਧਾਰ ਤੇ ਹੀ ਜੀਵਾਂ ਦੇ ਕਰਮਾਂ ਦਾ ਨਿਬੇੜਾ ਹੁੰਦਾ ਹੈ। ਮੰਦ-ਕਰਮੀ ਚੁਣ ਕੇ ਵੱਖ ਕੀਤੇ ਜਾਂਦੇ ਤੇ ਅਜੇਹੇ ਜੀਵਾਂ ਨੂੰ ਸੁਰਗ 'ਚ ਥਾਂ ਨਹੀਂ ਮਿਲਦੀ ਅਤੇ ਉਨ੍ਹਾਂ ਦਾ ਮੂੰਹ ਕਾਲਾ ਕਰ ਕੇ ਉਨ੍ਹਾਂ ਨੂੰ ਨਰਕ 'ਚ ਧੱਕ ਦਿਤਾ ਜਾਂਦਾ ਹੈ।

ਇਸ ਤੇ ਗੁਰਮਤਿ ਦਾ ਸਿਧਾਂਤ ਪ੍ਰਗਟ ਕਰਦੇ ਗੁਰੂ ਨਾਨਕ ਪਾਤਸ਼ਾਹ ਫੁਰਮਾਂਦੇ ਹਨ ਕਿ ਧਰਮਰਾਜ, ਜਮਰਾਜ, ਸੁਰਗ-ਨਰਕ ਆਦਿ ਵਾਲੀ ਕੋਈ ਹੋਂਦ ਨਹੀਂ। ਮਰਨ ਉਪ੍ਰੰਤ ਮਨੁੱਖਾ ਜੀਵਨ ਦੇ ਕੇਵਲ ਦੋ ਹੀ ਪੱਖ ਹਨ ਕਿ ਜੋ ਜੀਵ ਕਰਤੇ ਦੀ ਸਿਫ਼ਤ ਸਲਾਹ 'ਚ ਰੰਗੇ ਰਹਿੰਦੇ ਨੇ, ਉਹ ਅਪਣੇ ਜੀਵਨ ਦੀ ਬਾਜ਼ੀ ਜਿੱਤ ਕੇ ਅੰਤ ਕਰਤੇ&;'ਚ ਹੀ ਅਭੇਦ ਹੋ ਜਾਂਦੇ ਤੇ ਮੁੜ ਜਨਮ-ਮਰਣ ਦੇ ਗੇੜ 'ਚ ਨਹੀਂ ਪੈਂਦੇ। ਦੂਜੇ ਜੀਵਨ 'ਚ ਠੱਗੀਆਂ ਆਦਿ ਕਰਨ ਵਾਲੇ ਮਨਮੁਖ, ਮਨੁੱਖਾ ਜਨਮ ਦੀ ਬਾਜ਼ੀ ਹਾਰ ਜਾਂਦੇ ਹਨ-ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥੨॥

ਜਜਮਾਲਿਆ ਲਫਜ਼ ਕੋੜ੍ਹੀ ਲਈ ਵਰਤਿਆ ਜਾਂਦ ਹੈ। ਆਮ ਤੌਰ 'ਤੇ ਕੋੜ੍ਹੀ ਨੂੰ ਕੋਈ ਨੇੜੇ ਨਹੀਂ ਲੱਗਣ ਦਿੰਦਾ ਕਿਉਂਕਿ ਉਸ ਤੋਂ ਛੂਤ ਕਾਰਣ ਰੋਗ ਲੱਗਣ ਦਾ ਡਰ ਹੁੰਦਾ ਹੈ। ਇਹ ਲਫਜ਼ ਹੁਣ ਘਟੀਆ, ਨੀਚ, ਝੂਠੇ ਲਈ ਵੀ ਵਰਤਿਆ ਜਾਣ ਲੱਗ ਪਿਆ ਹੈ। ਗੁਰਬਾਣੀ ਦਾ ਹਰ ਸ਼ਬਦ ਸਾਨੂੰ ਜੀਵਨ ਜਾਚ ਸਿਖਾਉਂਦਾ ਹੈ। ਕਈ ਵਾਰੀ ਅਸੀਂ ਸ਼ਬਦ ਦੇ ਭਾਵ ਅਰਥ ਨੂੰ ਸਮਝਦੇ ਨਹੀਂ ਹਾਂ ਕੇਵਲ ਅੱਖਰੀਂ ਅਰਥ ਤੀਕ ਹੀ ਸੀਮਤ ਰਹਿ ਜਾਂਦੇ ਹਾਂ। ਆਸਾ ਕੀ ਵਾਰ ਵਿਚਲੀ ਬਾਣੀ ਨੇ ਸਮਾਜ ਦੇ ਹਰੇਕ ਕਰਮ-ਕਾਂਡ ਦੀ ਖੁਲ੍ਹ ਕੇ ਗੱਲ ਕੀਤੀ ਹੈ। ਆਸਾ ਕੀ ਵਾਰ 'ਚ ਉਨ੍ਹਾਂ ਲੋਕਾਂ ਦਾ ਚਿਤਰ ਬਿਆਨਿਆ ਜਿਹੜੇ ਅੰਦਰ ਵੜ੍ਹ ਕੇ ਬਿਗ-ਾਨਿਆਂ ਦੀ ਬੋਲੀ ਬੋਲਦੇ ਤੇ ਉਨ੍ਹਾਂ ਦਾ ਤਿਆਰ ਕੀਤਾ ਭੋਜਨ ਖਾਂਦੇ ਨੇ ਪਰ ਜਦੋਂ ਇਹ ਆਪਣੀ ਬਰਾਦਰੀ ਵਿੱਚ ਵਿਚਰਦੇ ਆ ਤਾਂ ਉਨ੍ਹਾਂ ਨੂੰ ਧਰਮ ਦੀ ਮਰਯਾਦਾ ਸਮਝਾਉਂਦੇ ਤੇ ਮੁਸਲਮਾਨ ਭਾਈਚਾਰੇ ਨੂੰ ਮਲੇਸ਼ ਆਖਦੇ ਹਨ। ਭਾਰਤੀ ਲੋਕਾਂ ਦੀ ਤਰਾਸਦੀ ਦਾ ਪੱਖ ਦਸਦਿਆਂ ਕਿਹਾ ਹੈ ਕਿ ਇਨ੍ਹਾਂ ਨੇ ਤੇ ਆਪਣੀ ਬੋਲੀ ਦਾ ਹੀ ਤਿਆਗ ਕਰ ਦਿੱਤਾ ਹੈ। ਮਾਂ ਬੋਲੀ ਦਾ ਤਿਆਗ ਕਰਨ ਵਾਲਾ ਸਦੀਆਂ ਤੀਕ ਗੁਲਾਮ ਹੋ ਜਾਂਦਾ ਹੈ।

ਭਾਰਤੀ ਪੁਜਾਰੀ ਨੇ ਧਰਮਰਾਜ, ਨਰਕ-ਸਵਰਗ, ਚਿੱਤਰ-ਗੁਪਤ ਵਰਗੀਆਂ ਆਪਣੀਆਂ ਹੀ ਬਣਾਈਆਂ ਹੋਈਆਂ ਅਖੌਤੀ ਕਹਾਣੀਆਂ ਵਿੱਚ ਸਮਾਜ ਨੂੰ ਉਲਝਾਅ ਕੇ ਰੱਖਿਆ ਹੋਇਆ ਸੀ। ਇਹ ਮਨੌਤ ਅੱਜ ਵੀ ਓਥੇ ਹੀ ਖੜੀ ਏ ਜਿਵੇਂ-ਧਰਮਰਾਜ ਦਿਸਦਾ ਨਹੀਂ ਤੇ ਇਹ ਦੁਨੀਆਂ ਨਾਲੋਂ ਕਿਸੇ ਵੱਖਰੇ ਥਾਂ ਭਾਵ ਅਸਮਾਨ ਵਿੱਚ ਰਹਿੰਦਾ ਤੇ ਮੌਤ ਉਪ੍ਰੰਤ ਕੀਤੇ ਹੋਏ ਕਰਮਾਂ ਦੇ ਹਿਸਾਬ ਨਾਲ ਅਖੌਤੀ ਨਰਕ ਸਵਰਗ ਦਿੰਦਾ ਹੈ। ਆਓ ਧਰਮਰਾਜ ਬਾਰੇ ਆਸਾ ਕੀ ਵਾਰ ਦੀ ਇਸ ਪਉੜੀ ਦੀ ਵਿੱਚ ਸਮਝਣ ਦਾ ਯਤਨ ਕਰੀਏ-ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾ-ਲਿਆ॥ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ਲਿਖਿ ਨਾਵੈ ਧਰਮੁ ਬਹਾਲਿਆ॥੨॥ (ਮ:੧-੪੬੩)

ਗੁਰਦੇਵ ਦਰਸਾਂਦੇ ਨੇ ਕਿ ਜੀਵਾਂ ਨੂੰ ਪੈਦਾ ਕਰ ਕੇ ਪ੍ਰਭੂ ਨੇ ਧਰਮ-ਰਾਜ ਨੂੰ ਉਨ੍ਹਾਂ ਦੇ ਸਿਰ ਤੇ ਮੁਕੱਰਰ ਕੀਤਾ ਹੋਇਐ ਕਿ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਦਾ ਰਹੇ। ਧਰਮ-ਰਾਜ ਦੀ ਕਚਹਿਰੀ ਵਿੱਚ ਨਿਰੋਲ ਸੱਚ ਦੁਆਰਾ ਜੀਵਾਂ ਦੇ ਕਰਮਾਂ ਦਾ ਨਿਬੇੜਾ ਹੁੰਦੈ ਭਾਵ ਓਥੇ ਨਿਬੇੜੇ ਦਾ ਮਾਪ ਨਿਰੋਲ ਸੱਚ ਹੈ ਜਿਨ੍ਹਾਂ ਦੇ ਪੱਲੇ ਸਚ ਹੁੰਦੈ ਉਨ੍ਹਾਂ ਨੂੰ ਆਦਰ ਮਿਲਦੈ ਤੇ ਮੰਦ-ਕਰਮੀ ਜੀਵ ਚੁਣ ਕੇ ਵੱਖ ਕੀਤੇ ਜਾਂਦੇ ਹਨ। ਕੂੜ ਠੱਗੀ ਕਰਨ ਵਾਲੇ ਜੀਵਾਂ ਨੂੰ ਓਥੇ ਟਿਕਾਣਾ ਨਹੀਂ ਮਿਲਦਾ ਕਾਲਾ ਮੂੰਹ ਕਰ ਕੇ ਉਨ੍ਹਾਂ ਨੂੰ ਦੋਜ਼ਕ 'ਚ ਧੱਕਿਆ ਜਾਂਦਾ ਹੈ। ਹੇ ਪ੍ਰਭੂ! ਜੋ ਮਨੁੱਖ ਤੇਰੇ ਨਾਮ ਵਿੱਚ ਰੰਗੇ ਹੋਏ ਨੇ ਉਹ ਏਥੋਂ ਬਾਜ਼ੀ ਜਿੱਤ ਕੇ ਜਾਂਦੇ ਤੇ ਠੱਗੀ ਕਰਨ ਵਾਲੇ ਬੰਦੇ ਮਨੁੱਖਾ ਜਨਮ ਦੀ ਬਾਜ਼ੀ ਹਾਰ ਕੇ ਜਾਂਦੇ ਹਨ। ਹੇ ਪ੍ਰਭੂ! ਤੂੰ ਧਰਮ-ਰਾਜ ਨੂੰ ਜੀਵਾਂ ਦੇ ਕੀਤੇ ਕਰਮਾਂ ਦਾ ਲੇਖਾ ਲਿਖਣ ਵਾਸਤੇ ਉਨ੍ਹਾਂ 'ਤੇ ਮੁਕੱਰਰ ਕੀਤਾ ਹੋਇਆ ਹੈ।

ਨੋਟ-ਪਉੜੀ ਦਾ ਵਿਸ਼ਾ-ਵਸਤੂ ਹਮੇਸ਼ਾਂ ਅਖੀਰਲੀ ਤੁਕ ਵਿੱਚ ਹੁੰਦਾ ਤੇ ਬਾਕੀ ਪਉੜੀ ਵਿੱਚ ਇਸ ਵਿਸ਼ੇ ਦੀ ਵਿਚਾਰ ਕੀਤੀ ਹੁੰਦੀ ਹੈ। ਇਸ ਪਉੜੀ ਦਾ ਵਿਸ਼ਾ ਧਰਮਰਾਜੁ ਹੈ। ਸੰਸਕ੍ਰਿਤ ਗ੍ਰੰਥਾਂ ਵਿੱਚ ਯਮ ਅਤੇ ਧਰਮਰਾਜ ਇਕੋ ਤੇ ਇਸ ਦੀ ਉਤਪਤੀ ਸੰਗਯਾ ਦੇ ਗਰਭ ਤੋਂ ਸੂਰਯ ਦਵਾਰਾ ਲਿਖੀ ਹੈ। ਅਰ ਯਮੀ ਭੀ ਆਪਣੇ ਭਾਈ ਨਾਲ ਉਸੇ ਸਮੇਂ ਜੰਮੀ ਅਰਥਾਤ ਯਮ ਅਤੇ ਯਮੀ ਦੋਵੇਂ ਜੌੜੇ ਸਨ। ਧਰਮਰਾਜ ਦੀ ਪੁਰੀ ਦਾ ਨਾਮ ਸੰਯਮਨੀ, ਉਸ ਦੇ ਮਹਿਲ ਦਾ ਨਾਮ ਕਾਲੀਚੀ, ਉਸ ਦੇ ਸਿੰਘਾਸਣ ਦਾ ਨਾਮ ਵਿਚਾਰਭੂ ਅਤੇ ਭਾਰੀ ਰਜਿਸਟਰ ਦਾ ਨਾਮ ਜੋ ਚਿੱਤਰ-ਗੁਪਤ ਦੇ ਸਪੁਰਦ ਅਗਰਸੰਧਾਨੀ ਹੈ। (ਮਹਾਨਕੋਸ਼)

ਹੁਣ ਤੱਕ ਪ੍ਰਚਲਤੈ ਕਿ ਅਸਮਾਨ ਵਿੱਚ ਧਰਮਰਾਜ ਦਾ ਦਫਤਰ ਹੈ ਜਿੱਥੇ ਸਾਡੇ ਜੀਵਨ ਦਾ ਸਾਰਾ ਹਿਸਾਬ-ਕਿਤਾਬ ਕਰਕੇ ਰੱਖਿਆ ਹੋਇਆ ਤੇ ਉਸ ਦੇ ਚਿੱਤਰ ਤੇ ਗੁਪਤ ਦੋ ਦੂਤ ਜੋ ਸਾਰੀ ਰਿਪੋਰਟ ਧਰਮ ਰਾਜ ਨੂੰ ਦੇਂਦੇ ਤੇ ਉਸ ਮੁਤਾਬਿਕ ਸਾਨੂੰ ਨਰਕ ਜਾਂ ਸਵਰਗ ਮਿਲਦਾ ਹੈ। ਅੱਜ ਤੀਕ ਸਾਨੂੰ ਇਸੇ ਧਰਮਰਾਜ ਦੇ ਅਧੀਨ ਹੀ ਪੁਜਾਰੀ ਨੇ ਰੱਖਿਆ ਤੇ ਇਨ੍ਹਾਂ ਪੁਜਾਰੀਆਂ ਨੇ ਮਨੋਕਲਪਤ ਧਰਮਰਾਜ ਦਾ ਨਾਂ ਲੈ ਕੇ ਲੋਕਾਂ ਨੂੰ ਡਰਾਇਆ ਹੋਇਆ ਹੈ। ਅਸਲ 'ਚ ਗੁਰਬਾਣੀ ਵਾਲਾ ਧਰਮਰਾਜ ਆਪਣੇ ਕਰਤੱਵ ਦੀ ਪਾਲਣਾ ਕਰਦਾ ਕਰਤਾਰ ਹੈ। ਕਰਤਾਰ ਸਾਡੇ ਸੁਭਾਅ ਵਿੱਚੈ ਤੇ ਉਹ ਕੋਈ ਦੇਖਣ ਵਾਲੀ ਵਸਤੂ ਨਹੀਂ ਹੈ। ਧਰਮ ਦਾ ਦੂਜਾ ਅਰਥ "ਫਰਜ਼" ਕਿ ਸਾਨੂੰ ਆਪਣੇ ਫ਼ਰਜ਼ ਦੀ ਪਹਿਚਾਨ ਕਰਨੀ ਚਾਹਦੀ ਹੈ।

ਗੁਰੂ ਨਾਨਕ ਸਾਹਿਬ ਇੱਕ ਹੋਰ ਥਾਂ ਉਪਦੇਸ਼ਦੇ ਹਨ ਕਿ ਸਾਡੇ ਮਨ ਵਿੱਚ ਬੁਰਾ ਭਲਾ ਦੋ ਵਿਚਾਰ ਹਰ ਵੇਲੇ ਚਲਦੇ ਰਹਿੰਦੇ ਹਨ। ਇਨ੍ਹਾਂ ਦੇ ਅਧੀਨ ਹੋ ਕੇ ਹੀ ਅਸੀਂ ਸਾਰੇ ਕਰਮ ਕਰਦੇ ਹਾਂ। ਇਹ ਸਾਰਾ ਕੁੱਝ ਸਾਡੇ ਦਿਮਾਗ਼ ਵਿੱਚ ਉਕਰਿਆ ਜਾਂਦਾ ਹੈ। ਬਾਰ-ਬਾਰ ਅਜੇਹੇ ਕਰਮ ਕਰਨ ਨਾਲ ਸਾਡਾ ਸੁਭਾਅ ਵੀ ਓਸੇ ਤਰ੍ਹਾਂ ਦਾ ਹੋ ਜਾਂਦਾ ਹੈ। ਗੁਰੂ ਨਾਨਕ ਸਾਹਿਬ ਦਾ ਫਰਮਾਨ ਹੈ-ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ।।ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ ਤਉ ਗੁਣ ਨਾਹੀ ਅੰਤੁ ਹਰੇ।।੧।।(ਮਾਰੂ ਮ:੧-੯੯੦)

ਹੇ ਹਰੀ! ਤੇਰੇ ਗੁਣਾਂ ਦਾ ਅੰਤ ਨਹੀਂ ਪੈ ਸਕਦਾ ਤੂੰ ਅਚਰਜ ਖੇਡ ਰਚੀ ਹੈ ਕਿ ਤੇਰੀ ਕੁਦਰਤਿ ਵਿੱਚ ਜੀਵਾਂ ਦਾ ਆਚਰਨ ਮਾਨੋ, ਕਾਗ਼ਜ਼, ਮਨ ਦਵਾਤ ਅਤੇ ਉਸ ਬਣ ਰਹੇ ਆਚਰਨ-ਕਾਗ਼ਜ਼ ਉਤੇ ਮਨ ਦੇ ਸੰਸਕਾਰਾਂ ਦੀ ਸਿਆਹੀ ਨਾਲ ਚੰਗੇ-ਮੰਦੇ ਲੇਖ ਲਿਖੇ ਜਾ ਰਹੇ ਨੇ ਭਾਵ ਮਨ ਵਿੱਚ ਹੁਣ ਤਕ ਦੇ ਇਕੱਠੇ ਹੋਏ ਸੰਸਕਾਰਾਂ ਦੀ ਪ੍ਰੇਰਨਾ ਨਾਲ ਜੀਵ ਜਿਹੜੇ ਚੰਗੇ-ਮੰਦੇ ਕੰਮ ਕਰਦੇ ਨੇ ਉਹ ਕੰਮ ਆਚਰਨ-ਰੂਪ ਕਾਗ਼ਜ਼ ਉਤੇ ਨਵੇਂ ਚੰਗੇ ਮੰਦੇ ਸੰਸਕਾਰ ਉੱਕਰਦੇ ਜਾਂਦੇ ਹਨ। ਇਸ ਤਰ੍ਹਾਂ ਪਿਛਲੇ ਕੀਤੇ ਕਰਮਾਂ ਦੇ ਸੰਸਕਾਰਾਂ ਦਾ ਇਕੱਠ-ਰੂਪ ਸੁਭਾਉ ਜਿਉਂ-ਜਿਉਂ ਜੀਵਾਂ ਨੂੰ ਪ੍ਰੇਰਦੈ ਤਿਵੇਂ-ਤਿਵੇਂ ਹੀ ਉਹ ਜੀਵਨ-ਰਾਹ ਤੇ ਤੁਰ ਸਕਦੇ ਹਨ।

"ਲਿਖਿ ਨਾਵੈ ਧਰਮੁ ਬਹਾਲਿਆ" ਨੂੰ ਆਪਣੇ ਜੀਵਨ ਵਿੱਚ ਸਮਝਾਂਗੇ ਤਾਂ ਸਮਝ ਪਵੇਗੀ ਕਿ ਜਿਹੜਾ ਵੀ ਅਸੀਂ ਕਰਮ ਕਰਾਂਗੇ ਉਹ ਹੀ ਸਾਡੇ ਸੁਭਾਅ ਦਾ ਅੰਗ ਬਣਦੈ ਭਾਵ ਸਾਡੇ ਸੁਭਾਅ ਵਿੱਚ ਉਕਰਿਆ ਜਾਂਦਾ ਹੈ। ਜਦੋਂ ਦਾ ਜੀਵ ਪੈਦਾ ਹੋਇਐ ਤਾਂ ਨਾਲ ਹੀ ਧਰਮ-ਰਾਜ ਬੈਠਾ ਦਿੱਤੈ ਭਾਵ ਜੇਹਾ ਵੀ ਕਰਮ ਕਰਦੈ ਉਹੋ ਜੇਹਾ ਹੀ ਇਸ ਦਾ ਸੁਭਾਅ ਬਣਦਾ ਹੈ। ਜਿਵੇਂ ਵਿਦਿਆਰਥੀ ਨੇ ਜੋ ਪੜ੍ਹਾਈ ਕੀਤੀ ਉਸ ਮੁਤਾਬਿਕ ਹੀ ਉਸ ਦਾ ਕੈਰੀਅਰ ਬਣਦਾ ਹੈ। "ਲਿਖਿ ਨਾਵੈ ਧਰਮੁ ਬਹਾਲਿਆ" ਅਨੁਸਾਰ ਆਪਣੇ ਫ਼ਰਜ਼ ਦੀ ਪਹਿਚਾਨ ਕਰਨੀ ਹੈ। ਮਾੜੀ ਸੰਗਤ ਜਾਂ ਘਟੀਆ ਖਿਆਲਾਂ ਕਰਕੇ ਧਰਮ ਦੀ ਗੱਲ ਨੂੰ ਸਮਝਣ ਲਈ ਤਿਆਰ ਨਹੀਂ ਹੁੰਦਾ। ਬੇ-ਸ਼ੱਕ ਲੋਕਾਂ ਦੇ ਸਾਹਮਣੇ ਆਪਣੇ ਕਰਮ ਛੁਪਾ ਸਕਦੈ ਪਰ ਆਪਣੇ ਅੰਤਰ-ਆਤਮੇ ਤੋਂ ਇਹ ਨਹੀਂ ਛੁਪਾ ਸਕਦਾ ਕਿਉਂਕਿ-ਨਾਨਕ ਜੀਅ ਉਪਾਇ ਕੈ ਲਿਖਿ ਨਾਵੈ ਧਰਮੁ ਬਹਾਲਿਆ॥ ਜਦੋਂ ਦਾ ਜੀਵ ਪੈਦਾ ਹੋਇਐ ਓਦੋਂ ਦਾ ਹੀ ਇਸ ਦਾ ਹਿਸਾਬ ਕਿਤਾਬ ਨਾਲ ਦੀ ਨਾਲ ਲਿਖਿਆ ਜਾਂਦੈ ਭਾਵ ਸੱਚ ਮਨੁੱਖ ਦੇ ਹਿਰਦੇ ਵਿੱਚ ਅੰਕਤ ਤੇ ਸੱਚ ਹੀ ਮਨੁੱਖ ਨੂੰ ਜ਼ਿੰਦਗੀ ਦੀ ਸੱਚੀ ਦਿਸ਼ਾ ਦਿਖਾਲਦਾ ਹੈ। ਸਕੂਲੀ ਵਿਦਿਅਰਥੀ ਦਾ ਇੱਕ ਹੀ ਅਰਦਸ਼ੈ ਕਿ ਉਹ ਮਨ ਮਾਰ ਕੇ ਸਖਤ ਮੇਹਨਤ ਕਰੇ ਪਰ ਦੇਖਣਾ ਇਹ ਹੈ ਕਿ ਉਹ ਆਪਣੇ ਫ਼ਰਜ਼ ਦੀ ਪਹਿਚਾਨ ਕਿੰਨੀ ਕੁ ਕਰਦੈ ਜਿਸ ਵਿਦਿਆਰਥੀ ਨੇ ਧਰਮ ਨੂੰ ਸਮਝ ਲਿਆ ਉਹ ਹੀ ਮਿੱਥੇ ਨਿਸ਼ਾਨੇ 'ਤੇ ਪਹੁੰਚਦਾ ਹੈ। ਸੱਚ ਮਨੁੱਖ ਦੇ ਅੰਦਰੈ ਪਰ ਉਸ ਦੀ ਵਰਤੋਂ ਕਿੰਨੀ ਕਰਦੈ ਇਹ ਇਸ 'ਤੇ ਨਿਰਭਰ ਕਰਦਾ ਹੈ।

ਧਰਮ-ਰਾਜ ਦੇ ਸਾਹਮਣੇ ਕੇਵਲ ਸੱਚ ਦੇ ਅਧਾਰਿਤ ਹੀ ਨਿਬੇੜਾ ਹੋਣੈ ਭਾਵ ਅਸੀਂ ਆਪਣੇ ਚੰਗੇ ਜਾਂ ਮੰਦੇ ਕਰਮਾਂ ਨੂੰ ਚੰਗੀ ਤਰ੍ਹਾਂ ਸਮਝਦੇ ਹਾਂ। ਪ੍ਰਵਾਰ ਜਾਂ ਸਮਾਜ ਪਾਸੋਂ ਅਸੀਂ ਆਪਣੇ ਕਰਮ ਲੁਕਾ ਸਕਦੇ ਹਾਂ ਪਰ ਆਪਣੇ ਅੰਤਰ ਆਤਮੇ ਤੋਂ ਨਹੀਂ ਛੁਪਾ ਸਕਦੇ ਕਿਉਂਕਿ ਸਾਡਾ ਅੰਦਰਲਾ ਸਭ ਕੁੱਝ ਜਾਣਦਾ ਹੈ। ਓਥੈ ਸਚੇ ਹੀ ਸਚਿ ਨਿਬੜੈ ਚੁਣਿ ਵਖਿ ਕਢੇ ਜਜਮਾਲਿਆ॥ ਆਪਣੇ ਹਿਰਦੇ ਵਿੱਚ ਬੈਠੇ ਧਰਮਰਾਜ ਦੇ ਸਾਹਮਣੇ ਕੇਵਲ ਸੱਚ ਹੀ ਪ੍ਰਵਾਨ ਹੋਣਾ ਹੈ। ਜੇ ਸੱਚ ਦੀ ਸਮਝ ਆ ਗਈ ਤਾਂ ਫਿਰ ਓੱਥੇ ਕੂੜ ਨਹੀਂ ਰਹਿ ਸਕਦਾ-ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ।। (ਮ:੪-੩੧੪) ਜਿਸ ਨੂੰ ਸੱਚ ਦੀ ਸਮਝ ਆ ਜਾਂਦੀਐ ਉਹ ਫਿਰ ਵਿਕਾਰਾਂ ਨੂੰ ਆਪਣੇ ਨੇੜੇ ਨਹੀਂ ਢੁੱਕਣ ਦੇਂਦਾ ਤੇ ਮੰਦਿਆਂ ਵਿਚਾਰਾਂ ਨੂੰ ਦੂਰੋਂ ਹੀ ਭਜਾਈ ਰੱਖਦਾ ਹੈ।

ਟਿਕੇ ਹੋਏ ਹਿਰਦੇ ਵਿੱਚ ਧਰਮਰਾਜ (ਸੱਚਰਾਜ) ਹੁੰਦਾ ਤੇ ਸੱਚੇ ਗੁਣ ਵਿਕਾਰਾਂ ਨੂੰ ਨੇੜੇ ਨਹੀਂ ਆਉਣ ਦੇਂਦੇ ਭਾਵ ਵਿਕਾਰਾਂ ਦਾ ਮੂੰਹ ਕਾਲ਼ਾ ਕਰਕੇ "ਸੱਚ" ਓੱਥੋਂ ਕੱਢ ਦੇਂਦਾ ਹੈ। ਦੂਜੇ ਪਾਸੇ ਜਦੋਂ ਕਦੇ ਕੋਈ ਵਿਦਿਆਰਥੀ ਸਲਾਨਾ ਇਮਤਿਹਾਨ ਵਿੱਚ ਨਕਲ ਮਾਰਦਾ ਫੜਿਆ ਜਾਂਦੈ ਤਾਂ ਸਬੰਧਿਤ ਨਿਗਰਾਨ ਉਸ ਨੂੰ ਇਮਤਿਹਾਨ ਵਿਚੋਂ ਬਾਹਰ ਕੱਢ ਦਿੰਦੈ ਜੇ ਕੋਈ ਨਕਲ ਮਾਰ ਕੇ ਡਾਕਟਰੀ ਕਰ ਵੀ ਲੈਂਦੈ ਪਰ ਜਦੋਂ ਅਪ੍ਰੇਸ਼ਨ ਕਰਨਾ ਪੈ ਜਾਏ ਤਾਂ ਫਿਰ ਅਜੇਹੇ ਡਾਕਟਰ ਨੂੰ ਜੇਲ੍ਹ ਦਾ ਰਸਤਾ ਹੀ ਦਿਖਾਇਆ ਜਾਂਦੈ ਉਸ ਵੇਲੇ ਉਸ ਦਾ ਕੋਈ ਵੀ ਸਾਥ ਨਹੀਂ ਦਿੰਦਾ। ਝੂਠਾ ਬੰਦਾ ਫਿਰ ਆਪਣੇ ਜੀਵਨ ਵਿੱਚ ਹੀ ਨਰਕ ਭੋਗਦੈ-ਥਾਉ ਨ ਪਾਇਨਿ ਕੂੜਿਆਰ ਮੁਹ ਕਾਲੈ ਦੋਜਕਿ ਚਾਲਿਆ॥

ਪੁਰਾਣੇ ਸਮੇ ਪੰਚਾਇਤਾਂ ਮਾੜੀ-ਹਰਕਤ ਕਰਨ ਵਾਲੇ ਦਾ ਮੂੰਹ ਕਾਲਾ ਕਰਕੇ ਗਧੇ 'ਤੇ ਚੜ੍ਹਾ ਕੇ ਸਾਰੇ ਪਿੰਡ ਵਿੱਚ ਫੇਰਦੀਆਂ ਸਨ। ਅੱਜ ਕੱਲ੍ਹ ਕਿਹਾ ਜਾਂਦੈ ਕਿ ਪੰਚਾਇਤ ਨੇ ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈ ਲਿਆ। ਮੀਡੀਏ ਦਾ ਜ਼ਮਾਨਾ ਹੋਣ ਕਰਕੇ ਕਈ ਵਾਰੀ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਕਰਕੇ ਪੇਸ਼ ਕਰਦਾ ਹੈ। ਮੂੰਹ ਕਾਲੇ ਦਾ ਭਾਵ ਮਾੜੇ-ਕਰਮ ਕਰਨ ਵਾਲਾ ਆਪਣੇ ਅੰਤਰ-ਆਤਮੇ 'ਤੇ ਸ਼ਰਮਿੰਦਾ ਤੇ ਸਮਾਜ ਵਿੱਚ ਵੀ ਸ਼ਰਮਸਾਰ ਹੁੰਦਾ ਹੈ। ਜਿੱਤ ਹਮੇਸ਼ਾਂ ਸੱਚ ਦੀ ਹੀ ਹੁੰਦੀ ਹੈ-ਤੇਰੈ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ॥ ਇਹ ਠੀਕ ਹੈ ਸਮਾਜ ਵਿੱਚ ਠੱਗੀਆਂ ਮਾਰਨ ਵਾਲਿਆਂ ਦੇ ਘਰ ਵੱਡੇ ਤੇ ਕਾਰਾਂ ਬਹੁਤੀਆਂ ਹੋ ਸਕਦੀਆਂ ਪਰ ਉਹ ਅਸਲ ਵਿੱਚ ਜੀਵਨ ਵਿਚੋਂ ਇਖ਼ਲਾਕ ਦੀ ਬਾਜ਼ੀ ਹਾਰ ਗਏ ਹੁੰਦੇ ਹਨ।

ਗੁਰਦੇਵ ਆਖਦੇ ਹਨ ਕਿ ਬੇ ਸ਼ੱਕ ਠੱਗੀਆਂ ਠੋਰੀਆਂ ਤੋਂ ਆਪਣਾ ਕੰਮ ਕਰੀ ਜਾਹ ਪਰ ਜਿੱਤ ਓਸੇ ਇਨਸਾਨ ਦੀ ਹੁੰਦੀਐ ਜਿਹੜਾ ਸੱਚ ਦਾ ਧਾਰਨੀ ਹੁੰਦਾ ਹੈ। ਦੁਨੀਆਂ ਪਾਸੋਂ ਆਪਣੇ ਐਬ ਲਕਾਉਣ ਦੀ ਸਮਰੱਥਾ ਰੱਖਣ ਵਾਲਾ ਆਪਣੇ "ਅੰਦਰਲੇ ਧਰਮਰਾਜ" ਦੇ ਸਾਹਮਣੇ ਝੂਠਾ ਹੈ। ਅੰਤਰ-ਆਤਮੇ ਵਿੱਚ ਵੱਸੇ ਸੱਚ ਦਾ ਨਾਂ ਹੀ "ਧਰਮਰਾਜ" ਹੈ। ਇਸ ਸੱਚ ਦੇ ਸਾਹਮਣੇ ਕੇਵਲ ਸੱਚ ਅਨੁਸਾਰ ਹੀ ਫੈਸਲੇ ਹੁੰਦੇ ਨੇ ਜਦੋਂ "ਇਸ ਸੱਚ" ਨੂੰ ਦਬਾਇਆ ਜਾਂਦੈ ਤਾਂ ਝੂਠ ਪ੍ਰਧਾਨ ਹੋ ਜਾਂਦਾ ਹੈ।

ਲੋਕਾਂ ਦੇ ਸਾਹਮਣੇ ਭਾਂਵੇਂ ਮਨੁੱਖ ਧਰਮੀ ਪਰ ਆਪਣੇ ਕੀਤੇ ਕਾਲੇ ਕਾਰਨਾਮਿਆਂ ਕਰਕੇ ਨਰਕ ਹੀ ਭੋਗ ਰਿਹਾ ਹੁੰਦਾ ਤੇ ਜ਼ਿੰਦਗੀ ਦੇ ਰਹੱਸ ਨੂੰ ਸਮਝਣ ਵਾਲਾ ਹੀ ਆਪਣੇ ਜੀਵਨ ਦੀ ਬਾਜ਼ੀ ਜਿੱਤਦਾ ਹੈ। ਇਨ੍ਹਾਂ ਗੁਰ ਵਾਕਾਂ ਵਿੱਚ ਅੰਤਰ-ਆਤਮੇ ਵਿੱਚ ਪਏ ਹੋਏ ਸੱਚ ਦੀ ਵਰਤੋਂ ਕਰਨ ਦੀ ਜਾਚ ਸਿਖਾਈ ਗਈ ਹੈ। ਸੋ ਅੰਦਰਲਾ ਸੱਚ ਹੀ "ਧਰਮਰਾਜ" ਅਤੇ ਗੁਣਾਹ ਹੀ ਕੁਸ਼ਟ ਰੋਗ "ਜਜਮਾਲਿਆ" ਹਨ।

# ਭਾਰਤੀ ਮੂਲ ਦੀ ਵਕੀਲ ਮਨੁੱਖੀ ਹੱਕਾਂ ਬਾਰੇ ਕੌਮਾਂਤਰੀ ਕਮੇਟੀ ਦੀ ਪ੍ਰਧਾਨ ਨਿਯੁਕਤ



**ਸੈਕਰਾਮੈਂਟੋ 13 ਅਕਤੂਬਰ (ਹੁਸਨ ਲੜੋਆ ਬੰਗਾ)-** ਭਾਰਤੀ ਮੂਲ ਦੀ ਵਕੀਲ 32 ਸਾਲਾ ਰਮਈਆ ਜਵਾਹਰ ਕੁਡੇਕਾਲੂ ਜਿਸ ਦਾ ਭਾਰਤ ਵਿਚ ਪਿਛੋਕੜ ਬੇਂਗਲੂਰੂ ਨਾਲ ਜੁੜਿਆ ਹੋਇਆ ਹੈ, ਨੂੰ ਨਿਊਯਾਰਕ ਸਿਟੀ ਬਾਰ ਦੀ ਮਾਨਵੀ ਹੱਕਾਂ ਬਾਰੇ ਕੌਮਾਂਤਰੀ ਕਮੇਟੀ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਸ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਮੇਰੇ ਪਿਛੋਕੜ ਦੀ ਜਾਂਚ ਪੜਤਾਲ ਉਪਰੰਤ ਮੈਨੂੰ ਕਮੇਟੀ ਲਈ ਨਾਮਜ਼ਦ ਕੀਤਾ ਗਿਆ ਸੀ ਤੇ ਮੈਨੂੰ ਬੇਹੱਦ ਖੁਸ਼ੀ ਹੈ ਕਿ ਮੇਰੀ ਮਨੁੱਖੀ ਹੱਕਾਂ ਬਾਰੇ ਕੌਮਾਂਤਰੀ ਕਮੇਟੀ ਦੀ ਚੇਅਰਪਰਸਨ ਵਜੋਂ ਪੁਸ਼ਟੀ ਕਰ ਦਿੱਤੀ ਗਈ ਹੈ। ਇਹ ਪਹਿਲੀ ਵਾਰ ਹੈ ਕਿ ਇਕ ਗੈਰ ਗੋਰੀ ਨੌਜਵਾਨ ਔਰਤ ਨੂੰ ਇਸ ਅਹੁੱਦੇ ਲਈ ਚੁਣਿਆ ਗਿਆ ਹੈ। ਉਨਾਂ ਕਿਹਾ ਕਿ ਉਹ ਆਪਣਾ ਨਵਾਂ ਕੰਮ ਤੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੈ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਕੈਲੀਫੋਰਨੀਆ ਖਬਰਨਾਮਾ (ਹੁਸਨ ਲੜੋਆ ਬੰਗਾ)

# ਨੌਕਰੀਆਂ ਘੱਟ ਪੈਦਾ ਹੋਣ ਦੇ ਬਾਵਜੂਦ ਅਮਰੀਕਾ ਨੇ ਪ੍ਰਗਤੀ ਕੀਤੀ ਹੈ-ਜੋ ਬਾਈਡਨ

**ਸੈਕਰਾਮੈਂਟੋ 10 ਅਕਤੂਬਰ –** ਰਾਸ਼ਟਰਪਤੀ ਜੋ ਬਾਇਡਨ ਨੇ ਵਾਈਟ ਹਾਊਸ ਵਿਚ ਆਪਣੇ ਸੰਬੋਧਨ ਵਿਚ ਕਿਹਾ ਹੈ ਕਿ ਕੋਵਿਡ ਕਾਰਨ ਬੀਤੇ ਸਤੰਬਰ ਮਹੀਨੇ ਦੌਰਾਨ ਹਾਲਾਂ ਕਿ ਘੱਟ ਨੌਕਰੀਆਂ ਪੈਦਾ ਹੋਈਆਂ ਹਨ ਪਰੰਤੂ ਅਸੀਂ ਪ੍ਰਗਤੀ ਕੀਤੀ ਹੈ। ਉਨਾਂ ਕਿਹਾ ਕਿ ਅਮਰੀਕੀ ਅਰਥਵਿਵਸਥਾ ਕੋਵਿਡ ਮਹਾਮਾਰੀ ਦੇ ਮਾਰੂ ਅਸਰ ਤੋਂ ਬਾਹਰ ਨਿਕਲ ਰਹੀ ਹੈ। ਉਨਾਂ ਨੇ ਸਤੰਬਰ ਮਹੀਨੇ ਦੇ ਦੂਸਰੇ ਹਫਤੇ ਦਾ ਜਿਕਰ ਕੀਤਾ ਜਿਸ ਦੇ ਆਧਾਰ 'ਤੇ ਨੌਕਰੀਆਂ ਬਾਰੇ ਤਾਜਾ ਸਰਵੇ ਰਿਪੋਰਟ ਤਿਆਰ ਕੀਤੀ ਗਈ ਹੈ। ਉਨਾਂ ਕਿਹਾ ਕਿ ਉਸ ਸਮੇ ਰੋਜ਼ਾਨਾ ਡੇਢ ਲੱਖ ਕੋਵਿਡ ਮਾਮਲੇ ਆ ਰਹੇ ਸਨ ਪਰੰਤੂ ਉਸ ਤੋਂ ਬਾਅਦ ਰੋਜ਼ਾਨਾ ਕੋਵਿਡ ਮਾਮਲਿਆਂ ਵਿਚ ਇਕ ਤਿਹਾਈ ਤੋਂ ਵਧ ਕਮੀ ਹੋਈ ਤੇ ਅਸੀਂ ਨਿਰੰਤਰ ਸੁਖਾਵੇਂ ਹਾਲਾਤ ਵੱਲ ਵਧ ਰਹੇ ਹਾਂ। ਬਾਈਡਨ ਨੇ ਕਿਹਾ ਕਿ ਅਸੀਂ ਸਤੰਬਰ ਵਿਚ ਨੌਕਰੀਆਂ ਪੈਦਾ ਕੀਤੀਆਂ ਹਨ ਹਾਲਾਂ ਕਿ ਇਹ ਆਸ ਨਾਲੋਂ ਘੱਟ ਹਨ। ਸਤੰਬਰ ਮਹੀਨੇ ਦੌਰਾਨ 1,94,000 ਨੌਕਰੀਆਂ ਪੈਦਾ ਹੋਈਆਂ ਹਨ। ਇਸ ਤਰਾਂ ਨਿਰੰਤਰ ਅਮਰੀਕੀ ਅਰਥਵਿਵਸਥਾ ਪੁਨਰ ਬਹਾਲੀ ਵੱਲ ਵਧੀ ਹੈ। ਇਸ ਤੋਂ ਪਹਿਲਾਂ ਅਗਸਤ ਮਹੀਨੇ ਵਿਚ ਨੌਕਰੀਆਂ ਪੈਦਾ ਹੋਣ ਦੀ ਰਫਤਾਰ ਬਹੁਤ ਮਧਮ ਹੋ ਗਈ ਸੀ। ਬਿਊਰੋ ਆਫ ਲੇਬਰ ਸਟੈਟਿਸਟਿਕਸ ਅਨੁਸਾਰ ਸਤੰਬਰ ਵਿਚ ਬੇਰੁਜ਼ਗਾਰੀ ਦਰ ਘੱਟ ਕੇ 4.8% ਰਹਿ ਗਈ ਹੈ ਜੋ ਅਗਸਤ ਵਿਚ 5.2% ਸੀ। ਸ਼ਾਹਫਿਆਮ ਲੋਕਾਂ ਦੀ ਬੇਰੁਜ਼ਗਾਰੀ ਦਰ ਅਗਸਤ ਵਿਚ 8.8% ਸੀ ਉਹ ਸਤੰਬਰ ਵਿਚ ਘੱਟ ਕੇ 7.9% ਰਹਿ ਗਈ ਹੈ। ਰਾਸ਼ਟਰਪਤੀ ਨੇ ਕਿਹਾ ਕਿ ਇਹ ਹਾਂ ਪਖੀ ਸੰਕੇਤ ਹਨ ਹਾਲਾਂ ਕਿ ਸਾਡੀ ਆਸ ਅਨੁਸਾਰ ਬੇਰੁਜ਼ਗਾਰੀ ਦਰ ਵਿਚ ਕਮੀ ਨਹੀਂ ਹੋਈ। ਬਾਈਡਨ ਨੇ ਕਿਹਾ ਕਿ ਅੱਜ ਦੀ ਰਿਪੋਰਟ ਵਿਚ ਬੇਰੁਜ਼ਗਾਰੀ ਦਰ 4.8% ਰਹਿ ਗਈ ਹੈ। ਮੇਰੇ ਅਹੁੱਦਾ ਸੰਭਾਲਣ ਤੋਂ ਬਾਅਦ ਕੋਵਿਡ ਮਹਾਮਾਰੀ ਦਰਮਿਆਨ ਅਰਥਵਿਵਸਥਾ ਅਗੇ ਵਧੀ ਹੈ। ਉਨਾਂ ਕਿਹਾ ਕਿ ਨਵੀਆਂ ਰਿਪੋਰਟਾਂ ਤੋਂ ਪਤਾ ਲੱਗਦਾ ਹੈ ਕਿ ਅਸਲ ਵਿਚ ਅਸੀਂ ਪ੍ਰਗਤੀ ਕੀਤੀ ਹੈ। ਮੈ ਮੰਨਦਾ ਹਾਂ ਕਿ ਇਹ ਪ੍ਰਗਤੀ ਉਸ ਰਫਤਾਰ ਨਾਲ ਨਹੀਂ ਹੋ ਰਹੀ ਜਿਸ ਰਫਤਾਰ ਦੀ ਅਸੀਂ ਤਵਕੋਂ ਕਰਦੇ ਹਾਂ ਪਰੰਤੂ ਅਸੀਂ ਨਿਗਰ ਪ੍ਰਗਤੀ ਦੇ ਰਾਹ ਉਪਰ ਅੱਗੇ ਵਧ ਰਹੇ ਹਾਂ।

# ਫੁੱਟਬਾਲ ਖਿਡਾਰੀ ਨੇ ਰੈਫਰੀ ਦੇ ਸਿਰ ਵਿਚ ਮਾਰੀ ਜੋਰਦਾਰ ਕਿੱਕ, ਹੋਇਆ ਬੇਹੋਸ਼

**ਸੈਕਰਾਮੈਂਟੋ 8 ਅਕਤੂਬਰ –** ਬਰਾਜ਼ੀਲ ਦੇ ਫੁੱਟਬਾਲ ਖਿਡਾਰੀ ਵਿਲੀਅਮ ਰੀਬੀਰੋ ਵੱਲੋਂ ਸਿਰ ਵਿਚ ਕਿੱਕ ਮਾਰਨ ਦੇ ਸਿੱਟੇ ਵਜੋਂ ਰੈਫਰੀ ਬੇਹੋਸ਼ ਹੋ ਕੇ ਜਮੀਨ ਉਪਰ ਡਿੱਗ ਪਿਆ ਤੇ ਉਸ ਨੂੰ ਐਂਬੂਲੈਂਸ ਵਿਚ ਪਾ ਕੇ ਹਸਪਤਾਲ ਲਿਜਾਇਆ ਗਿਆ। ਵਿਲੀਅਮ ਰੀਬੀਰੋ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ। ਵੇਨਾਂਸੀਓ ਏਅਰਜ ਦੇ ਪੁਲਿਸ ਮੁੱਖੀ ਨੇ ਫੋਨ ਉਪਰ ਗੱਲਬਾਤ ਕਰਦਿਆਂ ਇਕ ਨਿਊਜ਼ ਚੈਨਲ ਨੂੰ ਦੱਸਿਆ ਕਿ ਵਿਲੀਅਮ ਰੀਬੀਰੋ ਨੂੰ ਸੁਰੱਖਿਆ ਦੇ ਮੱਦੇਨਜਰ ਤੁਰੰਤ ਹਿਰਾਸਤ ਵਿਚ ਲੈ ਲਿਆ ਗਿਆ ਸੀ ਪਰੰਤੂ ਇਕ ਦਿਨ ਬਾਅਦ ਉਸ ਨੂੰ ਛੱਡ ਦਿੱਤਾ ਗਿਆ। ਉਸ ਵਿਰੁੱਧ ਹੱਤਿਆ ਦੀ ਕੋਸ਼ਿਸ਼ ਦੇ ਦੋਸ਼ਾਂ ਤਹਿਤ ਮੁਕੱਦਮਾ ਚੱਲੇਗਾ। ਪੱਛੜ ਕੇ ਮਿਲੀ ਜਾਣਕਾਰੀ ਅਨੁਸਾਰ ਲੰਘੇ ਸੋਮਵਾਰ ਬਰਾਜ਼ੀਲ ਦੇ ਦੱਖਣੀ ਰਿਓ ਡੋ ਸੁਲ ਰਾਜ ਵਿਚ ਵੇਨਾਂਸੀਓ ਏਅਰਜ ਵਿਖੇ ਸਪੋਰਟਸ ਕਲੱਬ ਸਾਓ ਪੌਲੋ ਤੇ ਗੁਰਾਨੀ ਆਰ ਐਸ ਵਿਚਾਲੇ ਫੁੱਟਬਾਲ ਮੈਚ




ਖੇਡਿਆ ਜਾ ਰਿਹਾ ਸੀ। ਮੈਚ ਦਾ ਪਹਿਲਾ ਅੱਧ ਬਿਨਾਂ ਕਿਸੇ ਰੁਕਾਵਟ ਜਾਂ ਘਟਨਾ ਦੇ ਖੇਡਿਆ ਗਿਆ। ਦੂਸਰੇ ਅੱਧ ਦੀ ਸ਼ੁਰੂਆਤ ਵੇਲੇ ਹੀ ਰੀਬੀਰੋ ਜੋ ਸਪੋਰਟ ਕਲੱਬ ਸਾਓ ਪੌਲੋ ਵੱਲੋਂ ਖੇਡ ਰਿਹਾ ਸੀ, ਨੇ ਰੈਫਰੀ ਕਰਾਈਵਲਾਰੋ ਉਪਰ ਹਮਲਾ ਕਰ ਦਿੱਤਾ। ਕੋਚ ਦੇ ਸਿਰ ਵਿਚ ਜੋਰਦਾਰ ਕਿੱਕ ਵੱਜਣ ਉਪਰੰਤ ਉਹ ਬੇਹੋਸ਼ ਹੋ ਗਿਆ ਤੇ ਉਸ ਨੂੰ ਤੁਰੰਤ ਐਂਬੂਲੈਂਸ ਰਾਹੀਂ ਹਸਪਤਾਲ ਪਹੁੰਚਾਇਆ ਗਿਆ ਜਿਥੇ ਉਸ ਨੇ ਹੋਸ਼ ਆਉਣ ਉਪਰੰਤ ਕਿਹਾ ਕਿ ਮੈਨੂੰ ਨਹੀਂ ਪਤਾ ਅਸਲ ਵਿਚ ਕੀ ਹੋਇਆ ਹੈ। ਮੇਰੇ ਸਾਥੀ ਰੈਫਰੀ ਨੇ ਦੱਸਿਆ ਕਿ ਮੈ ਰੀਬੀਰੋ ਨੂੰ ਪੀਲਾ ਕਾਰਡ ਵਿਖਾਇਆ ਸੀ ਜਿਸ ਤੋਂ ਉਤੇਜਿਤ ਹੋ ਕੇ ਉਸ ਨੇ ਮੇਰੇ ਚੇਹਰੇ ਉਪਰ ਕਿੱਕ ਮਾਰੀ। ਕਰਾਈਵਲਾਰੋ ਨੇ ਕਿਹਾ ਕਿ ਰੀਬੀਰੋ ਨੂੰ ਇਲਾਜ਼ ਦੀ ਲੋੜ ਹੈ, ਉਸ ਦਾ ਆਪਣੇ ਉਪਰ ਨਿਯੰਤਰਣ ਨਹੀਂ ਹੈ। ਉਸ ਨੂੰ ਲੰਬਾ ਸਮਾਂ ਜੇਲ ਵਿਚ ਰੱਖਿਆ ਜਾਣਾ ਚਾਹੀਦਾ ਹੈ। ਪੁਲਿਸ ਨੇ ਕਿਹਾ ਹੈ ਕਿ ਉਹ ਮਾਮਲੇ ਨੂੰ ਬਹੁਤ ਗੰਭੀਰਤਾ ਨਾਲ ਲੈ ਰਹੀ ਹੈ ਤੇ ਦੋਸ਼ੀ ਨੂੰ ਬਣਦੀ ਸਜ਼ੀ ਮਿਲੇਗੀ। ਦੂਸਰੇ ਪਾਸੇ ਸਪੋਰਟਸ ਕਲੱਬ ਸਾਓ ਪੌਲੋ ਦੇ ਪ੍ਰਬੰਧਕਾਂ ਨੇ ਕਿਹਾ ਹੈ ਕਿ "ਉਨਾਂ ਨੂੰ ਇਸ ਘਟਨਾ ਨੇ ਬੇਹੱਦ ਸ਼ਰਮਸ਼ਾਰ ਕੀਤਾ ਹੈ, ਉਨਾਂ ਨੂੰ ਰੈਫਰੀ ਨਾਲ ਕੀਤੇ ਵਿਵਹਾਰ ਉਪਰ ਬੇਹੱਦ ਅਫਸੋਸ ਹੈ। ਉਨਾਂ ਨੇ ਰੀਬੀਰੋ ਨਾਲ ਕਰਾਰ ਖਤਮ ਕਰ ਦਿੱਤਾ ਹੈ। ਅੱਜ ਤੋਂ ਉਸ ਦਾ ਇਸ ਕਲੱਬ ਨਾਲ ਕੋਈ ਸਬੰਧ ਨਹੀਂ ਰਿਹਾ।"

# ਅਮਰੀਕੀ ਵਫਦ ਤਾਲਿਬਾਨ ਪ੍ਰਤੀਨਿੱਧੀਆਂ ਨਾਲ ਗੱਲਬਾਤ ਲਈ ਦੋਹਾ ਰਵਾਨਾ

**ਸੈਕਰਾਮੈਂਟੋ 8 ਅਕਤੂਬਰ–** ਅਮਰੀਕਾ ਦੇ ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਅਮਰੀਕਾ ਦਾ ਇਕ ਵਫਦ ਦੋਹਾ, ਕਤਰ ਵਿਖੇ ਤਾਲਿਬਾਨ ਪ੍ਰਤੀਨਿੱਧੀਆਂ ਨਾਲ ਗੱਲਬਾਤ ਕਰੇਗਾ। ਪਿਛਲੇ ਮਹੀਨੇ ਅਗਸਤ ਦੇ ਆਖਿਰ ਵਿਚ ਅਮਰੀਕੀ ਸੈਨਿਕਾਂ ਨੂੰ ਅਫਗਾਨਿਸਤਾਨ ਵਿਚੋਂ ਕੱਢਣ ਉਪਰੰਤ ਤਾਲਿਬਾਨ ਪ੍ਰਤੀਨਿੱਧੀਆਂ ਨਾਲ ਅਮਰੀਕੀ ਅਧਿਕਾਰੀਆਂ ਦੀ ਇਹ ਪਹਿਲੀ ਮੀਟਿੰਗ ਹੈ। ਵਿਦੇਸ਼ ਵਿਭਾਗ ਦੇ ਇਕ ਅਧਿਕਾਰੀ ਨੇ ਕਿਹਾ ਹੈ ਕਿ ਇਹ ਗੱਲਬਾਤ ਇਸੇ ਹਫਤੇ ਅੱਜ ਜਾਂ ਕਲ ਹੋਵੇਗੀ। ਅਧਿਕਾਰੀ ਅਨੁਸਾਰ ਇਹ ਮੀਟਿੰਗ ਅਮਰੀਕਾ ਦੇ ਵਿਆਪਕ ਕੌਮੀ ਹਿੱਤਾਂ ਦੇ ਮੱਦੇਨਜਰ ਤਾਲਿਬਾਨ ਨਾਲ ਨਿਰੰਤਰ ਗੱਲਬਾਤ ਦਾ ਹੀ ਇਕ ਹਿੱਸਾ ਹੈ। ਮੀਟਿੰਗ ਵਿਚ ਹੋਰ ਮੁੱਦਿਆਂ ਤੋਂ ਇਲਾਵਾ ਅਫਗਾਨਿਸਤਾਨ ਵਿਚ ਰਹਿ ਗਏ ਅਮਰੀਕੀ ਤੇ ਹੋਰ ਦੇਸ਼ਾਂ ਦੇ ਨਾਗਰਿਕਾਂ ਜੋ ਦੇਸ਼ ਛੱਡਣਾ ਚਹੁੰਦੇ ਹਨ, ਦੀ ਸੁਰੱਖਿਅਤ ਵਾਪਿਸੀ ਬਾਰੇ ਗੱਲਬਾਤ ਹੋਵੇਗੀ। ਗੱਲਬਾਤ ਦੌਰਾਨ ਤਾਲਿਬਾਨ ਨੂੰ ਆਪਣੀ ਉਸ ਵਚਨਬੱਧਤਾ ਉਪਰ ਕਾਇਮ ਰਹਿਣ ਲਈ ਕਿਹਾ ਜਾਵੇਗਾ ਜਿਸ ਤਹਿਤ ਅਫਗਾਨਿਸਤਾਨ ਦੀ ਧਰਤੀ ਦੀ ਵਰਤੋਂ ਅੱਤਵਾਦੀਆਂ ਵੱਲੋਂ ਨਾ ਕੀਤੇ ਜਾਣ ਦਾ ਅਹਿਦ ਲਿਆ ਗਿਆ ਸੀ ਤਾਂ ਜੋ ਅਮਰੀਕਾ ਜਾਂ ਇਸ ਦੇ ਭਾਈਵਾਲ ਦੇਸ਼ਾਂ ਦੀ ਸੁਰੱਖਿਆ ਨੂੰ ਖਤਰਾ ਪੈਦਾ ਨਾ ਹੋਵੇ। ਸੂਤਰਾਂ ਅਨੁਸਾਰ ਹੋਰਨਾਂ ਤੋਂ ਇਲਾਵਾ ਸੀ ਆਈ ਏ ਦੇ ਡਿਪਟੀ ਡਾਇਰੈਕਟਰ ਡੇਵਿਡ ਕੋਹੇਨ ਵੀ ਅਮ-ਰੀਕੀ ਵਫਦ ਦਾ ਹਿੱਸਾ ਹੋਣਗੇ।

# ਅਲਾਬਾਮਾ ਵਿਚ ਤੇਜ ਬਾਰਿਸ਼ ਕਾਰਨ ਆਏ ਹੜ੍ਹ ਨਾਲ 4 ਮੌਤਾਂ



**ਸੈਕਰਾਮੈਂਟੋ 8 ਅਕਤੂਬਰ–** ਲੰਘੇ ਬੁੱਧਵਾਰ ਤੋਂ ਪੈ ਰਹੀ ਮੋਹਲੇਧਾਰ ਬਾਰਿਸ਼ ਕਾਰਨ ਅਲਾਬਾਮਾ ਦੇ ਕੁਝ ਹਿੱਸਿਆਂ ਵਿਚ ਆਏ ਹੜ ਕਾਰਨ ਇਕ 4 ਸਾਲਾਂ ਦੀ ਬੱਚੀ ਸਮੇਤ 4 ਵਿਅਕਤੀ ਮਾਰੇ ਗਏ ਹਨ। ਸੁਰੱਖਿਆ ਅਮਲਾ ਬਚਾਅ ਤੇ ਰਾਹਤ ਕਾਰਜਾਂ ਵਿਚ ਲੱਗ ਗਿਆ ਹੈ। ਦੋ ਮੌਤਾਂ ਉਤਰੀ ਅਲਾਬਾਮਾ ਦੀ ਮਾਰਸ਼ਲ ਕਾਊਂਟੀ ਵਿਚ ਹੋਈਆਂ ਹਨ ਜਿਥੇ ਅਰਾਬ ਸ਼ਹਿਰ ਵਿਚ ਇਕ ਬੱਚੀ ਦੀ ਲਾਸ਼ ਬਰਾਮਦ ਹੋਈ ਹੈ ਤੇ ਇਕ 18 ਸਾਲਾ ਔਰਤ ਨਾਲ ਲੱਗਦੇ ਯੂਨੀਅਨ ਗਰੋਵ ਖੇਤਰ ਵਿਚ ਹੜ ਦੇ ਪਾਣੀ ਵਿਚ ਮ੍ਰਿਤਕ ਹਾਲਤ ਵਿੱਚ ਮਿਲੀ। ਇਸ ਤੋਂ ਇਲਾਵਾ ਕੇਂਦਰੀ ਅਲਾਬਾਮਾ ਵਿਚ ਇਕ 23 ਸਾਲਾ ਵਿਅਕਤੀ ਤੇ 23 ਸਾਲਾ ਔਰਤ ਉਸ ਵੇਲੇ ਮਾਰੇ ਗਏ ਜਦੋਂ ਉਨਾਂ ਦੀ ਕਾਰ ਜਿਸ ਵਿਚ ਉਹ ਸਵਾਰ ਸਨ, ਹੜ ਦਾ ਪਾਣੀ ਰੋੜ ਕੇ ਲੈ ਗਿਆ।

# ਮੈਰੀਲੈਂਡ ਵਿਚ ਦੋ ਔਰਤਾਂ ਦੀ ਗੋਲੀਆਂ ਮਾਰ ਕੇ ਹੱਤਿਆ

**ਸੈਕਰਾਮੈਂਟੋ 8 ਅਕਤੂਬਰ–** ਮੈਰੀਲੈਂਡ ਦੀ ਪ੍ਰਿੰਸ ਜਾਰਜ ਕਾਊਂਟੀ ਵਿਚ ਸੀਨੀਅਰ ਨਾਗਰਿਕਾਂ ਦੀ ਰਿਹਾਇਸ਼ੀ ਇਮਾਰਤ ਵਿਚ ਇਕ ਸ਼ੱਕੀ ਵਿਅਕਤੀ ਨੇ ਗੋਲੀਆਂ ਚਲਾ ਕੇ ਦੋ ਔਰਤਾਂ ਦੀ ਹੱਤਿਆ ਕਰ ਦਿੱਤੀ। ਮਾਰੀਆਂ ਗਈਆਂ ਦੋਨੋਂ ਔਰਤਾਂ ਰਿਹਾਇਸ਼ੀ ਇਮਾਰਤ ਦੇ ਸਟਾਫ ਦੀਆਂ ਮੈਂਬਰ ਸਨ। ਪ੍ਰਿੰਸ ਜਾਰਜ ਕਾਊਂਟੀ ਦੀ ਪੁਲਿਸ ਦੇ ਬੁਲਾਰੇ ਜੂਲੀ ਰਾਈਟ ਨੇ ਕਿਹਾ ਹੈ ਕਿ ਇਹ ਘਟਨਾ ਬੀਤੇ ਦਿਨ ਸਵੇਰ ਵੇਲੇ ਵਾਸ਼ਿੰਗਟਨ , ਡੀ ਸੀ ਦੇ ਬਾਹਰਵਾਰ ਕੈਪੀਟਲ ਹਾਈਟਸ ਕਸਬੇ ਵਿਚ ਨੈਸ਼ਨਲ ਚਰਚ



ਰੈਜੀਡੈਂਸ ਵਿਖੇ ਵਾਪਰੀ। ਪੁਲਿਸ ਨੂੰ ਸਵੇਰੇ 9 ਵਜੇ ਗੋਲੀਆਂ ਚੱਲਣ ਦੀ ਸੂਚਨਾ ਮਿਲੀ ਸੀ। ਜਦੋਂ ਪੁਲਿਸ ਮੌਕੇ ਉਪਰ ਪੁੱਜੀ ਤਾਂ ਇਕ ਵਿਅਕਤੀ ਇਮਾਰਤ ਦੇ ਪਿਛਵਾੜੇ ਭੱਜਾ ਜਾਂਦਾ ਮਿਲਿਆ ਜਿਸ ਨੇ ਇਮਾਰਤ ਅੰਦਰ ਗੋਲੀ ਚੱਲਣ ਬਾਰੇ ਦੱਸਿਆ ਤੇ ਇਹ ਵੀ ਕਿਹਾ ਕਿ ਸ਼ੱਕੀ ਹਮਲਾਵਰ ਅੰਦਰ ਹੀ ਹੈ। ਪੁਲਿਸ ਅੰਦਰ ਦਾਖਲ ਹੋਈ ਤਾਂ ਉਸ ਨੂੰ ਦੋ ਔਰਤਾਂ ਦੀਆਂ ਲਾਸ਼ਾਂ ਮਿਲੀਆਂ। ਮਾਰੀਆਂ ਗਈਆਂ ਔਰਤਾਂ ਦੇ ਨਾਂ ਪੁਲਿਸ ਨੇ ਜਨਤਿਕ ਨਹੀਂ ਕੀਤੇ ਹਨ। ਪੁਲਿਸ ਨੇ ਸ਼ੱਕੀ ਨੂੰ ਮੌਕੇ ਉਪਰ ਹੀ ਗ੍ਰਿਫਤਾਰ ਕਰ ਲਿਆ।

# ਔਰਤ ਨੂੰ ਬੰਧਕ ਬਣਾਉਣ ਵਾਲਾ ਸ਼ੱਕੀ ਵਿਅਕਤੀ ਪੁਲਿਸ ਦੀ ਕਾਰਵਾਈ ਵਿਚ ਮਾਰਿਆ ਗਿਆ

**ਸੈਕਰਾਮੈਂਟੋ 10 ਅਕਤੂਬਰ–** ਲਾਸ ਏਂਜਲਸ ਪੁਲਿਸ ਨੇ ਇਕ ਸ਼ੱਕੀ ਵਿਅਕਤੀ ਜੋ ਹਿੰਸਾ ਉਪਰ ਉਤਾਰੂ ਸੀ, ਨੂੰ ਗੋਲੀਆਂ ਮਾਰ ਕੇ ਢੇਰ ਕਰ ਦਿੱਤਾ। ਪੁਲਿਸ ਵਿਭਾਗ ਅਨੁਸਾਰ ਹਥਿਆਰ ਬੰਦ ਸ਼ੱਕੀ ਵਿਅਕਤੀ ਨੇ ਬਹੁਤ ਸਾਰੇ ਲੋਕਾਂ ਨੂੰ ਡਰਾਇਆ ਧਮਕਾਇਆ। ਉਸ ਨੇ ਇਕ ਸਟੋਰ ਵਿਚ ਦਾਖਲ ਹੋ ਕੇ ਗੋਲੀਆਂ ਚਲਾਈਆਂ ਜਿਹਨਾਂ ਵਿਚੋਂ ਇਕ ਗੋਲੀ ਇਕ 14 ਸਾਲਾ ਲੜਕੇ ਦੇ ਸਿਰ ਨਾਲ ਖਹਿ ਕੇ ਨਿਕਲ ਗਈ। ਉਸ ਨੂੰ ਸਥਾਨਕ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ। ਪੁਲਿਸ ਵੱਲੋਂ ਸ਼ੱਕੀ ਦਾ ਪਿੱਛਾ ਕੀਤਾ ਗਿਆ। ਅੰਤ ਵਿਚ ਉਹ ਇਕ ਇਮਾਰਤ ਵਿਚ ਘੁੱਸ ਗਿਆ ਜਿਥੇ ਉਸ ਨੇ ਇਕ ਔਰਤ ਨੂੰ ਜਬਰਨ ਆਪਣੇ ਨਾਲ ਲਿਜਾਣ ਦੀ ਕੋਸ਼ਿਸ਼ ਕੀਤੀ। ਲਾਸ ਏਂਜਲਸ ਪੁਲਿਸ ਵਿਭਾਗ ਅਨੁਸਾਰ ਸ਼ੱਕੀ ਵੱਲੋਂ ਔਰਤ ਨੂੰ ਬੰਧਕ ਬਣਾ ਲੈਣ ਵਰਗੇ ਹਾਲਾਤ ਪੈਦਾ ਹੋ ਗਏ ਸਨ। ਉਸ ਨੇ ਔਰਤ ਦੇ ਸਿਰ ਉਪਰ ਬੰਦੂਕ ਤਾਣੀ ਹੋਈ ਸੀ। ਆਖਿਰ ਪੁਲਿਸ ਨੇ ਇਮਾਰਤ ਵਿਚ ਦਾਖਲ ਹੋ ਕੇ ਸ਼ੱਕੀ ਨੂੰ ਮਾਰ ਮੁਕਾਇਆ। ਬੰਧਕ ਬਣਾਈ ਔਰਤ ਨੂੰ ਜ਼ਖਮੀ ਹਾਲਤ ਵਿਚ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਪੁਲਿਸ ਨੇ ਘਟਨਾ ਸਥਾਨ ਤੋਂ ਇਕ ਗੰਨ ਬਰਾਮਦ ਕੀਤੀ ਹੈ। ਪੁਲਿਸ ਨੇ ਮਾਰੇ ਗਏ ਸ਼ੱਕੀ ਵਿਅਕਤੀ ਦਾ ਨਾਂ ਜਨਤਿਕ ਨਹੀਂ ਕੀਤਾ ਹੈ। ਪੁਲਿਸ ਮਾਮਲੇ ਦੀ ਬਰੀਕੀ ਨਾਲ ਜਾਂਚ ਕਰ ਰਹੀ ਹੈ।

# 7 ਸਾਲਾ ਬੱਚੇ ਨੂੰ ਭੁੱਖਾ ਰਖਕੇ ਮਾਰਨ ਦੇ ਦੋਸ਼ਾਂ ਤਹਿਤ ਔਰਤ ਵਿਰੁੱਧ ਹੱਤਿਆ ਦੇ ਦੋਸ਼ ਆਇਦ

**ਸੈਕਰਾਮੈਂਟੋ 11 ਅਕਤੂਬਰ–** ਨਿਊਬਰਗ (ਨਿਊਯਾਰਕ) ਵਿਚ ਬੱਚਾ ਸੰਭਾਲ ਸੇਵਾਵਾਂ ਮੁਹੱਈਆ ਕਰਵਾਉਣ ਵਾਲੀ ਇਕ ਔਰਤ ਨੂੰ ਆਪਣੇ ਦੋਸਤ ਦੇ 7 ਸਾਲਾ ਲੜਕੇ ਨੂੰ ਭੁੱਖਾ ਰਖਕੇ ਮਾਰਨ ਦੇ ਦੋਸ਼ਾਂ ਤਹਿਤ ਗ੍ਰਿਫਤਾਰ ਕੀਤਾ ਗਿਆ ਹੈ। ਔਰੇਂਜ ਕਾਊਂਟੀ ਡਿਸਟ੍ਰਿਕਟ ਅਟਾਰਨੀ ਡੇਵਿਡ ਹੂਵਲਰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਜਾਣਕਾਰੀ ਦਿੱਤੀ ਕਿ 39 ਸਾਲਾ ਲੈਟੀਸ਼ੀਆ ਬਰਾਵੋ ਨੂੰ ਬੱਚੇ ਪੀਟਰ ਕੁਆਕੁਆਸ ਦੀ ਹੱਤਿਆ ਦੇ ਦੋਸ਼ਾਂ ਤਹਿਤ 25 ਸਾਲ ਜੇਲ ਦੀ ਸਜ਼ਾ ਹੋ ਸਕਦੀ ਹੈ। ਬਰਾਵੋ ਦੇ ਮਿੱਤਰ ਤੇ ਬੱਚੇ ਦੇ ਪਿਤਾ ਆਰਟੂਰੋ ਕੁਆਕੁਆਸ ਵਿਰੁੱਧ ਵੀ ਅਪਰਾਧਕ ਲਾਪਰਵਾਹੀ ਵਰਤਣ ਦੇ ਦੋਸ਼ ਲਾਏ ਗਏ ਹਨ ਜਿਸ ਕਾਰਨ ਬੱਚੇ ਦੀ ਮੌਤ ਹੋਈ। ਇਸ ਸਾਲ ਦੇ ਸ਼ੁਰੂ ਵਿਚ 10 ਫਰਵਰੀ ਨੂੰ ਬਰਾਵੋਂ ਆਪਣੇ ਬੱਚੇ ਪੀਟਰ ਨੂੰ ਨਿਊਬਰਗ ਦੇ ਸੇਂਟ ਲੂਕ ਹਸਪਤਾਲ ਵਿਚ ਲੈ ਕੇ ਆਇਆ ਸੀ ਜਿਥੇ ਉਸ ਨੂੰ ਡਾਕਟਰਾਂ ਨੇ ਮ੍ਰਿਤਕ ਐਲਾਨ ਦਿੱਤਾ। ਪੋਸਟ ਮਾਰਟਮ ਰਿਪੋਰਟ ਵਿਚ



ਸਪੱਸ਼ਟ ਹੋਇਆ ਕਿ ਬੱਚੇ ਦੀ ਮੌਤ ਭੁੱਖ ਤੇ ਕੁਪੋਸ਼ਣ ਕਾਰਨ ਹੋਈ ਹੈ। ਮੌਤ ਸਮੇ ਬੱਚੇ ਦਾ ਭਾਰ ਤਕਰੀਬਨ 16 ਕਿਲੋਗ੍ਰਾਮ ਸੀ। ਬਰਾਵੋ ਨੇ ਕਥਿਤ ਤੌਰ 'ਤੇ ਪੀਟਰ ਨੂੰ ਇਕ ਕਮਰੇ ਵਿਚ ਬੰਦ ਰਖਿਆ ਜਿਸ ਨੂੰ ਬਾਹਰੋਂ ਤਾਲਾ ਲਾ ਦਿੱਤਾ ਜਾਂਦਾ ਸੀ। ਡਿਸਟ੍ਰਿਕਟ ਅਟਾਰਨੀ ਡੇਵਿਡ ਹੂਵਲਰ ਨੇ ਦੱਸਿਆ ਕਿ ਜਨਵਰੀ 2021 ਤੋਂ ਬੱਚਾ ਕਦੀ ਵੀ ਸਕੂਲ ਨਹੀਂ ਗਿਆ ਹਾਲਾਂ ਕਿ ਉਸ ਦੇ ਅਧਿਆਪਕਾਂ ਤੇ ਸਕੂਲ ਦੇ ਪ੍ਰਤੀਨਿੱਧੀਆਂ ਨੇ ਬਰਾਵੋ ਨਾਲ ਕਈ ਵਾਰ ਬੱਚੇ ਨੂੰ ਸਕੂਲ ਭੇਜਣ ਬਾਰੇ ਗੱਲ ਕੀਤੀ ਸੀ। ਅਟਾਰਨੀ ਨੇ ਕਿਹਾ ਕਿ ਇਹ ਕਿਸ ਤਰਾਂ ਸੋਚਿਆ ਜਾ ਸਕਦਾ ਹੈ ਕਿ ਕੋਈ ਬੱਚੇ ਦੀ ਸੰਭਾਲ ਦੀ ਜਿੰਮੇਵਾਰੀ ਲਵੇ ਤੇ ਬਾਅਦ ਵਿਚ ਬੱਚੇ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਤੋਂ ਹੀ ਮੂੰਹ ਮੋੜ ਲਵੇ। ਇਹ ਬਹੁਤ ਹੀ ਮੰਦਭਾਗੀ ਘਟਨਾ ਹੈ। ਬੱਚੇ ਦੀ ਮੌਤ ਤੋਂ ਪਹਿਲਾਂ ਉਸ ਨੂੰ ਸਕੂਲ ਦੇ ਅਧਿਕਾਰੀਆਂ ਤੋਂ ਕਿਸ ਤਰਾਂ ਛੁਪਾਅ ਕੇ ਰਖਿਆ ਗਿਆ, ਇਹ ਵੀ ਜਾਂਚ ਦਾ ਵਿਸ਼ਾ ਹੈ। ਬਰਾਵੋ ਨੂੰ ਨਿਊਬਰਗ ਪੁਲਿਸ ਵਿਭਾਗ ਨੇ ਗ੍ਰਿਫਤਾਰ ਕਰ ਲਿਆ ਹੈ ਤੇ ਉਸ ਨੂੰ ਔਰੇਂਜ ਕਾਊਂਟੀ ਜੇਲ ਵਿਚ ਰਖਿਆ ਗਿਆ ਹੈ। ਉਸ ਨੂੰ ਅਦਾਲਤ ਵਿਚ 26 ਅਕਤੂਬਰ ਨੂੰ ਪੇਸ਼ ਕੀਤਾ ਜਾਵੇਗਾ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ


ਗੁਰਿੰਦਰਜੀਤ ਨੀਟਾ ਮਾਛੀਕੇ


ਕੁਲਵੰਤ ਧਾਲੀਆਂ

# ਅਮਰੀਕਾ ਵਿੱਚ ਮਹਾਤਮਾ ਗਾਂਧੀ ਦੀ ਕਾਂਸੀ ਦੀ ਮੂਰਤੀ ਦਾ ਹੋਵੇਗਾ ਉਦਘਾਟਨ

**ਫਰਿਜ਼ਨੋ (ਕੈਲੀ-ਫੋਰਨੀਆ)** - ਅਮਰੀਕਾ ਦੀ ਸਟੇਟ ਮਿਸੀਸਿਪੀ ਵਿੱਚ ਮਹਾਤਮਾ ਗਾਂਧੀ ਦੀ ਕਾਂਸੀ ਦੀ ਮੂਰਤੀ ਦਾ ਉਦਘਾਟਨ ਕੀਤਾ ਜਾਵੇਗਾ। ਇਸ ਮਾਮਲੇ ਵਿੱਚ ਇੰਡੀਅਨ ਕੌਂਸਲ ਆਫ ਕਲਚਰਲ ਰਿਲੇਸ਼ਨਜ਼ (ਆਈ ਸੀ ਸੀ ਆਰ) ਅਤੇ ਭਾਰਤੀ ਕੌਂਸਲੇਟ ਜਨਰਲ ਅਟਲਾਂਟਾ, ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਦੇ ਨਾਲ ਮਿਲ ਕੇ ਕਲਾਰਕਸਡੇਲ ਦੀ ਕੋਹੋਮਾ ਕਾਉਂਟੀ ਕੋਰਟਹਾਊਸ ਦੇ ਸਾਹਮਣੇ ਵਾਲੇ ਲਾਅਨ ਵਿੱਚ ਮਹਾਤਮਾ ਗਾਂਧੀ ਦੀ ਇੱਕ ਵੱਡੀ ਕਾਂਸੀ ਦੀ ਮੂਰਤੀ ਦਾ ਉਦਘਾਟਨ ਕਰਨਗੇ। ਇਹ ਕਾਂਸੀ ਦਾ ਬੁੱਤ, ਜੋ ਕਿ ਆਈ ਸੀ ਸੀ ਆਰ ਅਤੇ ਅਟਲਾਂਟਾ ਕੌਂਸਲੇਟ ਜਨਰਲ ਵੱਲੋਂ ਕਲਾਰਕਸਡੇਲ



ਅਤੇ ਕੋਹੋਮਾ ਕਾਉਂਟੀ ਸ਼ਹਿਰ ਨੂੰ ਇੱਕ ਤੋਹਫਾ ਹੈ, ਨੂੰ ਮਹਾਤਮਾ ਗਾਂਧੀ ਨੂੰ ਸ਼ਰਧਾਂਜਲੀ ਦੇਣ ਲਈ ਸਥਾਪਤ ਕੀਤਾ ਜਾ ਰਿਹਾ ਹੈ । ਇਹ ਮੂਰਤੀ 8 ਅਕਤੂਬਰ ਨੂੰ ਭਾਰਤੀ ਕੌਂਸਲੇਟ ਜਨਰਲ ਸਵਾਤੀ ਕੁਲਕਰਨੀ ਦੁਆਰਾ ਇੱਕ ਸਮਾਰੋਹ ਦੌਰਾਨ ਜਨਤਕ ਕੀਤੀ ਜਾਵੇਗੀ। ਇਸ ਸਮਾਗਮ ਨੂੰ ਚੈਂਬਰ ਆਫ ਕਾਮਰਸ ਅਤੇ ਕੋਹੋਮਾ ਕਾਉਂਟੀ ਦੀ ਆਰਥਿਕ ਵਿਕਾਸ ਅਥਾਰਟੀ ਦੇ ਸਹਿਯੋਗ ਨਾਲ ਕਰੌਸਰੋਡਸ ਇਕਨਾਮਿਕ ਪਾਰਟਨਰਸ਼ਿਪ ਦੁਆਰਾ ਸਪਾਂਸਰ ਕੀਤਾ ਗਿਆ ਹੈ। ਇਸ ਖੇਤਰ ਵਿੱਚ ਭਾਰਤੀਆਂ ਦੀ ਬਹੁਗਿਣਤੀ ਹੈ, ਜਿਹਨਾਂ ਨੇ ਇਸ ਖੇਤਰ ਦੀ ਤਰੱਕੀ ਵਿੱਚ ਭਾਰੀ ਯੋਗਦਾਨ ਪਾਇਆ ਹੈ।

# ਜੰਗਲੀ ਅੱਗ ਬੁਝਾ ਰਹੇ ਕਰਮਚਾਰੀ ਦਰੱਖਤ ਦੀ ਲਪੇਟ 'ਚ ਆਉਣ ਨਾਲ ਹੋਏ ਜਖਮੀ

**ਫਰਿਜ਼ਨੋ (ਕੈਲੀਫੋਰਨੀਆ)**–ਕੈਲੀਫੋਰਨੀਆ ਵਿੱਚ ਜੰਗਲੀ ਅੱਗਾਂ ਨੂੰ ਬੁਝਾਉਣ ਲਈ ਫਾਇਰ ਫਾਈਟਰ ਜੱਦੋਜਹਿਦ ਕਰ ਰਹੇ ਹਨ। ਇਸੇ ਦੌਰਾਨ ਕੈਲੀਫੋਰਨੀਆ ਦੈ ਕੇ ਐੱਨ ਪੀ ਕੰਪਲੈਕਸ ਦੀ



ਅੱਗ ਬੁਝਾਊ ਮੁਹਿੰਮ ਵਿੱਚ ਸ਼ਾਮਲ ਚਾਰ ਫਾਇਰ ਕਰਮਚਾਰੀਆਂ ਨੂੰ ਅੱਗ ਬੁਝਾਉਣ ਵੇਲੇ ਹੋਏ ਇੱਕ ਹਾਦਸੇ ਦੀ ਵਜ੍ਹਾ ਨਾਲ ਜ਼ਖਮੀ ਹੋਣ ਕਾਰਨ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ। ਫਾਇਰ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵੀਰਵਾਰ ਦੁਪਹਿਰ ਲਗਭਗ 3:00 ਕੇ ਐੱਨ ਪੀ ਕੰਪਲੈਕਸ ਵਿੱਚ ਇੱਕ ਦਰੱਖਤ ਡਿੱਗਣ ਦੀ ਸੂਚਨਾ ਮਿਲੀ, ਜਿਸਦੀ ਲਪੇਟ ਵਿੱਚ ਆ ਕੇ ਐੱਨ ਪੀ ਕੰਪਲੈਕਸ ਵਿੱਚ ਕੰਮ ਕਰ ਰਹੇ ਚਾਰ ਕਰਮਚਾਰੀ ਜਖਮੀ ਹੋ ਗਏ। ਜਖਮੀ ਹੋਏ ਫਾਇਰ ਫਾਈਟਰਜ਼ ਨੂੰ ਨਜ਼ਦੀਕੀ ਹੈਲੀਸਪੌਟ 'ਤੇ ਲਿਆਂਦਾ ਗਿਆ ਅਤੇ ਹੈਲੀਕਾਪਟਰ ਰਾਹੀਂ ਇਲਾਕਾ ਹਸਪਤਾਲਾਂ ਵਿੱਚ ਪਹੁੰਚਾਇਆ ਗਿਆ। ਅਧਿਕਾਰੀਆਂ ਅਨੁਸਾਰ ਮਰੀਜ਼ਾਂ ਦੀ ਹਾਲਤ ਗੰਭੀਰ ਪਰ ਸਥਿਰ ਹੈ ਅਤੇ ਘੱਟੋ ਘੱਟ ਦੋ ਫਾਇਰ ਫਾਈਟਰਜ਼ ਨੂੰ ਕਮਿਊਨਿਟੀ ਰੀਜਨਲ ਮੈਡੀਕਲ ਸੈਂਟਰ ਵਿੱਚ ਲਿਆਂਦਾ ਗਿਆ ਸੀ। ਜਿਕਰਯੋਗ ਹੈ ਕਿ ਫਾਇਰ ਫਾਈਟਰਜ਼ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਆਪਣੀ ਡਿਊਟੀ ਕਰਦੇ ਹਨ ਤੇ ਕਈ ਵਾਰ ਅਜਿਹੇ ਹਾਦਸਿਆਂ ਦਾ ਸ਼ਿਕਾਰ ਬਣਦੇ ਹਨ।

# ਸਟਾਫ ਦੇ ਕੋਰੋਨਾ ਪੀੜਤ ਹੋਣ ਕਾਰਨ ਐਲੀਮੈਂਟਰੀ ਸਕੂਲ ਹੋਇਆ ਬੰਦ

**ਫਰਿਜ਼ਨੋ (ਕੈਲੀਫੋਰਨੀਆ)**–ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਦਾ ਇੱਕ ਐਲੀਮੈਂਟਰੀ ਸਕੂਲ , ਇਸਦੇ ਸਟਾਫ ਦੇ ਕੋਰੋਨਾ ਪੀੜਤ ਹੋਣ ਕਾਰਨ ਬੰਦ ਕੀਤਾ ਗਿਆ ਹੈ। ਇਸ ਸਬੰਧੀ ਫਰਿਜ਼ਨੋ ਯੂਨੀਫਾਈਡ ਦੇ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਐਡੀਕੋਟ ਐਲੀਮੈਂਟਰੀ ਸਕੂਲ ਸਟਾਫ ਵਿੱਚ ਕੋਵਿਡ -19 ਦੇ ਕਈ ਪੁਸ਼ਟੀ ਕੀਤੇ ਕੇਸਾਂ ਕਾਰਨ ਸਕੂਲ ਨੂੰ 10 ਦਿਨਾਂ ਲਈ ਬੰਦ ਕੀਤਾ ਗਿਆ ਹੈ। ਇਸ ਵਕਫੇ ਦੌਰਾਨ ਸਕੂਲ ਦੀ ਚੰਗੀ ਤਰ੍ਹਾਂ ਸਫਾਈ ਕੀਤੀ ਜਾਵੇਗੀ।

ਫਰਿਜ਼ਨੋ ਵਿੱਚ ਐਡੀਕੋਟ ਪਹਿਲਾ ਸਕੂਲ ਹੈ ਜਿਸ ਨੂੰ ਡਿਸਟ੍ਰਿਕਟ ਵਿੱਚ ਵਿਅਕਤੀਗਤ ਕਲਾਸਾਂ ਸ਼ੁਰੂ ਹੋਣ ਤੋਂ ਬਾਅਦ ਕੋ-ਰੋਨਾ ਕਾਰਨ ਬੰਦ ਕੀਤਾ ਗਿਆ ਹੈ। ਇਸ ਐਲੀਮੈਂਟਰੀ ਸਕੂਲ ਵਿੱਚ ਲਗਭਗ 50 ਵਿਦਿਆਰਥੀ ਹਨ ਅਤੇ ਇਹ ਗੰਭੀਰ ਤੌਰ 'ਤੇ ਅਪਾਹਿਜ ਨੌਜਵਾਨਾਂ ਦੀ ਵੀ ਸੇਵਾ ਕਰਦਾ ਹੈ। ਅਧਿਕਾਰੀਆਂ ਅਨੁਸਾਰ ਇਸ ਰੁੱਤ ਦਾ ਸਮੈਸਟਰ ਸ਼ੁਰੂ ਹੋਣ ਤੋਂ ਬਾਅਦ ਫਰਿਜ਼ਨੋ ਯੂਨੀਫਾਈਡ ਦੇ ਸਟਾਫ ਅਤੇ ਵਿਦਿਆਰਥੀਆਂ ਵਿੱਚ ਕੋਵਿਡ -19 ਦੇ 1,637 ਪਾਜੇਟਿਵ ਕੇਸ ਹੋਏ ਹਨ।

# ਟੇਸਲਾ ਦਾ ਮੁੱਖ ਦਫਤਰ ਕੈਲੀਫੋਰਨੀਆ ਤੋਂ ਟੈਕਸਾਸ 'ਚ ਹੋਵੇਗਾ ਤਬਦੀਲ

**ਫਰਿਜ਼ਨੋ (ਕੈਲੀਫੋਰਨੀਆ)**–ਅਮਰੀਕਾ ਦੇ ਸਭ ਤੋਂ ਅਮੀਰ ਲੋਕਾਂ ਵਿੱਚੋਂ ਇੱਕ ਏਲਨ ਮਸਕ ਦੀ ਕੰਪਨੀ ਟੇਸਲਾ ਦਾ ਹੈੱਡਕੁਆਰਟਰ ਕੈਲੀਫੋਰਨੀਆ ਤੋਂ ਟੈਕਸਾਸ ਵਿੱਚ ਤਬਦੀਲ ਕੀਤਾ ਜਾਵੇਗਾ।




ਇਸ ਸਬੰਧੀ ਟੇਸਲਾ ਦੇ ਸੀ ਈ ਓ ਏਲਨ ਮਸਕ ਨੇ ਵੀਰਵਾਰ ਨੂੰ ਇੱਕ ਮੀਟਿੰਗ ਵਿੱਚ ਘੋਸ਼ਣਾ ਕੀਤੀ ਹੈ ਕਿ ਕੰਪਨੀ ਦਾ ਹੈੱਡਕੁਆਰਟਰ ਕੈਲੀਫੋਰਨੀਆ ਦੇ ਪਾਲੋ ਆਲਟੋ ਤੋਂ ਆਸਟਿਨ (ਟੈਕਸਾਸ) ਵਿੱਚ ਤਬਦੀਲ ਕੀਤਾ ਜਾਵੇਗਾ। ਪਿਛਲੀ ਗਰਮੀਆਂ ਵਿੱਚ, ਕੰਪਨੀ ਨੇ ਘੋਸ਼ਣਾ ਕੀਤੀ ਸੀ ਕਿ ਉਸਦੀ ਨਵੀਂ ਗੀਗਾਫੈਕਟਰੀ ਟ੍ਰੈਵਿਸ ਕਾਉਂਟੀ ਵਿੱਚ ਹੋਵੇਗੀ। ਕੰਪਨੀ ਅਨੁਸਾਰ ਫੈਕਟਰੀ ਹਵਾਈ ਅੱਡੇ ਤੋਂ ਪੰਜ ਮਿੰਟ, ਡਾਊਨਟਾਊਨ ਤੋਂ 15 ਮਿੰਟ ਦੀ ਦੂਰੀ 'ਤੇ ਹੈ। ਏਲਨ ਅਨੁਸਾਰ ਇਹ ਟੇਸਲਾ ਦੇ ਕੈਲੀ-ਫੋਰਨੀਆ ਛੱਡਣ ਦੀ ਗੱਲ ਨਹੀਂ ਹੈ, ਬਲਕਿ ਕੰਪਨੀ ਦਾ ਇਰਾਦਾ ਅਸਲ ਵਿੱਚ ਆਉਟਪੁੱਟ ਨੂੰ ਵਧਾਉਣਾ ਹੈ। 2020 ਵਿੱਚ, ਕੋਰੋਨਾ ਮਹਾਂਮਾਰੀ ਨਾਲ ਸਬੰਧਿਤ ਮੁੱਦਿਆਂ ਕਰਕੇ ਮਸਕ ਨੇ ਕਾਉਂਟੀ ਨੇਤਾਵਾਂ ਨਾਲ ਉੱਚ ਪੱਧਰੀ ਝਗੜੇ ਤੋਂ ਬਾਅਦ ਇਸ ਬੇਅ ਏਰੀਆ ਤੋਂ ਹੈੱਡਕੁਆਰਟਰਾਂ ਨੂੰ ਟੈਕਸਾਸ ਵਿੱਚ ਤਬਦੀਲ ਕਰਨ ਦੀ ਚਿਤਾਵਨੀ ਵੀ ਦਿੱਤੀ ਸੀ । ਇਸ ਕੰਪਨੀ ਦੇ ਟੈਕਸਾਸ ਚਲੇ ਜਾਣ ਕਾਰਨ , ਕਈ ਕੈਲੀਫੋਰਨੀਆ ਨਿਵਾਸੀਆਂ ਦੀ ਨੌਕਰੀ 'ਤੇ ਅਸਰ ਪੈ ਸਕਦਾ ਹੈ।

'UNHAIN PARMESHVAR KAY RAAJHA KA PRACHAAR KARNAY AUR BEEMARON KO ACHAA KARNAY KAY LEAY BHEJA (LUKE 9:2)
THE SAVIOR'S CHURCH
HINDI, PUNJABI, URDU
You are invited to be our guest
Sunday Service
12:00 PM
913 FLOYD AVE. MODESTO, CA 95350
FOR FURTHER INFORMATION CONTACT: +1 (209) 300-9483
ਇਥੇ ਬਿਮਾਰਾਂ ਲਈ ਖਾਸ ਤੌਰ ਤੇ ਦੁਆਵਾਂ ਕੀਤੀਆਂ ਜਾਂਦੀਆਂ ਹਨ, ਆਉ ਅਤੇ ਆਪਣੀ ਚੰਗੀਆਈ ਨੂੰ ਪ੍ਰਾਪਤ ਕਰੋ। ਇਹ ਸਾਰੀ ਸੇਵਾ ਮੁਫ਼ਤ ਕੀਤੀ ਜਾਂਦੀ ਹੈ। ਵਧੇਰੇ ਜਾਣਕਾਰੀ ਲਈ ਪਾਸਟਰ ਐਰੀਕ ਰਾਏ ਜੀ ਨਾਲ ਗੱਲ ਕਰੋ, ਅਸੀਂ ਪੰਜਾਬੀ ਹਿੰਦੀ ਅਤੇ ਉਰਦੂ ਬੋਲਦੇ ਹਾਂ।
209 687 6548, 209 300 9483
ਸਾਡੀ ਵੈਬ ਸਾਈਟ www.thesaviorschurch.net

A & S
Auto Repair & Services
Specializing in Brakes & Axles
Mon-Fri 9:00 AM to 6:00 PM Saturday 9:00 AM to 5:00 PM
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics


Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਅਮਰੀਕਨ ਸੀਨੀਅਰ ਸਿਟੀਜ਼ਨ ਗਰੁੱਪ ਸੈਕਰਾਮੈਂਟੋ ਨੂੰ ਸਦਮਾ

**ਸੈਕਰਾਮੈਂਟੋ (ਬਿਊਰੋ)** ਅਮਰੀਕਨ ਸੀਨੀਅਰ ਸਿਟੀਜ਼ਨ ਗਰੁੱਪ ਸੈਕਰਾਮੈਂਟੋ ਨੂੰ ਉਸ ਵੇਲੇ ਵੱਡਾ ਝਟਕਾ ਲੱਗਾ ਜਦੋਂ ਉਹਨਾਂ ਦੇ ਇਕ ਸਰਗਰਮ ਮੈਂਬਰ ਭਜਨ ਸਿੰਘ ਬਰਿਆਨਾ 29 ਸਤੰਬਰ ਬੁੱਧਵਾਰ ਨੂੰ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਭਜਨ ਸਿੰਘ 72 ਸਾਲਾਂ ਦੇ ਸਨ। ਉਹਨਾਂ ਦਾ ਜਨਮ ਪਿੰਡ ਨੰਗਲ ਈਸਰ ਜ਼ਿਲ੍ਹਾ ਹੁਸ਼ਿਆਰਪੁਰ (ਪੰਜਾਬ) ਵਿਖੇ ਹੋਇਆ। ਇੰਜੀਨੀਅਰ ਦੀ ਪੜ੍ਹਾਈ ਕਰਨ ਉਪਰੰਤ ਉਹਨਾਂ ਨੇ ਏਅਰ ਫੋਰਸ ਵਿਚ ਨੌਕਰੀ ਜੁਆਇਨ ਕੀਤੀ ਅਤੇ 21 ਵਾਰ ਟੈਸਟ ਪਾਸ



ਕਰਨ ਉਪਰੰਤ ਬਣਦੀ ਤਰੱਕੀ ਲਈ। ਨੌਕਰੀ ਤੋਂ ਸੇਵਾ ਨਵਿਰਤੀ ਉਪਰੰਤ ਉਹ 1996 ਵਿਚ ਆਪਣੇ ਪਰਿਵਾਰ ਸਮੇਤ ਅਮਰੀਕਾ ਆ ਗਏ ਅਤੇ ਇੱਥੇ ਪਹੁੰਚ ਕੇ ਬਤੌਰ ਟੈਕਸੀ ਡਰਾਈਵਰ ਦਾ ਕੰਮ ਕੀਤਾ। ਪਿਛਲੇ ਕਈ ਸਾਲਾਂ ਤੋਂ ਉਹ ਦਿਲ ਦੀ ਬਿਮਾਰੀ ਤੋਂ ਪੀੜਤ ਸਨ। ਇਸੇ ਦੌਰਾਨ ਉਹ ਅਮਰੀਕਨ ਸੀਨੀਅਰ ਸਿਟੀਜ਼ਨ ਗਰੁੱਪ ਦੇ ਮੈਂਬਰ ਬਣੇ। ਉਹ ਬਹੁਤ ਘੱਟ ਬੋਲਣਵਾਲੇ ਸੱਚੇ ਇਨਸਾਨ ਸਨ। ਸੀਨੀਅਰ ਸਿਟੀਜਨ ਗਰੁੱਪ ਦੀ ਉਹਨਾਂ ਨੇ 28 ਸਤੰਬਰ ਨੂੰ ਮੀਟਿੰਗ ਵਿਚ ਹਿੱਸਾ ਲਿਆ ਅਤੇ 29 ਸਤੰਬਰ ਨੂੰ ਆਪਣੇ ਗ੍ਰਹਿ ਵਿਖੇ ਅਚਾਨਕ ਸਵਰਗਵਾਸ ਹੋ ਗਏ। 3 ਅਕਤੂਬਰ ਨੂੰ ਉਹਨਾਂ ਦੇ ਅੰਤਿਮ ਸਸਕਾਰ ਤੇ ਰਿਸ਼ਤੇਦਾਰਾਂ ਅਤੇ ਮਿੱਤਰਾਂ ਤੋਂ ਇਲਾਵਾ ਸੀਨੀਅਰ ਸਿਟੀਜ਼ਨ ਦੇ ਮੈਂਬਰਾਂ ਨੇ ਅੰਤਿਮ ਵਿਦਾਇਗੀ ਦਿੱਤੀ।

ਇਸ ਸਮੇਂ ਸੀਨੀਅਰ ਸਿਟੀਜ਼ਨ ਗਰੁੱਪ ਦੇ ਚੇਅਰਮੈਨ ਸ੍ਰੀ ਸੁਖਚੈਨ ਸਿੰਘ ਅਤੇ ਗੁਰਪਾਲ ਸਿੰਘ ਖਹਿਰਾ, ਸੀਨੀਅਰ ਮੈਂਬਰ ਨੇ ਸ਼ਰਧਾਂਜਲੀ ਦਿੰਦੇ ਹੋਏ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਭਜਨ ਸਿੰਘ ਵੱਲੋਂ ਗਰੁੱਪ ਵਿਚ ਪਾਏ ਯੋਗਦਾਨ ਦਾ ਵੀ ਜ਼ਿਕਰ ਕੀਤਾ। ਲੋੜ ਪੈਣ'ਤੇ ਪਰਿਵਾਰ ਨੂੰ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿਵਾਇਆ। ਇਸ ਸਮੇਂ ਟੈਕਸੀ ਯੂਨੀਅਨ ਸੈਕਰਾਮੈਂਟੋ ਦੇ ਪ੍ਰਧਾਨ ਨੇ ਵੀ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ। ਭਜ ਸਿੰਘ ਆਪਣੇ ਪਿੱਛੇ ਸੁਪਤਨੀ ਸਰਬਜੀਤ ਕੌਰ ਅਤੇ ਪੁੱਤਰ ਗੁਰਪ੍ਰੀਤ ਸਿੰਘ ਛੱਡ ਗਏ ਹਨ। ਉਸਦੇ ਪੁੱਤਰ ਗੁਰਪ੍ਰੀਤ ਸਿੰਘ ਨੇ ਜਿੱਥੇ ਦੁੱਖ ਦੇ ਸਮੇਂ ਹਾਜ਼ਰ ਲੋਕਾਂ ਦਾ ਧੰਨਵਾਦ ਕੀਤਾ, ਉਥੇ ਨਮ ਅੱਖਾਂ ਨਾਲ ਆਪਣੇ ਪਿਤਾ ਦੀ ਅੰਤਮਿ ਰਸਮ ਅਗਨ ਭੇਟ ਬਟਨ ਦਬਾਅ ਕੇ ਪੂਰੀ ਕੀਤੀ।

*ਅਦਾਰਾ ਦੇਸ਼ ਦੁਆਬਾ ਵੱਲੋਂ ਇਸ ਦੁੱਖ ਦੀ ਘੜੀ ਸਵਰਗੀ ਸ. ਭਜਨ ਸਿੰਘ ਬਰਿਆਨਾ ਨੂੰ ਭਾਵ-ਭਿੰਨੀ ਸ਼ਰਧਾਂਜਲੀ ਦਿੰਦਿਆਂ, ਪਰਿਵਾਰ ਨਾਲ ਦਿਲੀ ਦੁੱਖ ਪ੍ਰਗਟ ਕੀਤਾ ਜਾਂਦਾ ਹੈ।*

# ਵੰਨ ਸਵੰਨੇ ਬਾਗਾਂ ਅੰਦਰ ਸਾਹਿਤਕ ਰੰਗਾਂ ਦੀ ਰੌਣਕ

**ਸਟਾਕਟਨ (ਬਿਊਰੋ)** ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਬੀਤੀ ਦੋ ਅਕਤੂਬਰ ਨੂੰ ਸਭਾ ਦੇ ਸਰਗਰਮ ਮੈਂਬਰ ਚਰਨਜੀਤ ਸਿੰਘ ਸਾਹੀ ਦੇ ਫਾਰਮ-ਹਾਊਸ ਤੇ ਇਕ ਯਾਦਗਾਰੀ ਸਾਹਿਤਕ ਸਮਾਗਮ ਕੀਤਾ ਗਿਆ। ਸਮਾਗਮ ਦਾ ਅਰੰਭ ਸਾਹੀ ਪਰਿਵਾਰ ਦੀਆਂ ਦੋ ਬੱਚੀਆਂ: ਕੋਮਲ ਕੌਰ ਸਾਹੀ (ਪੋਤੀ) ਅਤੇ ਕਿਰਤ ਪ੍ਰੀਤ ਕੌਰ ਸੰਧੂ (ਦੋਹਤੀ) ਵਲੋਂ ਪਿਛਲੇ ਦਿਨੀਂ ਅਟਾਰਨੀ ਐਟ ਲਾਅ ਦੀ ਸਹੁੰ ਚੁੱਕੇ ਜਾਣ ਦੀ ਖੁਸ਼ੀ ਵਿੱਚ ਸਾਹੀ ਪਰਿਵਾਰ ਨੂੰ ਵਧਾਈਆਂ ਦਾ ਗੁਲਦੱਸਤਾ ਭੇਂਟ ਕਰਦਿਆਂ ਹੋਇਆ। ਹਾਜ਼ਰ ਮੈਂਬਰਾਂ ਨੇ ਦੋਹਾਂ ਬੱਚੀਆਂ ਦੀ ਇਸ ਪ੍ਰਾਪਤੀ ਨੂੰ ਇਕ ਸ਼ਲਾਘਾ ਯੋਗ ਕਦਮ ਦਸਿਆ। ਇਸ ਉਪਰੰਤ ਸਾਹਿਤਕ ਰਚਨਾਵਾਂ ਦਾ ਦੌਰ ਸੁਰੂ ਹੋਇਆ। ਤ੍ਰਿਪਤ ਸਿੰਘ ਭੱਟੀ ਨੇ ਦੋ ਮਿੰਨੀ ਕਹਾਣੀਆਂ: ਪੰਜਵਾਂ ਗੇਅਰ ਅਤੇ ਨਿੱਘ। ਚਰਨਜੀਤ ਸਿੰਘ ਸਾਹੀ ਨੇ, ਕੰਬਾਈਨਾ ਅਤੇ ਮੌਜਾਂ। ਮ੍ਰਗਿੰਦਰ ਪੰਧੇਰ ਨੇ, ਸ਼ੇਰ ਦਾ ਪੁੱਤ। ਹਰਨੇਕ ਸਿੰਘ ਨੇ, ਬਲੀਦਾਨ ਅਤੇ ਖੁਸ਼ਬੋ ਸੁਣਾਈਆਂ। ਹਰਜਿੰਦਰ ਪੰਧੇਰ ਨੇ ਇਕ ਲੰਬੀ ਕਹਾਣੀ, (ਧੂੰਏ ਦੀ ਲਕੀਰ) ਅਤੇ ਗੁਰਪ੍ਰੀਤ ਕੌਰ





ਨੇ 'ਹੱਡ ਬੀਤੀ' ਸਰੋਤਿਆਂ ਨਾਲ ਸਾਂਝੀ ਕੀਤੀ। ਪੜ੍ਹੀਆਂ ਗਈਆਂ ਕਹਾਣੀਆਂ ਬਾਰੇ ਸਰੋਤਿਆਂ ਵਲੋਂ ਉਸਾਰੂ ਵਿਚਾਰ ਚਰਚਾ ਕੀਤੀ ਗਈ। ਅਗਲਾ ਦੌਰ ਗੀਤਾਂ ਤੇ ਕਵਿਤਾਵਾਂ ਦਾ ਸੀ। ਡਾ. ਸਤਵਿੰਦਰ ਸਿੰਘ ਸਾਹੀ ਨੇ ਕਿਸਾਨੀ ਨੂੰ ਸਮਰਪੱਤ ਇਕ ਖੂਬਸੂਰਤ ਕਵਿਤਾ: 'ਉੱਠ ਓਏ ਜੱਟਾ ਜਾਗ, ਜਗਾਅ ਸੁੱਤੇ ਆਪਣੇ ਭਾਗ। ਅਜੀਤ ਪਰਮਿੰਦਰ ਕੌਰ ਨੇ, ਪ੍ਰੋਫੈਸਰ ਮੋਹਨ ਸਿੰਘ ਦੀ ਕਵਿਤਾ। ਮਨਜੀਤ ਕੌਰ ਸੰਧੂ ਨੇ ਪ੍ਰੇਮਕਾ ਦੀ ਨਿਰਾਸ਼ਤਾ ਨੂੰ ਬਿਆਨਦਾ ਇੱਕ ਗੀਤ। ਭੁਪਿੰਦਰ ਕੌਰ ਨੇ ਇਕ ਬੜੀ ਹੀ ਭਾਵਪੂਰਤ ਕਵਿਤਾ: 'ਮੇਰੇ ਦਿੱਲ ਦੇ ਬੂਹੇ ਤੇ ਤੂੰ ਦਸਤੱਕ ਦਿੱਤੀ' ਸੁਣਾਉਂਦਿਆਂ ਸਰੋਤਿਆਂ ਦੇ ਮਨਾਂ ਨੂੰ ਕੀਲ ਲਿਆ। ਹਰਜਿੰਦਰ ਪੰਧੇਰ ਨੇ ਆਪਣੀ ਨਵੀਂ ਲਿਖੀ ਕਵਿਤਾ 'ਚਿਰਾਗ਼' ਨਾਲ ਹਾਜ਼ਰੀ ਲਵਾਈ। ਸਮਾਗਮ ਵਿੱਚ ਉਪਰੋਕਤ ਤੋਂ ਇਲਾਵਾ ਹਰਿਸ਼ਰਣ ਸਿੰਘ ਸੰਧੂ, ਅਜੀਤ ਕੌਰ, ਰਾਜਕੁਮਾਰੀ, ਪਰਮਜੀਤ ਕੌਰ, ਪੁਸ਼ਵਿੰਦਰ ਕੌਰ ਆਦਿ ਵੀ ਸ਼ਾਮਲ ਹੋਏ। ਸਵੇਰੇ ਗਿਆਰਾਂ ਤੋਂ ਚਾਰ ਵਜੇ ਤੱਕ ਚੱਲੇ ਇਸ ਸਮਾਗਮ ਲਈ ਚਾਹ ਪਾਣੀ ਅਤੇ ਲੰਗਰ ਦਾ ਪ੍ਰਬੰਧ ਸਾਹੀ ਪਰਿਵਾਰ ਵਲੋਂ ਬੜੇ ਚਾਵਾਂ ਨਾਲ ਕੀਤਾ ਗਿਆ।

**ਨਿਊਜ਼ ਰਿਪੋਰਟ: ਹਰਜਿੰਦਰ ਪੰਧੇਰ**
**( ਫੋਨ: 209-610-5055)**

# ਅਮਰੀਕਾ ਵਿਚ 1000 ਤੋਂ ਵਧ ਉਡਾਣਾਂ ਰੱਦ ਹੋਣ ਕਾਰਨ ਯਾਤਰੀ ਹੋਏ ਪ੍ਰੇਸ਼ਾਨ

**ਸੈਕਰਾਮੈਂਟੋ 11 ਅਕਤੂਬਰ (ਹੁਸਨ ਲੜੋਆ ਬੰਗਾ)-** ਸਾਊਥਵੈਸਟ ਏਅਰਲਾਈਨਜ ਦੁਆਰਾ ਲੰਘੇ ਐਤਵਾਰ 1000 ਤੋਂ ਵਧ ਉਡਾਣਾਂ ਰੱਦ ਕਰ ਦੇਣ ਕਾਰਨ ਯਾਤਰੀਆਂ ਨੂੰ ਪ੍ਰੇਸ਼ਾਨ ਹੋਣਾ ਪਿਆ। ਮੋਟੇ ਤੌਰ 'ਤੇ ਰੋਜ਼ਾਨਾਂ ਦੀਆਂ ਕੁਲ ਉਡਾਣਾਂ ਵਿਚੋਂ 27% ਰੱਦ ਕਰ ਦਿੱਤੀਆਂ ਗਈਆਂ। ਕੰਪਨੀ ਨੇ ਕਿਹਾ ਹੈ ਕਿ ਫਲੋਰੀਡਾ ਵਿਚ ਹਵਾਈ ਆਵਾਜਾਈ ਨਿਯੰਤਰਣ



ਸਮੱਸਿਆ, ਘੱਟ ਸਟਾਫ ਤੇ ਖਰਾਬ ਮੌਸਮ ਕਾਰਨ ਉਡਾਣਾਂ ਰੱਦ ਕਰਨੀਆਂ ਪਈਆਂ ਹਨ।

ਸਾਊਥਵੈਸਟ ਏਅਰਲਾਈਨਜ਼ ਨੇ ਸ਼ਨੀਵਾਰ 808 ਉਡਾਣਾਂ ਰੱਦ ਕਰ ਦਿੱਤੀਆਂ ਸਨ ਜਿਸ ਕਾਰਨ ਅਮਰੀਕਾ ਭਰ ਵਿਚ ਹਜਾਰਾਂ ਯਾਤਰੀਆਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਯਾਤਰੀਆਂ ਨੂੰ ਕਈ ਕਈ ਘੰਟੇ ਹਵਾਈ ਅੱਡਿਆਂ ਉਪਰ ਹੀ ਬਿਤਾਉਣੇ ਪਏ ਤੇ ਆਰਥਕ ਨੁਕਸਾਨ ਝਲਣਾ ਪਿਆ।






# ਸੈਕਰਾਮੈਂਟੋ (ਕੈਲੀਫੋਰਨੀਆ) 'ਚ ਹੋਇਆ ਯੂਪੀ 'ਚ ਮਾਰੇ ਗਏ ਕਿਸਾਨਾਂ ਪ੍ਰਤੀ ਰੋਸ ਇਕੱਠ

## ਅਮਰੀਕੀ ਰਾਸ਼ਟਰਪਤੀ ਨੂੰ ਭੇਜਿਆ ਮੈਮੋਰੰਡਮ, ਵੱਖ ਵੱਖ ਬੁਲਾਰਿਆਂ ਨੇ ਕਿਸਾਨ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੀ ਕੀਤੀ ਅਪੀਲ

**ਸੈਕਰਾਮੈਂਟੋ, ਕੈਲੀਫੋਰਨੀਆ( ਹੁਸਨ ਲੜੋਆ ਬੰਗਾ)–** ਗੋਲਡਨ ਸਟੇਟ ਕੈਲੀਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਦੇ ਕੈਪੀਟਲ ਤੇ ਅੱਜ ਪੰਜਾਬੀ ਭਾਈਚਾਰੇ ਵਲੋਂ ਬੀਤੇ ਦਿਨੀਂ ਯੂ ਪੀ ਚ ਮਾਰੇ ਗਏ ਕਿਸਾਨਾਂ ਪ੍ਰਤੀ ਰੋਸ ਪ੍ਰਗਟ ਕਰਨ ਲਈ ਇਕੱਠ ਕੀਤਾ ਗਿਆ ਜਿਸ ਦੌਰਾਨ ਦੂਰੋਂ ਨੇੜਿਓਂ ਆਏ ਬੁਲਾਰਿਆਂ ਨੇ ਹੁਣ ਤੱਕ ਮਾਰੇ ਗਏ ਕਿਸਾਂਨਾਂ ਤੇ ਯੂ ਪੀ ਵਿੱਚ ਸਿਆਸੀ ਲੋਕਾਂ ਵਲੋਂ ਕੀਤੇ ਗਏ ਕਿਸਾਨਾਂ ਦੇ ਕਤਲਾਂ ਪ੍ਰਤੀ ਦੁੱਖ ਪ੍ਰਗਟ ਕੀਤਾ। ਇਸ ਮੌਕੇ ਸਮਾਗਮ ਦੀ ਸ਼ੁਰੂਆਤ ਅਰਦਾਸ ਨਾਲ ਕੀਤੀ ਗਈ ਤੇ ਫਿਰ ਵੱਖ ਵੱਖ ਬੁਲਾਰਿਆਂ ਨੇ ਆਪਣੇ ਆਪਣੇ ਵਿਚਾਰ ਵਿਅਕਤ ਕੀਤੇ ਇਸ ਮੌਕੇ ਹਰੀਪਾਲ ਸਿੰਘ ਸਹੋਤਾ ਨੇ ਪੰਜਾਬ ਦੇ ਇਤਿਹਾਸ ਨਾਲ ਇਸ ਘਟਨਾਂ ਨੂੰ ਜੋੜਦਿਆਂ ਕਿਹਾ ਕਿ 1947 ਦੀ ਘਟਨਾਂ ਵੀ ਸਿੱਖਾਂ ਸਿਰ ਮੜ ਦਿੱਤੀ ਗਈ ਤੇ ਜਿਸ ਦੌਰਾਨ ਲੱਖਾਂ ਸਿੱਖ ਮਰੇ ਤੇ ਨਨਕਾਣਾ ਸਾਹਿਬ ਦੇ ਘੱਲੂਘਾਰੇ ਦੌਰਾਨ ਤਾਂ ਸਿੱਖਾਂ ਦੀਆਂ ਅਜ਼ਿਹੀਆਂ ਕੋਈ ਮੰਗਾਂ ਨਹੀਂ ਸੀ ਪਰ ਫਿਰ ਵੀ ਸਿੱਖਾਂ ਨੂੰ ਨਿਸ਼ਾਨਾਂ ਬਣਾਇਆ ਜਾਂਦਾ ਰਿਹਾ ਹੈ ਬਣ ਰਿਹਾ ਹੈ। ਇਸ ਦੌਰਾਨ ਕੁਲਜੀਤ ਸਿੰਘ ਨਿੱਝਰ ਇਤਿਹਾਸਕ ਗੁਰਦੁਆਰਾ ਸਟਾਕਟਨ ਨੇ ਕਿਹਾ ਕਿ ਭਾਵੇ ਜੋ ਮਰਜੀ ਕਿਹਾ ਜਾਵੇ ਪਰ ਕਤਲੇਆਮ ਸਿੱਖਾਂ ਦਾ ਹੀ ਹੋਣਾ ਹੈ, ਇਹ ਸਿਰਫ ਭਾਰਤ ਵਿੱਚ ਹੀ ਸੰਭਵ ਹੈ, ਉਨਾਂ ਕਿਹਾ ਸਾਨੂੰ ਅੱਜ ਵੀ ਭਾਰਤ ਵਿੱਚ ਬੇਗਾਨਗੀ ਦਾ ਅਹਿਸਾਸ ਕਰਵਾਇਆ ਜਾਦਾ ਹੈ ਕਿਓਂ ਕਿ ਸਾਡਾ ਕੋਈ ਆਪਣਾ ਘਰ ਹੀ ਨਹੀਂ ਹੈ। ਸਿੱਖ ਆਗੂ ਸ ਜੌਨ ਸਿੰਘ ਗਿੱਲ ਨੇ ਭਾਰਤ ਸਰਕਾਰ ਦੀ ਤਿੱਖੀ ਅਲੋਚਨਾਂ ਕਰਦਿਆਂ ਕਿਹਾ ਕਿ ਅਜ਼ਿਹੀਆਂ ਘਟਨਾਵਾਂ ਗਿਣੀ ਮਿਥੀ ਸਾਜਿਸ਼ ਤਹਿਤ ਕੀਤੀਆਂ ਜਾਂਦੀਆਂ ਹਨ, ਉਨਾਂ ਕਿਹਾ ਕਿ ਕਿਸਾਨੀ ਅੰਦੋਲਨ ਨੂੰ ਹੋਰ ਤੇਜ ਕਰਨ ਲਈ ਪੰਜਾਬ ਦੇ ਕਿਸਾਨ ਮੋਰਚਿਆਂ ਚ ਹੋਰ ਸ਼ਾਮਿਲ ਹੋਣ ਤੇ ਪੈਸੇ ਦੀ ਮੱਦਦ ਨਿਰੰਤਰ ਕੀਤੀ ਜਾਵੇਗੀ ਇਸ ਲਈ ਸਾਨੂੰ ਫੰਡ ਵੀ ਇਕੱਠੇ ਕਰਨੇ ਪਏ ਤਾਂ ਅਸੀਂ ਕਰਾਂਗੇ। ਉਨਾਂ ਸ਼ੋਸਲ ਮੀਡੀਏ ਨੂੰ ਭਰਪੂਰ ਵਰਤੋਂ ਚ ਲਿਆਉਣ ਲਈ ਕਿਹਾ। ਸਮਾਜਿਕ ਆਗੂ ਮਲਕੀਅਤ ਸਿੰਘ ਬੋਪਾਰਾਏ ਨੇ ਕਿਸਾਨਾਂ ਦੇ ਹੋਏ ਕਤਲੇਆਮਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਇਹ ਸਿਰਫ ਸਾਡੇ ਨਾਲ ਹੀ ਅਜ਼ਿਹਾ ਕਿਉਂ ਹੁੰਦਾ ਹੈ, ਉਨਾਂ ਕਿਹਾ ਕਿ ਕਾਂਗਰਸਮੈਨਾਂ ਨੂੰ ਸਾਡੇ ਪੜੇ ਲਿਖੇ ਭਾਈਚਾਰੇ ਵਲੋਂ ਲਿਖਿਆ ਜਾਂਣਾਂ ਚਾਹੀਦਾ ਹੈ। ਬਿਜਨਸਮੈਨ ਜਸਵੀਰ ਸਿੰਘ ਥਾਂਦੀ ਨੇ ਕਿਹਾ ਕਿ ਸਰਕਾਰ ਸਾਡੇ ਇਤਿਹਾਸ ਨੂੰ ਨਹੀਂ ਜਾਣਦੀ, ਸਾਡਾ ਇਤਿਹਾਸ ਕੁਰਬਾਨੀਆਂ ਨਾਲ ਭਰਿਆ ਪਿਆ ਹੈ। ਸਾਨੂੰ ਇਕੱਠ ਹੋਕੇ ਜਿੱਤ ਪ੍ਰਾਪਤ ਕਰਨ ਲਈ ਤੁਹੱਈਆ ਕਰਨਾ ਚਾਹੀਦਾ ਹੈ। ਬਰਾਡਸ਼ਾਅ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਡਾ ਗੁਰਪ੍ਰੀਤ ਸਿੰਘ ਨੇ ਕਿਹਾ ਕਿ ਉਨਾਂ ਦਾ ਪਰਿਵਾਰ ਯੂ ਪੀ ਵਾਪਰੀ ਘਟਨਾ ਵਾਲੇ ਇਲਾਕੇ ਨਾਲ ਸਬੰਧ ਰੱਖਦਾ ਹੈ ਪਰ ਉਥੇ ਸਿੱਖਾਂ ਦੀਆਂ ਬੇਸ਼ੁਮਾਰ ਜਾਇਦਾਦਾਂ ਹਨ ਪਰ ਇਸ ਘਟਨਾ ਨੇ ਤਰਾਈ ਦੇ ਸਿਖਾਂ ਨੂੰ ਇਕੱਲੇਪਨ ਦਾ ਫਿਰ ਅਹਿਸਾਸ ਕਰਵਾਇਆ ਹੈ ਤੇ ਭਾਰਤ ਵਿੱਚ ਸਿੱਖ ਕਿਤੇ ਵੀ ਸੁਰੱਖਿਅਤ ਨਹੀਂ ਹਨ। ਸਟੇਜ ਦੀ ਕਾਰਵਾਈ ਸੀਤਲ ਸਿੰਘ ਨਿੱਝਰ ਤੇ ਸੁੱਖੀ ਸੇਖੋਂ ਅਮਨਦੀਪ ਸਿੰਘ ਸੰਧੂ ਨੇ ਨਿਭਾਈ ਇਸ ਮੌਕੇ ਹੋਰ ਬੁਲਾਰਿਆਂ ਵਿੱਚ ਜੈਗ ਬੈਂਸ, ਕੇਸਰ ਸਿੰਘ, ਰਾਜਾ ਕੰਗ, ਬੂਟਾ ਢਿਲੋਂ, ਫਕੀਰ ਸਿੰਘ ਮੱਲੀ ਨੇ ਵੀ ਵਿਚਾਰ ਰੱਖੇ। ਇਸ ਮੌਕੇ ਕੈਲੀਫੋਰਨੀਆਂ ਦੀ ਅਸੈਂਬਲੀ ਚ ਕੰਮ ਕਰਦੇ ਗੁਰਲੀਨ ਸਿੰਘ ਬੋਪਾਰਾਏ ਨੂੰ ਅਮਰੀਕਾ ਦੇ ਰਾਸ਼ਟਰਪਤੀ ਜੋ ਬਾਈਡਨ ਲਈ ਸਮੂਹਕ ਤੌਰ ਤੇ ਕਿਸਾਨਾਂ ਪ੍ਰਤੀ ਇੱਕ ਮੈਮੋਰੰਡਮ ਦਿੱਤਾ ਗਿਆ।





# ਭਾਰਤ-ਅਮਰੀਕਾ ਤੇ ਕੁਐਡ ਦੇਸ਼ਾਂ ਵਿਚਾਲੇ ਸਹਿਯੋਗ ਵਧਾਉਣ ਲਈ ਉੱਚ ਅਧਿਕਾਰੀ ਕੰਮ ਕਰਨਗੇ-ਵਾਈਟ ਹਾਊਸ

**ਸੈਕਰਾਮੈਂਟੋ 12 ਅਕਤੂਬਰ (ਹੁਸਨ ਲੜੋਆ ਬੰਗਾ)** ਵਾਈਟ ਹਾਊਸ ਦੀ ਪ੍ਰੈਸ ਸਕੱਤਰ ਜੇਨ ਪਸਾਕੀ ਨੇ ਕਿਹਾ ਹੈ ਕਿ ਪਿਛਲੇ ਮਹੀਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ , ਅਮਰੀਕੀ ਰਾਸ਼ਟਰਪਤੀ ਜੋ ਬਾਈਡਨ ਤੇ ਕੁਐਡ ਦੇ ਆਸਟ੍ਰੇਲੀਆ ਤੇ ਜਪਾਨ ਦੇ ਆਗੂਆਂ ਵਿਚਾਲੇ ਹੋਈ ਮੀਟਿੰਗ ਵਿਚ ਤੈਅ ਕੀਤੀ ਕਾਰਜ ਪ੍ਰਣਾਲੀ ਅਨੁਸਾਰ ਸਹਿਯੋਗ ਵਧਾਉਣ ਲਈ ਉੱਚ ਪੱਧਰ ਦੇ ਅਧਿਕਾਰੀ ਕੰਮ ਕਰਨਗੇ।

ਪ੍ਰੈਸ ਸਕੱਤਰ ਨੇ ਕਿਹਾ ਕਿ 'ਇਸ ਵੇਲੇ ਸਾਡਾ ਧਿਆਨ ਉੱਚ ਪੱਧਰ ਦੇ ਵਾਰਤਾਕਾਰਾਂ ਰਾਹੀਂ ਕੰਮ ਨੂੰ ਜਾਰੀ ਰਖਣ ਵੱਲ ਹੈ। ਇਹ ਵਾਰਤਾਕਾਰ ਵਿਦੇਸ਼ ਮੰਤਰੀ, ਵਿਦੇਸ਼ ਵਿਭਾਗ ਜਾਂ ਸਾਡੀ ਕੌਮੀ ਸੁਰੱਖਿਆ ਟੀਮ ਵਿਚੋਂ ਹੋ ਸਕਦੇ ਹਨ। ਇਹ ਵਾਰਤਕਾਰ ਆਰਥਕ ਸੁਰੱਖਿਆ, ਕੌਮੀ ਸੁਰੱਖਿਆ, ਕੋਵਿਡ ਉਪਰ ਕਾਬੂ ਪਾਉਣ ਸਮੇਤ ਹੋਰ ਮੁੱਦਿਆਂ ਉਪਰ ਗੱਲਬਾਤ ਨੂੰ ਕਿਸ ਤਰਾਂ ਅੱਗੇ ਜਾਰੀ ਰਖਿਆ ਜਾ ਸਕਦਾ ਹੈ, ਬਾਰੇ ਕੰਮ ਕਰਨਗੇ।' ਵਾਈਟ ਹਾਊਸ ਵਿਚ ਰੋਜਾਨਾ ਦੀ ਗੱਲਬਾਤ ਦੌਰਾਨ ਭਾਰਤ ਤੇ ਅਮਰੀਕਾ ਦੇ ਅਧਿਕਾਰੀਆਂ ਵਿਚਾਲੇ ਹੋਈਆਂ ਮੀਟਿੰਗਾਂ ਤੇ ਹੋਣ ਵਾਲੀਆਂ ਮੀਟਿੰਗਾਂ ਸਬੰਧੀ ਪੁੱਛੇ ਇਕ ਪ੍ਰਸ਼ਨ ਦੇ ਉਤਰ ਵਿਚ ਜੇਨ ਪਸਾਕੀ ਨੇ ਕਿਹਾ ਕਿ ਦੁਪਾਸੜ ਮੀਟਿੰਗ ਤੇ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਸਕਾਟ ਮੋਰੀਸਨ ਤੇ ਤਤਕਾਲ ਜਪਾਨੀ ਆਗੂ ਯੋਸ਼ਿਹਿਡੇ ਸੂਗਾ ਨਾਲ ਹੋਇਆ ਕੁਐਡ ਸੰਮੇਲਨ ਆਪਸੀ ਰਿਸ਼ਤਿਆਂ ਤੇ ਭਾਈਵਾਲੀ ਬਾਰੇ ਵਿਚਾਰ ਵਟਾਂਦਾਰਾ ਕਰਨ ਦਾ ਅਵਸਰ ਸੀ ਤੇ ਇਸ ਨੂੰ ਅੱਗੇ ਲਿਜਾਣ ਲਈ ਕੰਮ ਕੀਤਾ ਜਾਵੇਗਾ।

ਪ੍ਰੈਸ ਸਕੱਤਰ ਨੇ ਕਿਹਾ ਕਿ ਹੇਠਲੇ ਪੱਧਰ ਉਪਰ ਵੀ ਕੰਮ ਜਾਰੀ ਰਖਿਆ ਜਾਵੇਗਾ ਪਰ ਆਉਣ ਵਾਲੇ ਹਫਤਿਆਂ ਤੇ ਮਹੀਨਿਆਂ ਦੌਰਾਨ ਗੱਲਬਾਤ ਉੱਚ ਪੱਧਰ 'ਤੇ ਹੋਵੇਗੀ। ਇਸੇ ਦੌਰਾਨ ਪੈਂਟਾਗਨ ਨੇ ਕਿਹਾ ਹੈ ਕਿ ਭਾਰਤ ਦੇ ਰਖਿਆ ਸਕੱਤਰ ਅਜੇ ਕੁਮਾਰ ਤੇ ਅਮਰੀਕਾ ਦੇ ਰਖਿਆ ਨੀਤੀ ਬਾਰੇ ਅੰਡਰ ਸਕੱਤਰ ਕੋਲਿਨ ਕਾਹਲ ਵਿਚਾਲੇ 8 ਅਕਤੂਬਰ ਨੂੰ ਮੀਟਿੰਗ ਹੋਈ ਸੀ ਜਿਸ ਵਿਚ ਦੁਪਾਸੜ ਤਰਜੀਹਾਂ ਤੇ ਭਾਰਤੀ ਪ੍ਰਸ਼ਾਂਤ ਮਹਾਸਾਗਰ ਖੇਤਰ ਵਿਚ ਹੋਰ ਦੇਸ਼ਾਂ ਨਾਲ ਸਹਿਯੋਗ ਵਧਾਉਣ ਦੀਆਂ ਸੰਭਾਵਨਾਵਾਂ ਬਾਰੇ ਵਿਚਾਰ ਵਟਾਂਦਰਾ ਹੋਇਆ।

ਇਸ ਤੋਂ ਇਲਾਵਾ ਡਿਪਟੀ ਵਿਦੇਸ਼ ਸਕੱਤਰ ਵੈਂਡੀ ਸ਼ਰਮਨ ਨੇ 6 ਅਕਤੂਬਰ ਨੂੰ ਨਵੀਂ ਦਿੱਲੀ ਵਿਚ ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਤੇ ਵਿਦੇਸ਼ ਸਕੱਤਰ ਹਰਸ਼ ਵਰਧਨ ਸ਼ਰਿੰਗਲਾ ਨਾਲ ਗੱਲਬਾਤ ਕੀਤੀ ਸੀ। ਇਸ ਗੱਲਬਾਤ ਦੌਰਾਨ ਦੋਨਾਂ ਦੇਸ਼ਾਂ ਵਿਚਾਲੇ ਸੁਰੱਖਿਆ ਤੇ ਵਪਾਰ ਖੇਤਰ ਵਿਚ ਵਧ ਰਹੇ ਸਹਿਯੋਗ ਤੇ ਕੋਵਿਡ ਵੈਕਸੀਨ ਸਬੰਧੀ ਮੁੱਦਿਆਂ ਉਪਰ ਚਰਚਾ ਹੋਈ ਸੀ।







# ਬੈਂਕ ਆਫ ਅਮੈਰਿਕਾ ਨੇ ਆਪਣੇ ਕਰਮਚਾਰੀਆਂ ਦੀ ਪ੍ਰਤੀ ਘੰਟਾ ਤਨਖਾਹ 'ਚ ਕੀਤਾ ਵਾਧਾ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੀ ਪ੍ਰਮੁੱਖ ਬੈਂਕ 'ਬੈਂਕ ਆਫ ਅਮੈਰਿਕਾ' ਨੇ ਆਪਣੇ ਕਰਮਚਾਰੀਆਂ ਦੀ ਪ੍ਰਤੀ ਘੰਟਾ ਤਨਖਾਹ ਵਿੱਚ ਵਾਧਾ ਕੀਤਾ ਹੈ।

ਬੈਂਕ ਆਫ ਅਮੈਰਿਕਾ ਕਾਰਪੋਰੇਸ਼ਨ ਨੇ ਬੁੱਧਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੈਂਕ ਨੇ ਆਪਣੇ ਯੂ ਐਸ ਕਰਮਚਾਰੀਆਂ ਦੀ ਘੱਟੋ ਘੱਟ ਪ੍ਰਤੀ ਘੰਟਾ ਤਨਖਾਹ ਵਧਾ ਕੇ 21 ਡਾਲਰ ਕਰ ਦਿੱਤੀ ਹੈ। ਇਸਦੇ ਇਲਾਵਾ ਬੈਂਕ 2025 ਤੱਕ ਤਨਖਾਹ ਨੂੰ 25 ਡਾਲਰ ਪ੍ਰਤੀ ਘੰਟਾ ਵਧਾਉਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਲਈ ਕੰਮ ਕਰ ਰਹੀ ਹੈ। ਬੈਂਕ ਆਫ




ਅਮੈਰਿਕਾ ਨੇ ਮਈ ਵਿੱਚ ਆਪਣੇ ਯੂ ਐਸ ਕਰਮਚਾਰੀਆਂ ਲਈ ਘੱਟੋ ਘੱਟ ਤਨਖਾਹ ਵਧਾਉਣ ਦੀਆਂ ਯੋਜਨਾਵਾਂ ਦਾ ਖੁਲਾਸਾ ਕੀਤਾ ਸੀ।

ਇਸਦੇ ਨਾਲ ਹੀ ਬੈਂਕ ਨੇ ਆਪਣੇ ਵੈਂਡਰਸ ਨੂੰ ਵੀ ਘੱਟੋ ਘੱਟ ਉਜਰਤ 15 ਡਾਲਰ ਪ੍ਰਤੀ ਘੰਟਾ ਨਿਰਧਾਰਤ ਕਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਪਿਛਲੇ ਚਾਰ ਸਾਲਾਂ ਵਿੱਚ, ਬੈਂਕ ਆਫ ਅਮੈਰਿਕਾ ਨੇ ਘੱਟੋ ਘੱਟ ਪ੍ਰਤੀ ਘੰਟੇ ਦੀ ਤਨਖਾਹ 15 ਡਾਲਰ ਤੋਂ ਵਧਾ ਕੇ 20 ਡਾਲਰ ਤੱਕ ਕੀਤੀ ਹੈ। ਬੈਂਕ ਦੁਆਰਾ ਤਨਖਾਹ ਵਿੱਚ ਵਾਧੇ ਦਾ ਅਮਰੀਕਾ ਵਿੱਚ ਇਸਦੇ ਤਕਰੀਬਨ 174,000 ਕਰਮਚਾਰੀਆਂ ਨੂੰ ਫਾਇਦਾ ਹੋਵੇਗਾ।

# ਅਮਰੀਕਾ ਦੇ ਇਸ ਸੂਬੇ 'ਚ 7 ਮਹੀਨਿਆਂ ਤੋਂ ਚੱਲ ਰਹੀ ਹੈ ਨਰਸਾਂ ਦੀ ਹੜਤਾਲ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰ-ਨੀਆ)–** ਅਮਰੀਕਾ ਦੇ ਮੈਸੇਚਿਉਸੇਟਸ ਸੂਬੇ ਵਿੱਚ ਨਰਸਾਂ ਦੁਆਰਾ ਆਪਣੀਆਂ ਮੰਗਾਂ ਕੀਤੀ ਗਈ ਹੜਤਾਲ 7 ਮਹੀਨੇ ਪੂਰੇ ਕਰ ਗਈ ਹੈ। ਵਰਸੇਸਟਰ, ਮੈਸੇ-ਚਉਸੇਟਸ ਦੇ ਸੇਂਟ ਵਿਨਸੇਂਟ ਹਸਪਤਾਲ ਵਿੱਚ ਨਰਸਿੰਗ ਹੜਤਾਲ ਨੇ ਸ਼ੁੱਕਰਵਾਰ ਨੂੰ ਆਪਣਾ ਸੱਤਵਾਂ ਮਹੀਨਾ ਮਨ-ਾਇਆ, ਜਦਕਿ ਯੂਨੀਅਨ ਅਤੇ ਹਸਪਤਾਲ ਦੇ ਅਧਿਕਾਰੀਆਂ ਦਰਮਿਆਨ ਗੱਲਬਾਤ ਲਗਾਤਾਰ ਲੰਮੀ ਹੁੰਦੀ ਜਾ ਰਹੀ ਹੈ। ਇਸ ਹਸਪਤਾਲ ਦੀਆਂ 700 ਤੋਂ ਵੱਧ ਨਰਸਾਂ ਨੇ 8 ਮਾਰਚ ਨੂੰ ਮਹਾਂਮ-ਾਰੀ ਕਾਰਨ ਪੈਦਾ ਹੋਏ ਸਟਾਫ ਦੇ ਗੰਭੀਰ ਮੁੱਦਿਆਂ ਦਾ ਹਵਾਲਾ ਦਿੰਦੇ ਹੋਏ ਹੜਤਾਲ ਸ਼ੁਰੂ ਕੀਤੀ ਸੀ, ਪਰ ਮਹੀਨਿਆਂ ਦੀ ਗੱਲਬਾਤ ਦੇ ਬਾਵਜੂਦ, ਮੈਸੇਚਿਉਸੇਟਸ ਨਰਸ ਐਸੋਸੀਏਸ਼ਨ ਦੀ ਪ੍ਰਤੀਨਿਧਤਾ ਕਰ ਰਹੇ ਕਾਮਿਆਂ ਨੇ ਕਿਹਾ ਕਿ ਡੈਲਾਸ ਅਧਾਰਤ ਟੇਨੇਟ ਹੈਲਥਕੇਅਰ ਦੀ ਮਲਕੀਅਤ ਵਾਲਾ ਇਹ ਹਸਪਤਾਲ ਉਨ੍ਹਾਂ ਦੀਆਂ ਮੰਗਾਂ ਨੂੰ ਪੂਰਾ ਨਹੀਂ ਕਰੇਗਾ।




ਨਰਸਾਂ ਦੀ ਇਸ ਹੜਤਾਲ ਨੇ ਹੁਣ ਸਟੇਟ ਦੇ ਇਤਿਹਾਸ ਵਿੱਚ ਸਭ ਤੋਂ ਲੰਮੀ ਨਰਸਾਂ ਦੀ ਹੜਤਾਲ ਦਾ ਰਿਕਾਰਡ ਕਾਇਮ ਕੀਤਾ ਹੈ। ਨਰਸਾਂ ਦਾ ਕਹਿਣਾ ਹੈ ਕਿ ਹਸਪਤਾਲ ਵਿੱਚ ਮਰੀਜ਼ਾਂ ਦੀ ਸੰਭਾਲ ਲਈ ਸਟਾਫ ਦੀ ਘਾਟ ਸੀ, ਜਿਸ ਕਾਰਨ ਉਨ੍ਹਾਂ ਦੁਆਰਾ ਪ੍ਰਦਾਨ ਕੀਤੀ ਜਾਣ ਵਾਲੀ ਦੇਖਭਾਲ ਦੀ ਗੁਣਵੱਤਾ ਵਿੱਚ ਕਮੀ ਆਈ। ਕਰਮਚਾਰੀਆਂ ਦੀਆਂ ਮੁਸ਼ਕਲਾਂ ਮਹਾਂਮਾਰੀ ਤੋਂ ਪਹਿਲਾਂ ਸ਼ੁਰੂ ਹੋਈਆਂ ਸਨ ਅਤੇ ਯੂਨੀਅਨ ਦੇ ਅਧਿਕਾਰੀਆਂ ਨੇ ਕਿਹਾ ਕਿ ਉਹ ਹੜਤਾਲ ਕਰਨ ਲਈ ਵੋਟ ਪਾਉਣ ਤੋਂ ਪਹਿਲਾਂ 18 ਮਹੀਨਿਆਂ ਤੋਂ ਵੱਧ ਸਮੇਂ ਤੋਂ ਹਸਪਤਾਲ ਨਾਲ ਗੱਲਬਾਤ ਕਰ ਰਹੇ ਸਨ। ਮੈਸੇਚਿਉਸੇਟਸ ਨਰਸ ਐਸੋਸੀਏਸ਼ਨ ਅਨੁਸਾਰ ਨਰਸਾਂ ਬਹੁਤ ਜ਼ਿਆਦਾ ਕੰਮ ਕਰ ਰਹੀਆਂ ਸਨ ਅਤੇ ਉਨ੍ਹਾਂ ਨੂੰ ਢੁੱਕਵੇਂ ਨਿੱਜੀ ਸੁਰੱਖਿਆ ਉਪਕਰਣ (ਪੀ ਪੀ ਈ) ਵੀ ਨਹੀਂ ਮਿਲੇ ਸਨ। ਇਹਨਾਂ ਨਰਸਾਂ ਦੀ ਹੜਤਾਲ ਫਿਲਹਾਲ ਜਾਰੀ ਹੈ ਅਤੇ ਹਸਪਤਾਲ ਪ੍ਰਸ਼ਾਸਨ ਤੋਂ ਮੰਗਾਂ ਮੰਨਣ ਤੱਕ ਜਾਰੀ ਰਹਿਣ ਦੀ ਉਮੀਦ ਕੀਤੀ ਜਾ ਰਹੀ ਹੈ।

# ਨੇਵੀ ਦੇ ਇੰਜੀਨੀਅਰ 'ਤੇ ਲੱਗੇ ਗੁਪਤ ਜਾਣਕਾਰੀ ਦੇਣ ਦੀ ਕੋਸਿਸ਼ ਕਰਨ ਦੇ ਦੋਸ਼

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਨੇਵੀ ਦੇ ਇੱਕ ਇੰਜੀਨੀਅਰ ਉੱਪਰ ਗੁਪਤ ਜਾਣਕਾਰੀਆਂ ਨੂੰ ਸਾਂਝਾ ਕਰਨ ਦੀ ਕੋਸ਼ਿਸ਼ ਕਰਨ ਦੇ ਦੋਸ਼ ਲੱਗੇ ਹਨ। ਇਸ



ਮਾਮਲੇ ਵਿੱਚ ਅਮਰੀਕੀ ਨੇਵੀ ਦੀਆਂ ਗੁਪਤ ਜਾਣਕਾਰੀਆਂ ਤੱਕ ਪਹੁੰਚ ਰੱਖਣ ਵਾਲੇ ਇੱਕ ਪ੍ਰਮਾਣੂ ਇੰਜੀਨੀਅਰ 'ਤੇ, ਪ੍ਰਮਾਣੂ ਪਣਡੁੱਬੀਆਂ ਦੇ ਡਿਜ਼ਾਈਨ ਨਾਲ ਸਬੰਧਿਤ ਜਾਣਕਾਰੀ ਦੇਣ ਦੀ ਕੋਸ਼ਿਸ਼ ਦਾ ਦੋਸ਼ ਲਾਇਆ ਗਿਆ ਹੈ। ਇਸ ਗੱਲ ਦਾ ਪ੍ਰਦਾਫਾਸ ਇੱਕ ਅੰਡਰਕਵਰ ਐੱਫ ਬੀ ਆਈ ਜਾਸੂਸ ਨੂੰ ਇਸ ਇੰਜੀਨੀਅਰ ਦੁਆਰਾ ਜਾਣਕਾਰੀ ਦੇਣ ਤੋਂ ਬਾਅਦ ਹੋਇਆ। ਇਸ ਜਾਸੂਸ ਨੂੰ ਇਹ ਇੰਜੀਨੀਅਰ ਕਿਸੇ ਵਿਦੇਸ਼ੀ ਸਰਕਾਰ ਦਾ ਪ੍ਰਤੀਨਿਧੀ ਸਮਝ ਰਿਹਾ ਸੀ। ਜੋਨਾਥਨ ਤੋਬੇ ਨਾਮ ਦੇ ਇਸ ਇੰਜੀਨੀਅਰ ਵਿਰੁੱਧ ਜਾਸੂਸੀ ਨਾਲ ਸੰਬੰਧਿਤ ਦੋਸ਼ਾਂ ਦੀ ਜਾਣਕਾਰੀ ਦੇਣ ਵਾਲੀ ਇਕ ਅਪਰਾਧਿਕ ਸ਼ਿਕਾਇਤ 'ਚ ਸਰਕਾਰ ਨੇ ਕਿਹਾ ਕਿ ਉਸ ਨੇ ਪਿਛਲੇ ਸਾਲ ਇਕ ਵਿਅਕਤੀ ਨੂੰ ਇਹ ਮੰਨਦੇ ਹੋਏ ਲਗਭਗ ਸੂਚਨਾ ਵੇਚ ਦਿੱਤੀ ਸੀ ਕਿ ਉਹ ਕਿਸੇ ਵਿਦੇਸ਼ੀ ਸਰਕਾਰ ਦਾ ਪ੍ਰਤੀਨਿਧੀ ਹੈ। ਅਦਾਲਤ ਦੇ ਦਸਤਾਵੇਜ਼ਾਂ 'ਚ ਉਸ ਦੇਸ਼ ਦਾ ਨਾਮ ਨਹੀਂ ਲਿਆ ਗਿਆ ਹੈ। ਇਸ ਮਾਮਲੇ ਸਬੰਧੀ ਤੋਬੇ (42) ਨੂੰ ਉਸ ਦੀ 45 ਸਾਲਾਂ ਪਤਨੀ ਡਾਇਨਾ ਦੇ ਨਾਲ ਸ਼ਨੀਵਾਰ ਨੂੰ ਪੱਛਮੀ ਵਰਜੀਨੀਆ ਤੋਂ ਗ੍ਰਿਫਤਾਰ ਕੀਤਾ ਗਿਆ ਹੈ।

# ਇਹ ਕੇਹੇ ਦਿਨ ਆਏ

ਇਹ ਭਲਾਂ ਕੇਹੇ ਦਿਨ ਆਏ ,ਹਰ ਪਲ ਕਰਦਾ ਹਾਏ ਹਾਏ।
ਰਾਹਾਂ ਉੱਤੇ ਸੱਥਰ ਵਿਛਦੇ, ਰੂਹਾਂ ਨੂੰ ਵੀ ਧੁਰ ਤਕ ਕੰਬਾਏ।

ਬੁੱਢਿਆਂ ਸਾਹਵੇਂ ਗੱਭਰੂ ਮਰਦੇ, ਗੱਭਰੂਆਂ ਅੱਗੇ ਚਾਚੇ ਤਾਏ,
ਮੌਤ ਨਾ ਹੁਣ ਸਿਰਨਾਵੇਂ ਲੱਭੇ, ਚਾਣਚੱਕ ਸੜਕ ਤੇ ਆਏ।

ਹੁਣ ਟਾਇਰ ਦੇਹਾਂ ਤੇ ਚਾੜੇ, ਕਦੇ ਜੋ ਸਨ ਗਲ਼ਾਂ ਵਿੱਚ ਪਾਏ।
ਮਰ ਗਈਆਂ ਦਿਨ ਦੀਵੇ ਕਦਰਾਂ, ਕਾਰੇ ਬਣ ਗਏ ਕਾਲੇ ਸਾਏ।

ਜ਼ਾਲਮਾਂ ਨੇ ਜੋ ਕਰੀ ਤਬਾਹੀ, ਨਫਰਤ ਦੇ ਵਿਚ ਪਾਪ ਕਮਾਏ।
ਚਿੱਟੇ ਦਿਨ ਕਾਰਾਂ ਦਾ ਕਾਰਾ, ਪਰ ਕੋਈ ਨਾ ਸਾਹਵੇਂ ਆਏ।

ਮੁਕਰ ਗਈ ਲੋਕਾਈ ਸਾਰੀ, ਚੈਨਲਾਂ ਐਸੇ ਰੰਗ ਦਿਖਾਏ।
ਸਦਾਚਾਰ ਤਾਂ ਹਓਕੇ ਭਰਦਾ, ਤੁਰਿਆ ਜਾਂਦਾ ਸਚ ਮਰ ਜਾਏ।

ਜ਼ੋਰਾਵਰ ਦਾ ਜ਼ੋਰ ਹੈ ਚੱਲਦਾ, ਕੋਈ ਓਸ ਨੂੰ ਹੱਥ ਨਾ ਪਾਏ।
ਕਿਧਰੇ ਨਾ ਸੁਣਵਾਈ ਕੋਈ, ਸਿਆਸਤ ਐਸੇ ਰੰਗ ਵਟਾਏ ।

ਅਪਰਾਧੀਆਂ ਦੇ ਸਿਰ 'ਤੇ ਸਾਈਂ, ਰਹਿ ਜਾਣਗੇ ਬਚੇ ਬਚਾਏ,
ਮਨ ਵੀ ਪੁੱਛੇ ਦਿਲ ਵੀ ਪੁੱਛੇ, ਕਾਤਲਾਂ ਨੂੰ ਇਹ ਨਿੱਤ ਬਚਾਏ।

ਬਾਕੀ ਸਾਰੇ ਬੇਬਸ ਜਾਪਣ ਇਕੋ ਬੰਦਾ ਰਾਜ ਚਲਾਏ,
ਲੋਕਤੰਤਰ ਦੇ ਦਾਅਵੇਦਾਰੋ, ਇਹ ਭਲਾਂ ਕੇਹੇ ਦਿਨ ਆਏ।

**ਸ਼ਾਮ ਸਿੰਘ, ਅੰਗ ਸੰਗ**



Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ

Call :
Dharminder Singh
Cell : 530-870-6600
Fax : (530) 870-1429
532, Houston St.
West Sacramento, CA 95691
Email: myfuturetruck@gmail.com


Dharminder Singh



NIRMAL SINGH BADHAN
NSB Insurance
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928

# ਬਾਪੂ ਜਗਜੀਤ ਸਿੰਘ ਥਿੰਦ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ...





















**ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆਂ)–** ਕੈਲੀਫੋਰਨੀਆਂ ਵਿੱਚ ਪੰਜਾਬੀ ਬੋਲੀ ਲਈ ਆਖ਼ਰੀ ਸਾਹ ਤੱਕ ਸਰਗਰਮ ਰਹਿਣ ਅਤੇ ਪਰਵਾਸੀ ਪੰਜਾਬੀ ਪੱਤਰਕਾਰੀ 'ਚ ਬਹੁਤ ਅਹਿਮ ਹਿੱਸਾ ਪਾਉਣ ਵਾਲੇ ਬਜ਼ੁਰਗ ਸ. ਜਗਜੀਤ ਸਿੰਘ ਥਿੰਦ ਪਿਛਲੇ ਦਿਨੀਂ 91 ਸਾਲ ਦੀ ਉਮਰ ਭੋਗਕੇ ਫਰਿਜ਼ਨੋ ਦੇ ਲਾਗਲੇ ਸ਼ਹਿਰ ਕਰਮਨ ਵਿਖੇ ਅਕਾਲ ਚਲਾਣਾ ਕਰ ਗਏ ਸਨ। ਉਹਨਾਂ ਦੀ ਦੇਹ ਦਾ ਸਸਕਾਰ ਅੱਜ ਸ਼ਾਂਤ ਭਵਨ ਫਿਊਨਰਲ ਹੋਮ ਫਾਊਲਰ ਵਿੱਖੇ ਕੀਤਾ ਗਿਆ। ਜਿੱਥੇ ਵੀਕ-ਡੇਅ ਹੋਣ ਦੇ ਹੋਣ ਬਾਵਜੂਦ ਵੀ ਵੱਡੀ ਗਿਣਤੀ ਵਿੱਚ ਲੋਕਾਂ ਨੇ ਪਹੁੰਚਕੇ ਉਹਨਾਂ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ। ਇਸ ਮੌਕੇ ਬੋਲਣ ਵਾਲੇ ਬੁਲਾਰਿਆਂ ਵਿੱਚ ਉਹਨਾਂ ਦੀ ਦੋਹਤਰੀ ਪ੍ਰਨੀਤ ਕੌਰ, ਸੁਰਿੰਦਰ ਮੰਡਾਲੀ, ਸਾਧੂ ਸਿੰਘ ਸੰਘਾ, ਸੰਤੋਖ ਸਿੰਘ ਮਿਨਹਾਸ , ਰਾਜ ਬਰਾੜ, ਪਾਲ ਕੈਲੇ, ਚਰਨਜੀਤ ਸਿੰਘ ਬਾਠ, ਜਵਾਈ ਜੋਰਾ ਸਿੰਘ, ਸੁਰਿੰਦਰ ਸਿੰਘ ਨਿੱਝਰ, ਗੁਰਪ੍ਰੀਤ ਸਿੰਘ ਮਾਨ ਅਤੇ ਪੋਤਰਾ ਸੁਖਦੀਪ ਸਿੰਘ ਆਦਿ ਦੇ ਨਾਮ ਜਿੱਤਰਯੋਗ ਹਨ। ਉਪਰੰਤ ਭੋਗ ਗੁਰਦਵਾਰਾ ਅਨੰਦਗੜ੍ਹ ਸਹਿਬ ਕਰਮ ਵਿਖੇ ਪਿਆ। ਜਿੱਥੇ ਗੁਰਤੇਜ ਸਿੰਘ ਧਾਲੀਵਾਲ, ਕਰਨਲ ਹਰਦੇਵ ਸਿੰਘ ਗਿੱਲ, ਅਮਰੀਕ ਸਿੰਘ ਵਿਰਕ ਆਦਿ ਨੇ ਸ਼ਰਧਾਂਜਲੀ ਦਿੱਤੀ ਅਤੇ ਸਿੱਖ ਕੌਂਸਲ ਵੱਲੋਂ ਸਵ. ਜਗਜੀਤ ਸਿੰਘ ਥਿੰਦ ਨੂੰ ਯਾਦ ਕਰਦਿਆਂ ਉਹਨਾਂ ਦੇ ਪੁੱਤਰ ਸੁਰਿੰਦਰ ਸਿੰਘ ਥਿੰਦ ਨੂੰ ਯਾਦ ਪੱਤਰ ਦਿੱਤਾ ਗਿਆ। ਇਸ ਮੌਕੇ ਗੁਰੂ ਘਰ ਦੇ ਕੀਰਤਨੀਏ ਭਾਈ ਸੋਢੀ ਸਿੰਘ ਦੇ ਜਥੇ ਨੇ ਕੀਰਤਨ ਕੀਤਾ। ਅਰਦਾਸ ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ। ਇੱਥੇ ਇਹ ਗੱਲ ਵੀ ਕਰਨੀ ਬਣਦੀ ਹੈ ਕਿ ਅਮਰੀਕਾ ਆਉਣ ਤੋਂ ਪਹਿਲਾਂ ਉਨ੍ਹਾਂ ਦਾ ਪੰਜਾਬ ਵਿਚਲੇ ਆਪਣੇ ਜੱਦੀ ਪਿੰਡ ਬਿੰਜਲ ਨਾਲ ਗੂੜ੍ਹਾ ਨਾਤਾ ਸੀ। ਸੰਨ 1931 ਵਿੱਚ ਜਨਮੇ ਸ. ਜਗਜੀਤ ਸਿੰਘ ਥਿੰਦ ਨੇ ਉਹਨਾਂ ਸਮਿਆਂ ਵਿੱਚ ਉਚੇਰੀ ਵਿੱਦਿਆ ਹਾਸਲ ਕੀਤੀ ਜਦੋਂ ਪੰਜਾਬ ਵਿੱਚ ਦੂਰ ਦੁਰਾਡੇ ਤੱਕ ਸਕੂਲ ਨਾ ਦੀ ਕੋਈ ਚੀਜ਼ ਨਹੀਂ ਹੁੰਦੀ ਸੀ।

ਸ. ਥਿੰਦ ਨੇ 23 ਸਾਲ ਬਿੰਜਲ ਪਿੰਡ ਦੀ ਸਰਪੰਚੀ ਆਪਣੇ ਤਰੀਕੇ ਨਾਲ ਲੋਕਾਂ ਨੂੰ ਨਾਲ ਜੋੜ ਕੇ ਕੀਤੀ। ਉਹ ਬਲਾਕ ਸੰਮਤੀ, ਜਿਲ੍ਹਾ ਪ੍ਰੀਸ਼ਦ ਮੈਂਬਰ ਰਹੇ। ਆਪਣੇ ਅਸਰ ਰਸੂਖ ਸਦਕਾ ਪਿੰਡ ਦੀ ਭਲਾਈ ਦਾ ਹਰ ਕੰਮ ਨੇਪਰੇ ਚਾੜ੍ਹਿਆ। ਪਿੰਡ ਵਿਚ ਸਕੂਲ ਖੁਲ੍ਹਵਾਏ, ਸਲੋਤਰਖਾਨਾ ਬਣਵਾਇਆ, ਗਲੀਆਂ ਪੱਕੀਆਂ ਕਰਵਾਈਆਂ। ਸਭ ਤੋ ਵੱਡੀ ਦੇਣ ਆਪਣੇ ਜੱਦੀ ਪਿੰਡ ਵਿਚ ਪੰਜਾਬੀ ਲਾਇਬਰੇਰੀ ਦਾ ਖੋਲ੍ਹਣਾ ਸੀ।

ਅਮਰੀਕਾ ਆਉਣ ਪਿੱਛੋਂ ਕਰਮਨ ਸ਼ਹਿਰ ਵਿੱਚ ਪੰਜਾਬੀ ਲਾਇਬਰੇਰੀ ਬਣਾਉਣ ਅਤੇ ਸਰਕਾਰੀ ਸਕੂਲ ਵਿੱਚ ਪੰਜਾਬੀ ਦੀ ਪੜ੍ਹਾਈ ਸ਼ੁਰੂ ਕਰਵਾਉਣ ਦਾ ਸਿਹਰਾ ਵੀ ਸ. ਜਗਜੀਤ ਸਿੰਘ ਥਿੰਦ ਸਿਰ ਜਾਂਦਾ ਹੈ।

ਉਹ ਬਹੁਤ ਮਿਲਾਪੜੇ ਸੁਭਾਅ ਵਾਲੇ ਅਤੇ ਹਰ ਇੱਕ ਦੀ ਮਦਦ ਕਰਨ ਵਾਲੇ ਇਨਸਾਨ ਸਨ। ਅੱਜ ਭਾਰੀ ਗਿਣਤੀ ਵਿੱਚ ਪੰਜਾਬੀ ਭਾਈਚਾਰੇ ਨੇ ਉਹਨਾਂ ਦੇ ਫਿਊਨਰਲ ਮੌਕੇ ਹਾਜ਼ਰੀ ਭਰਕੇ ਉਹਨਾਂ ਨੂੰ ਸੇਜਲ ਅੱਖਾਂ ਨਾਲ ਵਿਦਾਇਗੀ ਦਿੱਤੀ ਅਤੇ ਹਰਕੋਈ ਆਖ ਰਿਹਾ ਸੀ ਕਿ ਜਗਜੀਤ ਸਿੰਘ ਦੇ ਇਸ ਜਹਾਨ ਤੋਂ ਤੁਰ ਜਾਣ ਨਾਲ ਕੇਵਲ ਥਿੰਦ ਪਰਿਵਾਰ ਜਾ ਬਦੇਸ਼ਾ ਪਰਿਵਾਰ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ 'ਬਲਕਿ ਪੂਰਾ ਪੰਜਾਬੀ ਭਾਈਚਾਰਾ ਇੱਕ ਸੁੱਘੜ ਸਿਆਣੇ ਅਤੇ ਸੁਚੱਜੇ ਇਨਸਾਨ ਤੋਂ ਵਾਂਝਾ ਹੋ ਗਿਆ ਹੈ। ਉਹਨਾਂ ਦੀ ਸਮਾਜ ਪ੍ਰਤੀ ਸੇਵਾਵਾਂ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

## ਆਪਣੇ ਪੁੱਤਰ ਦਾ ਕਤਲ ਕਰਨ ਵਾਲੇ ਪਿਉ ਨੂੰ ਹੋਈ 48 ਸਾਲ ਦੀ ਕੈਦ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕਾ ਦੇ ਕੋਲੋਰਾਡੋ ਵਿੱਚ



ਇੱਕ ਅਜਿਹੇ ਪਿਤਾ ਨੂੰ 48 ਸਾਲ ਕੈਦ ਦੀ ਸਜਾ ਕੀਤੀ ਗਈ ਹੈ, ਜਿਸਨੇ ਆਪਣੇ ਪੁੱਤਰ ਦਾ ਕਤਲ ਕੀਤਾ ਸੀ। ਮਾਰਕ ਰੈਡਵਾਇਨ ਨਾਮ ਦੇ ਇਸ ਵਿਅਕਤੀ ਨੇ 2012 ਦੇ ਅਖੀਰ ਵਿੱਚ ਆਪਣੇ 13 ਸਾਲਾਂ ਬੇਟੇ ਡਿਲਨ ਦੀ ਹੱਤਿਆ ਕਰ ਦਿੱਤੀ ਸੀ ਕਿਉਂਕਿ ਉਸਨੇ ਆਪਣੇ ਪਿਤਾ ਦੀਆਂ ਕੁੱਝ ਇਤਰਾਜ਼ਯੋਗ ਫੋਟੋਆਂ ਦੇਖ ਲਈਆਂ ਸਨ। 60 ਸਾਲਾਂ ਮਾਰਕ ਰੈਡਵਾਇਨ ਨੂੰ ਜੁਲਾਈ ਵਿੱਚ ਦੂਜੀ ਡਿਗਰੀ ਦੇ ਕਤਲ ਅਤੇ ਬੱਚਿਆਂ ਨਾਲ ਬਦਸਲੂਕੀ ਦੇ ਮਾਮਲੇ ਵਿੱਚ ਦੋਸ਼ੀ ਪਾਇਆ ਗਿਆ ਸੀ, ਜਿਸ ਉਪਰੰਤ ਸ਼ੁੱਕਰਵਾਰ ਨੂੰ ਉਸਨੂੰ ਸਜਾ ਸੁਣਾਈ ਗਈ ਹੈ।

ਡਿਲਨ ਦੇ ਵੱਡੇ ਭਰਾ, ਕੋਰੀ ਰੈਡਵਾਇਨ ਨੇ ਪੰਜ ਹਫ਼ਤਿਆਂ ਦੀ ਸੁਣਵਾਈ ਦੌਰਾਨ ਗਵਾਹੀ ਦਿੱਤੀ ਸੀ ਕਿ ਉਸਦੇ ਭਰਾ ਨੂੰ ਲਾਪਤਾ ਹੋਣ ਤੋਂ ਪਹਿਲਾਂ ਆਪਣੇ ਪਿਤਾ ਦੀਆਂ ਇਤਰਾਜ਼ਯੋਗ ਫੋਟੋਆਂ ਮਿਲੀਆਂ ਸਨ। ਸਰਕਾਰੀ ਵਕੀਲਾਂ ਅਨੁਸਾਰ, ਉਸ ਦੇ 13 ਸਾਲਾ ਬੇਟੇ, ਡਿਲਨ ਦੁਆਰਾ ਉਸ ਦੀਆਂ ਫੋਟੋਆਂ ਦਾ ਪਤਾ ਲਗਾਉਣ ਤੋਂ ਬਾਅਦ ਉਹ ਗੁੱਸੇ ਵਿੱਚ ਆ ਗਿਆ ਸੀ , ਜਿਸ ਕਰਕੇ ਇਹ ਘਟਨਾ ਵਾਪਰੀ।

## ਕੋਵਿਡ -19 ਦੌਰਾਨ ਹਜ਼ਾਰਾਂ ਬੱਚਿਆਂ ਨੇ ਗਵਾਏ ਆਪਣੇ ਮਾਪੇ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)–** ਅਮਰੀਕੀ ਸੰਸਥਾ ਸੈਂਟਰ ਫਾਰ ਡਿਸ਼ੀਜ ਕੰਟਰੋਲ ਐਂਡ ਪ੍ਰੀਵੈਂਸਨ ਸੈਂਟਰ (ਸੀ ਡੀ ਸੀ )



ਦੁਆਰਾ ਵੀਰਵਾਰ ਨੂੰ ਜਾਰੀ ਕੀਤੇ ਇੱਕ ਨਵੇਂ ਅਧਿਐਨ ਦੇ ਅਨੁਸਾਰ ਕੋਵਿਡ -19 ਮਹਾਂਮਾਰੀ ਦੇ ਸ਼ੁਰੂ ਹੋਣ ਤੋਂ ਬਾਅਦ 140,000 ਤੋਂ ਵੱਧ ਬੱਚਿਆਂ ਨੇ ਮਾਪਿਆਂ ਵਿੱਚੋਂ ਇੱਕ ਜਾਂ ਦੇਖਭਾਲ ਕਰਨ ਵਾਲੇ ਨੂੰ ਗਵਾਇਆ ਹੈ ਭਾਵ ਵਾਇਰਸ ਨੇ ਉਹਨਾਂ ਦੀ ਜਾਨ ਲੈ ਲਈ ਹੈ। ਇਸ ਅਧਿਐਨ ਦੇ ਅਪ੍ਰੈਲ 2020 ਤੋਂ ਜੂਨ 2021 ਤੱਕ ਦੇ ਅੰਕੜਿਆਂ ਨੇ ਮਹਾਂਮਾਰੀ ਦੇ ਇਸ ਪ੍ਰਭਾਵ ਦੀ ਪੁਸ਼ਟੀ ਕੀਤੀ ਹੈ ਅਤੇ ਇਸਦਾ ਜਿਆਦਾ ਪ੍ਰਭਾਵ ਗੈਰ ਗੋਰੇ ਬੱਚਿਆਂ 'ਤੇ ਪਿਆ ਹੈ। ਅੰਕੜਿਆਂ ਅਨੁਸਾਰ ਲਗਭਗ 500 ਬੱਚਿਆਂ ਵਿੱਚੋਂ ਇੱਕ ਨੇ ਆਪਣੀ ਮਾਂ, ਪਿਤਾ ਜਾਂ ਦਾਦਾ -ਦਾਦੀ ਨੂੰ ਗੁਆ ਦਿੱਤਾ ਹੈ, ਜਿਨ੍ਹਾਂ ਨੇ 2020 ਦੇ ਅਪ੍ਰੈਲ ਤੋਂ ਉਨ੍ਹਾਂ ਦੀ ਦੇਖਭਾਲ ਕੀਤੀ ਸੀ। ਮਹਾਂਮਾਰੀ ਦੇ ਦੌਰਾਨ ਮਾਪਿਆਂ ਜਾਂ ਦੇਖਭਾਲ ਕਰਨ ਵਾਲਿਆਂ ਨੂੰ ਗੁਆ ਚੁੱਕੇ ਹਰ 10 ਵਿੱਚੋਂ ਲਗਭਗ ਸੱਤ ਬੱਚੇ ਕਾਲੇ, ਹਿਸਪੈਨਿਕ ਜਾਂ ਮੂਲ ਅਮਰੀਕੀ ਹਨ। ਇਹਨਾਂ ਅੰਕੜਿਆਂ ਨੂੰ ਜਾਰੀ ਕਰਨ ਵਾਲੀ ਸੰਸਥਾ ਨੇ ਮਹਾਂਮਾਰੀ ਦੇ ਇਸ ਪ੍ਰਭਾਵ ਨੂੰ ਸੁਲਝਾਉਣ ਲਈ ਫੈਡਰਲ ਧਿਆਨ ਅਤੇ ਸਰੋਤਾਂ ਦੀ ਮੰਗ ਕੀਤੀ ਹੈ। ਇਸ ਸਬੰਧੀ ਰਿਪੋਰਟ ਦੇ ਅੰਕੜਿਆਂ ਅਨੁਸਾਰ 168 ਅਮਰੀਕਨ ਭਾਰਤੀ ਅਤੇ ਅਲਾਸਕਾ ਦੇ ਮੂਲ ਬੱਚਿਆਂ ਵਿੱਚੋਂ ਇੱਕ ਨੇ ਆਪਣੇ ਮਾਤਾ -ਪਿਤਾ ਜਾਂ ਦਾਦਾ -ਦਾਦੀ ਨੂੰ ਗੁਆ ਦਿੱਤਾ ਹੈ। ਇਸੇ ਤਰ੍ਹਾਂ ਹਰ 310 ਕਾਲੇ ਬੱਚਿਆਂ ਵਿੱਚੋਂ ਇੱਕ ਨੂੰ ਅਜਿਹੇ ਨੁਕਸਾਨ ਦਾ ਸਾਹਮਣਾ ਕਰਨਾ ਪਿਆ ਹੈ, ਜਦਕਿ ਗੋਰੇ ਬੱਚਿਆਂ ਲਈ ਇਹ ਸੰਖਿਆ ਘੱਟ ਹੈ ਜੋ ਕਿ 753 ਬੱਚਿਆਂ ਵਿੱਚੋਂ ਇੱਕ ਦਰਜ ਹੋਈ ਹੈ।

# ਦੇਸ਼ ਦੁਆਬਾ (ਪੰਜਾਬੀ) ਤੇ ਅੰਬੇਦਕਰ ਟਾਈਮਜ਼ (ਅੰਗਰੇਜ਼ੀ ) ਵੀਕਲੀ ਅਮਰੀਕਾ ਦਾ ਵਿਸ਼ੇਸ਼ ਉਪਰਾਲਾ

## ਬੇਗਮਪੁਰਾ ਫਾਊਂਡੇਸ਼ਨ ਪੰਜਾਬ ਵਲੋਂ ਵਿਸ਼ਵ ਵਿਜੇਤਾ ਰਣਜੀਤ ਔਜਲਾ ਤੇ ਇਕਲੌਤੀ ਭਾਰਤੀ ਫੁੱਟਬਾਲ ਟੀਮ ਦੀ ਪੰਜਾਬਣ ਖਿਡਾਰਨ ਦੇ ਸਨਮਾਨ ਸਮਾਰੋਹ ਦੀਆਂ ਝਲਕੀਆਂ।

ਬੇਹਿੰਮਤੇ ਨੇ ਬੈਠ ਕੇ ਜਿਹੜੇ ਸ਼ਿਕਵਾ ਕਰਨ ਮੁਕੱਦਰਾਂ ਦਾ, ਉੱਗਣ ਵਾਲੇ ਉੱਗ ਪੈਂਦੇ ਨੇ ਸੀਨਾ ਪਾੜਕੇ ਪੱਥਰਾਂ ਦਾ।

ਇਸ ਸਨਮਾਨ ਸਮਾਰੋਹ ਦੌਰਾਨ ਸਨਮਾਨਤ ਸ਼ਖਸ਼ੀਅਤਾਂ




ਰਣਜੀਤ ਔਜਲਾ




ਡਾ: ਇੰਦਰਜੀਤ ਸਿੰਘ ਕਜਲਾ ਐਲ.ਐਲ.ਐਮ., ਪੀ.ਐਚ.ਡੀ. (ਕਾਨੂੰਨ), ਭਾਰਤੀ ਸੰਵਿਧਾਨ ਦਾ ਪੰਜਾਬੀ ਵਿੱਚ ਅਨੁਵਾਦ ਕਰਨ ਵਾਲਾ ਪਹਿਲਾ ਹੋਣਹਾਰ ਨੌਜਵਾਨ।



ਮਨੀਸ਼ਾ




ਰਾਮ ਸਿੰਘ ਸਰਪੰਚ ਗ੍ਰਾਮ ਪੰਚਾਇਤ ਭਰੋ ਮਜਾਰਾ (ਬੰਗਾ)
ਦੁਨੀਆਂ ਦੇ ਨਕਸ਼ੇ ਤੇ ਇੱਕੋ ਇੱਕ ਪਿੰਡ ਭਰੋ ਮਜਾਰਾ ਜਿਸ ਨੂੰ ਅਨੁਸੂਚਿਤ ਜਾਤੀ ਨਾਲ ਸਬੰਧਤ 37 ਮਾਹਰ ਡਾਕਟਰ ਪੈਦਾ ਕਰਨ ਦਾ ਮਾਣ ਹਾਸਿਲ ਹੈ ।




ਇਕਬਾਲ ਸਿੰਘ ਕਾਹਮਾ (ਮੈਨੇਜਰ) ਸਹਿਕਾਰੀ ਕੋਆਪਰੇਟਿਵ ਸੁਸਾਇਟੀ ਬੰਗਾ ਜਿਸ ਨੇ ਘਾਟੇ ਵਿੱਚ ਚੱਲ ਰਹੀ ਸੁਸਾਇਟੀ ਨੂੰ ਸਖਤ ਮਿਹਨਤ ਨਾਲ 5 ਕਰੋੜ ਮੁਨਾਫੇ ਤੱਕ ਲਿਆਂਦਾ ਅਤੇ ਪੰਜਾਬ ਭਰ 'ਚੋਂ ਪਹਿਲਾ ਸਥਾਨ ਹਾਸਲ ਕੀਤਾ।




ਡਾ.ਸਿਮਰਨ ਸਿੰਘ ਕੋਟਲਾ (ਪੀ.ਐਚ.ਡੀ. ਜੀਓਲੋਜੀ, ਭੂ-ਵਿਗਿਆਨ) ਜਿਸ ਨੂੰ ਯੂ.ਐਨ.ਓ. ਦੀ ਮੈਡੀਕਲ ਖੋਜ ਟੀਮ ਵਿਆਨਾ ਆਸਟਰੀਆ ਦਾ ਪਹਿਲਾ ਗੁਰਸਿੱਖ ਨੌਜਵਾਨ ਹੋਣ ਦਾ ਮਾਣ ਹਾਸਿਲ ਹੈ।ਡਾ. ਸਿਮਰਨ ਸਿੰਘ ਕੋਟਲਾ ਵਲੋਂ ਸਨਮਾਨ ਚਿੰਨ ਉਹਨਾ ਦੇ ਪਿਤਾ ਸ. ਜਸਮੇਲ ਸਿੰਘ ਅਤੇ ਪਰਿਵਾਰਕ ਮੈਂਬਰਾਂ ਨੇ ਪ੍ਰਾਪਤ ਕੀਤਾ।



ਸੁਰੇਸ਼ ਕੁਮਾਰ ਕਰਨਾਣਾ (ਸੇਵਾ ਮੁਕਤ ਕਲਾਸ-1 ਅਫਸਰ)
ਜਿਸ ਨੇ ਸਿੱਖਿਆ ਦੇ ਮਿਆਰ ਨੂੰ ਉਚਾ ਚੁੱਕਣ ਲਈ ਸਾਇਕਲ ਤੇ ਘਰ ਘਰ ਜਾ ਕੇ ਬੱਚਿਆਂ ਨੂੰ ਮੁਫ਼ਤ ਵਿੱਚ ਅੰਗਰੇਜ਼ੀ ਭਾਸ਼ਾ ਸਿਖਾਉਣ ਦਾ ਬੀੜਾ ਲਗਾਤਾਰ ਉਠਾਇਆ ਹੈ।



ਹਰਪਾਲ ਸਿੰਘ ਸਰਪੰਚ ਪਠਲਾਵਾ
ਜੋ ਉਘੇ ਕਾਰੋਬਾਰੀ ਹੋਣ ਦੇ ਨਾਲ ਨਾਲ ਇੱਕ ਚੰਗੇ ਸਮਾਜਸੇਵੀ, ਦਾਨੀ ਵੀ ਹਨ ਜਿਸ ਨੇ ਐਨ.ਆਰ.ਆਈ ਵੀਰਾਂ, ਭਾਰਤ ਤੇ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਸਿੱਖਿਆ, ਸਿਹਤ ਸਹੂਲਤਾਂ ਲਈ ਜਿੰਮ ਅਤੇ ਜੈਵਿਕ ਖੇਤੀ ਨੂੰ ਉਤਸ਼ਾਹਿਤ ਕਰਨ ਵਾਲੀ ਗੁਰਸਿੱਖ ਸ਼ਖਸ਼ੀਅਤ ਹਨ ਅਤੇ ਭਵਿੱਖ ਵਿੱਚ 5 ਕਰੋੜ ਦੇ ਕਰੀਬ ਮਨੁੱਖਤਾ ਦੀ ਭਲਾਈ ਲਈ ਖਰਚ ਕਰਨ ਲਈ ਵਿਉਂਤਬੰਦੀ ਕਰ ਰਹੇ ਹਨ।




ਅਮਰਜੀਤ ਸਿੰਘ ਨੌਰਾ
ਭਾਰਤ ਦੀ ਸਭ ਤੋਂ ਵੱਡੀ ਜੀਵਨ ਬੀਮਾ ਕਾਰਪੋਰੇਸ਼ਨ (ਐਲ.ਆਈ.ਸੀ) 'ਚ ਲਗਾਤਾਰ 5 ਵਾਰ ਬੀਮਾ ਗ੍ਰਾਮ ਅਵਾਰਡ ਪ੍ਰਾਪਤ ਕਰਨ ਵਾਲਾ ਭਾਰਤ ਦਾ ਪਹਿਲਾ ਪਿੰਡ ਨੌਰਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ। ਇਸ ਪ੍ਰਾਪਤੀ ਤੇ ਗ੍ਰਾਮ ਪੰਚਾਇਤ ਨੂੰ 5 ਵਾਰ ਵਿਸ਼ੇਸ਼ ਗ੍ਰਾਂਟ ਪ੍ਰਾਪਤ ਹੋਈ ਹੈ ਜਿਸ ਦਾ ਮੁੱਖ ਸਿਹਰਾ ਅਮਰਜੀਤ ਸਿੰਘ ਨੌਰਾ ਸਿਰ ਬੱਝਦਾ ਹੈ।



ਅਹਿਮਦ ਅਲੀ ਕਾਦਰੀ
ਜੋ 8 ਤੋਂ ਵੱਧ ਵੱਖ-ਵੱਖ ਭਾਸ਼ਾਵਾਂ ਦਾ ਗਿਆਨ ਪੜ੍ਹਨ, ਸੁਣਨ, ਸਮਝਣ ਤੇ ਅਸੀਮ ਸੰਭਾਵਨਾਵਾਂ ਵਾਲਾ ਪ੍ਰਤੀਭਾਸ਼ਾਲੀ ਨੌਜਵਾਨ ਹੈ।




ਜਸਵੀਰ ਸਿੰਘ ਸ਼ੇਰਗਿੱਲ
ਜਿਸ ਦੀ ਸਖਤ ਮਿਹਨਤ ਸਦਕਾ ਰਣਜੀਤ ਔਜਲਾ ਨੇ ਬੇਲਾਰੂਸ (ਰਸ਼ੀਆ) 'ਚ ਹੋਏ 52 ਦੇਸ਼ਾਂ ਦੇ ਬਾਕਸਿੰਗ ਮੁਕਾਬਲਿਆਂ ਵਿੱਚ ਗੋਲਡ ਮੈਡਲ ਹਾਸਿਲ ਕੀਤਾ।



ਜਗਦੀਸ਼ ਗੁਰੂ ਗੁਣਾਚੌਰ
ਨੈਸ਼ਨਲ ਬੈਸਟ ਵੇਟ ਲੈਫਟਿੰਗ ਕੋਚ ਜਿਸ ਨੇ ਓਲੰਪੀਅਨ ਜਸਵੀਰ ਸਿੰਘ ਕਰਨਾਣਾ ਵਰਗੇ 100 ਦੇ ਕਰੀਬ ਅਥਲੀਟ ਪੈਦਾ ਕੀਤੇ ਅਤੇ ਲੰਬੇ ਸਮੇਂ ਤੋਂ ਰਾਜਾ ਸਾਹਿਬ ਸਪੋਰਟਸ ਕਲੱਬ ਗੁਣਾਚੌਰ ਦਾ ਪ੍ਰਧਾਨ ਹੋਣ ਦਾ ਮਾਣ ਪ੍ਰਾਪਤ ਹੈ।

## ਧੰਨਵਾਦ

ਅਦਾਰਾ 'ਦੇਸ਼ ਦੁਆਬਾ' ਅਤੇ 'ਅੰਬੇਡਕਰ ਟਾਈਮਜ਼' (ਵੀਕਲੀ) ਅਮਰੀਕਾ ਵੱਲੋਂ ਬੇਗਮਪੁਰਾ ਫਾਊਂਡੇਸ਼ਨ ਪੰਜਾਬ ਨੂੰ ਵਿਸ਼ੇਸ਼ ਸਹਿਯੋਗ ਅਤੇ ਵੱਡੇ ਪੱਧਰ 'ਤੇ ਕਵਰੇਜ ਕਰਨ ਲਈ ਅਸੀਂ ਸ੍ਰੀ ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ ਅਤੇ ਉਹਨਾਂ ਤੋਂ ਇਲਾਵਾ ਗੁਰਨਾਮ ਸਿੰਘ ਯੂ. ਐਸ. ਏ. ਤੇ ਅਨੇਕਾਂ ਆਰਥਿਕ ਤੇ ਨੈਤਿਕ ਸਹਿਯੋਗ ਦੇਣ ਵਾਲਿਆਂ ਦੇ ਅਤੇ ਸਮਾਗਮ ਵਿਚ ਮੁੱਖ ਬੁਲਾਰੇ ਵਜੋਂ ਪਹੁੰਚੇ ਯੂ. ਐਸ. ਏ. ਤੋਂ ਸਨਮਾਨਿਤ ਸ਼ਖਸੀਅਤ ਸ. ਮਹਿੰਦਰ ਸਿੰਘ ਦੁਸਾਂਝ ਜੀ, ਡਾ. ਰਘਵੀਰ ਕੌਰ ਸਾਬਕਾ ਮੁਖੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਤੇ ਇਲਾਕੇ ਭਰ ਦੀਆਂ ਪਹੁੰਚੀਆਂ ਮਾਣਮੱਤੀਆਂ ਸ਼ਖਸੀਅਤਾਂ ਦਾ ਤਹਿ ਦਿਲੋਂ ਧੰਨਵਾਦ। ਫਾਊਂਡੇਸ਼ਨ ਵੱਲੋਂ ਜਲਦੀ ਹੀ 3 ਕਿਤਾਬਾਂ ਵੱਡੇ ਪੱਧਰ 'ਤੇ ਰਿਲੀਜ਼ ਕੀਤੀਆਂ ਜਾ ਰਹੀਆਂ ਹਨ। ਸਮਾਜ ਦਰਦੀਆਂ ਵੱਲੋਂ ਦਿੱਤੇ ਤੇ ਭਵਿੱਖ 'ਚ ਨਿੱਘੇ ਸਹਿਯੋਗ ਦੀ ਆਸ 'ਤੇ ਭਰੋਸੇ ਨਾਲ।

ਸਰਬੱਤ ਦਾ ਭਲਾ

ਤੁਹਾਡਾ ਆਪਣਾ- **ਸੰਤੋਖ ਸਿੰਘ ਜੱਸੀ**

**ਪ੍ਰਧਾਨ ਫਾਊਂਡੇਸ਼ਨ ਪੰਜਾਬ**

# ਦੇਸ਼ ਦੁਆਬਾ (ਪੰਜਾਬੀ) ਤੇ ਅੰਬੇਡਕਰ ਟਾਈਮਜ਼ (ਅੰਗਰੇਜੀ) ਵੀਕਲੀ ਅਮਰੀਕਾ ਦਾ ਵਿਸ਼ੇਸ਼ ਉਪਰਾਲਾ




ਸਾਰੰਸ਼ ਮਾਥੁਰ ਦਿੱਲੀ

ਭਾਰਤ ਦੇ ਉੱਘੇ ਆਰਕੀਟੈਕਟ ਅਤੇ ਰਣਜੀਤ ਔਜਲਾ ਨੂੰ ਬਾਕਸਿੰਗ ਤੋਂ ਰੱਸੀ ਕੁੱਦਣ ਵੱਲ ਪ੍ਰੇਰਿਤ ਕਰਨ ਵਾਲੀ ਪ੍ਰਮੁੱਖ ਸ਼ਖਸ਼ੀਅਤ।



ਮੈਡਮ ਰਸ਼ਪਾਲ ਕੌਰ ਬੀਕਾ

ਇੰਗਲੈਂਡ ਦੀ ਧਰਤੀ ਤੋਂ ਪਿੰਡ ਬੀਕਾ, ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਆ ਕੇ ਕੁਦਰਤੀ, ਬਿਨਾਂ ਕੈਮੀਕਲ ਤੇਲ ਤੋਂ ਤਿਆਰ ਕਰਕੇ ਪ੍ਰੋਡਕਟ ਦੇਸ਼ ਅਤੇ ਵਿਦੇਸ਼ ਵਿੱਚ ਸਪਲਾਈ ਕਰਦੇ ਹਨ ਅਤੇ ਨੌਜਵਾਨ ਮੁੰਡੇ ਕੁੜੀਆਂ ਨੂੰ 'ਆਤਮਿਕ ਉਦਯੋਗ' ਰਾਹੀਂ ਰੁਜਗਾਰ ਦਿੰਦੇ ਹਨ।ਮੈਡਮ ਬੀਕਾ ਦੀ ਗੈਰ ਹਾਜ਼ਰੀ ਵਿੱਚ ਸਨਮਾਨ ਚਿੰਨ ਉਹਨਾ ਦੀ ਟੀਮ ਨੇ ਪ੍ਰਾਪਤ ਕੀਤਾ।



ਨਿਤਿਨ ਸਿੰਘ (ਵਾਇਲਡਲਾਈਫ)

ਇੱਕ ਇਹੋ ਜਿਹਾ ਕੁਦਰਤ ਪ੍ਰੇਮੀ ਜਿਸ ਨੂੰ ਜੰਗਲੀ ਜੀਵਨ ਨੂੰ ਸਮਝਣ ਦੀ ਮੁਹਾਰਤ ਹਾਸਲ ਹੈ ਅਤੇ ਇਸ ਬਾਰੇ ਇੰਡੀਅਨ ਆਰਮੀ, ਸਕੂਲਾਂ, ਕਾਲਜਾਂ ਵਿੱਚ ਕੋਚਿੰਗ ਕਲਾਸਾਂ ਲਗਾਈਆਂ। ਅਤੇ ਘਰਾਂ/ਆਬਾਦੀ ਅੰਦਰ ਦਾਖਲ ਹੋਏ ਖਤਰਨਾਕ ਜੰਗਲੀ ਜੀਵਾਂ (ਸੱਪਾਂ/ਹਿਰਨ ਆਦਿ) ਨੂੰ ਫੜ ਕੇ ਸੁਰੱਖਿਅਤ ਜਗ੍ਹਾ ਤੇ ਛੱਡਣ ਦਾ ਕੰਮ ਕਰ ਰਿਹਾ ਹੈ। ਜਿਕਰਯੋਗ ਹੈ ਕਿ ਨੀਤਿਨ ਸਿੰਘ ਨੇ ਇੱਕ ਘਰ ਵਿੱਚੋਂ 99 ਸੱਪਾਂ ਦੇ ਬੱਚੇ ਫੜ੍ਹ ਕੇ ਸੁਰੱਖਿਅਤ ਜਗ੍ਹਾ ਤੇ ਛੱਡੇ ਸਨ।




ਅਰੁਨ ਘਈ ਬਨਾਮ ਮਨੋਹਰ ਮਿਸ਼ਨ

ਪਿਛਲੇ ਕਰੀਬ 20 ਸਾਲਾਂ ਤੋਂ ਮਨੋਹਰ ਮਿਸ਼ਨ ਦੇ ਨਾਂ ਹੇਠ ਲੜਕੀਆਂ ਲਈ ਸਿਲਾਈ ਕਢਾਈ, ਕੰਪਿਊਟਰ, ਬਿਊਟੀ ਪਾਰਲਰ, ਸੰਗੀਤ, ਡਰੈਸ ਡਿਜਾਇਨਿੰਗ, ਆਦਿ ਲਗਾਤਾਰ ਸੇਵਾਵਾਂ ਦੇਣ ਵਾਲੀ ਸੰਸਥਾ ਦਾ ਨਾਂ ਹੈ ਅਰੁਨ ਘਈ। ਜੋ ਐਸ.ਐਨ ਸੁਬਾ ਰਾਓ ਨੈਸ਼ਨਲ ਯੂਥ ਪ੍ਰੋਜੈਕਟ ਭਾਰਤ ਦੇ ਕੁਆਰਡੀਨੇਟਰ ਨਾਲ ਲੰਬੇ ਸਮੇਂ ਤੋਂ ਕੰਮ ਕਰ ਰਹੇ ਹਨ।




ਧਰਮਿੰਦਰ ਮਸਾਣੀ (ਗਾਇਕ)

ਇੱਕ ਰੋਟੀ ਘੱਟ ਖਾ ਲਿਓ, ਬੱਚੇ ਆਪਣੇ ਜਰੂਰ ਪੜਾਇਓ

ਧਰਮਿੰਦਰ ਮਸਾਣੀ ਪੰਜਾਬੀ ਮਾਂ ਬੋਲੀ ਦਾ ਉਹ ਫਨਕਾਰ ਹੈ ਜਿਸ ਨੇ ਕ੍ਰਾਂਤੀਕਾਰੀ ਸੁਰਾਂ ਰਾਹੀਂ ਦੱਬੇ ਕੁਚਲੇ, ਪੀੜਤ ਵਰਗ ਦੀ ਬਾਂਹ ਫੜਨ ਦੀ ਕੋਸ਼ਿਸ਼ ਕੀਤੀ। ਕਿਸਾਨ ਅੰਦੋਲਨ ਦੌਰਾਨ ਉਸਦੀਆਂ ਰਚਨਾਵਾਂ ਨੇ ਅੰਦੋਲਨ ਨੂੰ ਹੋਰ ਬੁਲੰਦ ਕੀਤਾ ਹੈ।



ਪ੍ਰਿੰਸੀਪਲ ਡਾ: ਕੰਵਲਜੀਤ ਕੌਰ ਛੀਨਾ ਪ੍ਰਿੰਸੀਪਲ ਗੁਰੂ ਨਾਨਕ ਕਾਲਜ ਫਾਰ ਵੋਮੈਨ ਬੰਗਾ।

ਸਾਲ 1969 ਤੋਂ ਇਲਾਕੇ ਭਰ ਦੀਆਂ ਲੜਕੀਆਂ ਲਈ ਸਿੱਖਿਆ ਦੇ ਖੇਤਰ ਵਿੱਚ ਚਾਨਣ ਮੁਨਾਰਾ ਬਣ ਚੁੱਕੀ ਸੰਸਥਾ ਦੀ ਪ੍ਰਿੰਸੀਪਲ ਅਤੇ ਪ੍ਰਬੰਧਕੀ ਟੀਮ ਦੇ ਸਾਂਝੇ ਯਤਨਾ ਸਦਕਾ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਸਭ ਤੋਂ ਘੱਟ ਫੀਸ ਲੈ ਕੇ ਸਿੱਖਿਆ ਦੇਣ ਵਾਲਾ ਅਦਾਰਾ ।




ਕੁਲਦੀਪ ਸਿੰਘ ਰਾਣਾ

ਪਾਵਰ ਵੇਟ ਲਿਫਟਿੰਗ ਦੇ ਖੇਤਰ ਵਿੱਚ 10 ਵਾਰ ਸਟੇਟ ਚੈਂਪੀਅਨ ਰਿਹਾ, ਹੁਣ ਪੰਜਾਬ ਦੀ ਨੁਮਾਇੰਦਗੀ ਕਰਕੇ ਜਮਸ਼ੇਦਪੁਰ 'ਚ ਖੁਦ ਪਹਿਲਾ ਸਥਾਨ ਹਾਂਸਲ ਕਰਕੇ ਗੋਲਡ ਮੈਡਲ ਲੈਣ ਵਾਲਾ ਹੋਣਹਾਰ ਨੌਜਵਾਨ। ਜਿਸ ਨੇ ਪੰਜਾਬ ਦੀ ਟੀਮ ਦੀ ਨੁਮਾਇੰਦਗੀ ਕੀਤੀ ਅਤੇ ਸਮੁੱਚੀ ਟੀਮ ਨੇ ਸਭ ਤੋਂ ਵੱਧ ਮੈਡਲ ਪ੍ਰਾਪਤ ਕੀਤੇ।



ਨਿਵੇਦਕ ਤੇ ਧੰਨਵਾਦ

ਸੰਤੋਖ ਸਿੰਘ ਜੱਸੀ ਪ੍ਰਧਾਨ ਬੇਗਮਪੁਰਾ ਫਾਊਂਡੇਸ਼ਨ ਪੰਜਾਬ।ਸਮੂਹ ਅਹੁਦੇਦਾਰ ਮੈਂਬਰ ਸਹਿਬਾਨ ਅਤੇ ਸਮਾਜਿਕ ਹਿਤੈਸ਼ੀ।

70876.19800, jassisarpanch6@gmail.com



ਡਾ: ਕਵਿਤਾ ਭਾਟੀਆ (ਐਸ.ਐਮ.ਓ. ਬੰਗਾ)

ਕੋਰੋਨਾ ਮਹਾਂਮਾਰੀ ਦੌਰਾਨ ਮਨੁੱਖਤਾ ਦੇ ਭਲੇ ਲਈ ਜੋਖਮ ਭਰੇ ਸਮੇਂ ਵਿੱਚ ਦਿਨ ਰਾਤ ਸੇਵਾ ਕਰਨ ਵਾਲੀ ਟੀਮ ਦੀ ਪ੍ਰਮੁੱਖ ਮੈਡੀਕਲ ਅਫਸਰ।

# ਵੋਕੇਸ਼ਨਲ ਕੋਰਸ ਪੂਰੇ ਹੋਣ 'ਤੇ ਸਿੱਖਿਆਰਥਣਾਂ ਨੂੰ ਸਰਟੀਫੀਕੇਟਾਂ ਦੀ ਵੰਡ ਸਿਲਾਈ ਮਸ਼ੀਨਾਂ ਅਤੇ ਮੇਕਅੱਪ ਕਿੱਟਾਂ ਵੀ ਦਿੱਤੀਆਂ

**ਫਗਵਾੜਾ (ਬੀ.ਕੇ.ਰੱਤੂ)–** ਨੌਜਵਾਨ ਪੀੜ੍ਹੀ ਦਾ ਹੁਨਰਵੰਦ ਹੋਣਾ ਸਮੇਂ ਦੀ ਲੋੜ ਹੈ। ਕਿਉਂਕਿ ਸਵੈ-ਕਿੱਤਾ ਮੁੱਖੀ ਲੜਕੀਆਂ ਜਿਥੇ ਸਵੈ-ਕਿਰਤ ਹੁੰਦੀਆਂ ਹਨ, ਉਥੇ ਹੀ ਘਰ ਤੇ ਦੇਸ਼ ਵਿੱਚ ਆਪਣੇ ਸਾਥੀ ਦੇ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀਆਂ ਹਨ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸਰਬਜੀਤ ਸਿੰਘ ਬਾਹੀਆ ਐਸ.ਪੀ. ਫਗਵਾੜਾ ਨੇ ਦੋਆਬੇ ਦੀ ਉੱਘੀ ਐਨ.ਜੀ.ਓ. ਸਰਬ ਨੌਜਵਾਨ ਸਭਾ ਵਲੋਂ ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਹੇਠ ਸੋਸਵਾ ਚੰਡੀਗੜ੍ਹ ਦੀ ਸਹਾਇਤਾ ਨਾਲ ਚਲਾਏ ਜਾ ਰਹੇ ਦੋ ਵੋਕੇਸ਼ਨਲ ਕੋਰਸਾਂ ਬਿਊ-ਟੀਸ਼ੀਅਨ ਅਤੇ ਫੈਸ਼ਨ ਡਿਜ਼ਾਇਨਿੰਗ ਦੇ ਕੋਰਸ ਪੂਰੇ ਹੋਣ ਦੇ ਚਲਦਿਆਂ ਸਿਖਿਆਰਥਣਾਂ ਨੂੰ ਸਰਟੀਫੀਕੇਟਾਂ ਦੀ ਵੰਡ ਕਰਨ ਸਬੰਧੀ ਆਯੋਜਿਤ ਸਮਾਗਮ ਦੌਰਾਨ ਬਤੌਰ ਮੁੱਖ ਮਹਿਮਾਨ ਸ਼ਿਰਕਤ ਕਰਦਿਆਂ ਆਪਣੇ ਸੰਬੋਧਨ ਵਿਚ ਕੀਤਾ। ਉਹਨਾਂ ਕੋਰਸ ਪੂਰਾ ਕਰਨ ਵਾਲੀਆਂ 50 ਸਿੱਖਿਆਰਥਣਾਂ ਨੂੰ ਸਰਟੀਫਿਕੇਟਾਂ ਤੋਂ ਇਲਾਵਾ 25 ਸਿਲਾਈ ਮਸ਼ੀਨਾ ਅਤੇ 25 ਮੇਕਅਪ ਕਿੱਟਾਂ ਦੀ ਵੰਡ ਵੀ ਕੀਤੀ ਅਤੇ ਸਭਾ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕੋਰਸ ਪੂਰਾ ਕਰਨ ਵਾਲੀਆਂ ਸਿਖਿਆਰਥਣਾਂ ਨੂੰ ਸੁਝਾਅ ਦਿੱਤਾ ਕਿ ਉਹ ਇਸ ਹੁਨਰ ਨੂੰ ਹੋਰ ਲੋੜਵੰਦ ਲੜਕੀਆਂ ਤੱਕ ਪਹੁੰਚਾਉਣ। ਇਸ ਮੌਕੇ ਪ੍ਰਸਿੱਧ ਐਡਵੋਕੇਟ ਅਤੇ ਲੇਖਕ ਡਾ: ਸੰਤੋਖ ਲਾਲ ਵਿਰਦੀ, ਡਾ: ਇੰਦਰਜੀਤ ਸਿੰਘ ਵਾਸੂ, ਕਾਂਗਰਸੀ ਆਗੂ ਵਿਜੇ ਸੋਂਧੀ, ਸਾਬਕਾ ਕੌਂਸਲਰ ਤ੍ਰਿਪਤਾ ਸ਼ਰਮਾ ਅਤੇ ਸਮਾਜ ਸੇਵਿਕਾ ਪ੍ਰਿਤਪਾਲ ਕੌਰ ਤੁੱਲੀ ਨੇ ਵੀ ਵੱਖੋ-ਵੱਖਰੇ ਵਿਸ਼ਿਆਂ ਸਬੰਧੀ ਵਿਚਾਰ ਪੇਸ਼ ਕਰਦਿਆਂ ਸਭਾ ਦੀਆਂ ਸਰਗਰਮੀਆਂ ਦੀ ਭਰਪੂਰ ਸ਼ਲਾਘਾ ਕੀਤੀ। ਪ੍ਰਸਿੱਧ ਲੇਖਕ ਗੁਰਮੀਤ ਸਿੰਘ ਪਲਾਹੀ ਨੇ ਸਭਾ ਦੀ ਪ੍ਰਾਪਤੀਆਂ ਅਤੇ ਪ੍ਰਾਜੈਕਟਾਂ ਬਾਰੇ ਚਾਨਣਾ ਪਾਇਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਨੇ ਸਮੂਹ ਹਾਜਰੀਨ ਦਾ ਧੰਨਵਾਦ ਕਰਦਿਆਂ ਦੱਸਿਆ ਕਿ ਪਿਛਲੇ ਲੰਮੇ ਸਮੇਂ ਤੋਂ ਉਹਨਾਂ ਦੀ





ਜਥੇਬੰਦੀ ਵੱਖੋ-ਵੱਖਰੇ ਪ੍ਰੋਜੈਕਟ ਕਰਦੀ ਆ ਰਹੀ ਹੈ ਪਰ ਕਿੱਤਾ ਮੁੱਖੀ ਕੋਰਸ ਸ਼ੁਰੂ ਕਰਕੇ ਉਹਨਾਂ ਨੂੰ ਦਿਲੀ ਖੁਸ਼ੀ ਹੋਈ ਹੈ। ਸਟੇਜ ਦੀ ਸੇਵਾ ਪਰਵਿੰਦਰ ਜੀਤ ਸਿੰਘ ਨੇ ਬਾਖੂਬੀ ਨਿਭਾਈ। ਮੁੱਖ ਮਹਿਮਾਨ ਅਤੇ ਪ੍ਰਮੁੱਖ ਸ਼ਖਸੀਅਤਾਂ ਨੂੰ ਦੋਸ਼ਾਲੇ ਅਤੇ ਸਨਮਾਨ ਚਿੰਨ੍ਹ ਭੇਂਟ ਕਰਕੇ ਸਨਮਾਨਤ ਵੀ ਕੀਤਾ ਗਿਆ। ਇਸ ਮੌਕੇ ਲੈਕਚਰਾਰ ਹਰਜਿੰਦਰ ਗੋਗਨਾ, ਡਾ: ਵਿਜੇ ਕੁਮਾਰ, ਡਾ: ਨਰੇਸ਼ ਕੁਮਾਰ ਬਿੱਟੂ, ਆਰ.ਪੀ. ਸ਼ਰਮਾ, ਕੁਲਬੀਰ ਬਾਵਾ, ਗੁਰਦੀਪ ਸਿੰਘ ਤੁਲੀ, ਰਵਿੰਦਰ ਸਿੰਘ ਰਾਏ, ਜਗਜੀਤ ਸੇਠ, ਸੁਖਵਿੰਦਰ ਸਿੰਘ ਸੱਲ ਪਲਾਹੀ, ਮੈਡਮ ਸੁਖਜੀਤ ਕੌਰ, ਮੈਡਮ ਗੁਰਪ੍ਰੀਤ ਕੌਰ, ਸਹਾਇਕ ਤੀਸ਼ਾ, ਸਾਕਸ਼ੀ, ਮੋਨਿਕਾ, ਨਰਿੰਦਰ ਸੈਣੀ, ਰੂਬੀ, ਪਰਮਿੰਦਰ, ਨੇਹਾ, ਪ੍ਰਿਆ, ਸੋਨਾਲੀ, ਭਾਵਨਾ, ਐਸ਼ਵਰਿਆ, ਸੋਨੀਆ, ਅੰਜਲੀ, ਦਵਿੰਦਰ, ਰਮਨ, ਪ੍ਰੀਤੀ, ਮਾਧੁਰੀ, ਮਨਪ੍ਰੀਤ ਕੌਰ ਦਿਓਲ, ਵੀਨਾ, ਪਵਨ, ਆਂਚਲ, ਰਿੰਕੀ, ਅਨਿਕਾ ਸ਼ਰਮਾ, ਪੂਨਮ, ਸੁਨੀਤਾ ਸ਼ਰਮਾ, ਮਾਨਸੀ, ਚਾਂਦਨੀ ਆਦਿ ਹਾਜ਼ਰ ਸਨ।



# ਬਾਮਸੇਫ ਇਕ ਜਾਣਕਾਰੀ: ਦੋ ਸ਼ਬਦ

14 ਅਕਤੂਬਰ 1981 ਨੂੰ 'ਬਾਮਸੇਫ' ਦੇ ਚੰਡੀਗੜ੍ਹ ਵਿਖੇ ਹੋਏ ਪੰਜ ਰੋਜ਼ਾ ਤੀਜੇ ਰਾਸ਼ਟਰੀ ਸੰਮੇਲਨ ਵਿਚ ਸਾਹਿਬ ਕਾਂਸ਼ੀ ਰਾਮ ਜੀ ਲਿਖਤ ਇਕ ਕਿਤਾਬਚਾ ਨੁਮਾ ਛੋਟੀ ਪੁਸਤਕ *ਬਾਮਸੇਫ ਇਕ ਜਾਣਕਾਰੀ* ਅੰਗਰੇਜ਼ੀ, ਹਿੰਦੀ, ਪੰਜਾਬੀ ਤਿੰਨ ਭਾਸ਼ਾਵਾਂ ਵਿਚ ਰਿਲੀਜ਼ ਕੀਤੀ ਗਈ ਤਾਂ ਇਹ ਉਸ ਵੇਲੇ ਭਾਵੇਂ ਕੋਈ ਬਹੁਤੀ ਵੱਡੀ ਘਟਨਾ ਨਹੀਂ ਸੀ ਜਾਪ ਰਹੀ ਪਰ ਆਕਾਰ ਵਿਚ ਜਿੰਨੀ ਛੋਟੀ ਇਹ ਪੁਸਤਕ ਸੀ, ਬਾਅਦ ਵਿਚ ਇਹ ਉਸ ਤੋਂ ਕਿਤੇ ਵੱਡੀ ਸ਼ਕਤੀਸ਼ਾਲੀ ਵਿਚਾਰਧਾਰਾ ਦੀ ਵਾਹਕ ਸਾਬਤ ਹੋਈ। ਸਦੀਆਂ ਤੋਂ ਲਿਤਾੜਿਆ ਅਤੇ ਪਛਾੜਿਆ ਸਮਾਜ ਜੋ ਹੁਣ ਤੱਕ ਵੱਖ—ਵੱਖ ਰਾਜਸੀ ਪਾਰਟੀਆਂ ਦਾ ਪਿਛਲੱਗ ਬਣ ਕੇ ਧੱਕੇ ਖਾਂਦਾ ਆ ਰਿਹਾ ਸੀ, ਉਸ ਵਿਚ ਇਕ ਨਵੀਂ ਰੂਹ ਫੂਕ ਕੇ ਇਸ ਪੁਸਤਕ ਨੇ ਇਸ ਸਮਾਜ ਨੂੰ ਕੁਝ ਸਾਲਾਂ ਵਿਚ ਹੀ ਦੇਸ਼ ਦੇ ਰਾਜਨੀਤਿਕ ਨਕਸ਼ੇ *ਤੇ ਉਭਾਰ ਕੇ ਖਾਨਦਾਨੀ ਰਾਜਨੀਤਿਕ ਨੇਤਾਵਾਂ ਨੂੰ ਹੈਰਾਨ ਕਰ ਦਿੱਤਾ ਸੀ। ਕਾਂਸ਼ੀ ਰਾਮ ਜੀ ਵੱਲੋਂ ਇਸ ਪੁਸਤਕ ਵਿਚ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਦੇ ਸੰਪੂਰਨ ਸੰਘਰਸ਼ ਨੂੰ ਇਕ ਨਵੇਂ ਰੂਪ ਵਿਚ ਢਾਲ ਕੇ ਨਿਵੇਕਲੀ ਵਿਧੀ ਅਨੁਸਾਰ ਅਮਲ ਵਿਚ ਲਿਆਉਣ ਦੇ ਗੁਰ ਸੰਖੇਪ ਵਿਚ ਦਿੱਤੇ ਗਏ ਸਨ। ਉਹ ਇਸਤੇ ਇਕ ਵੱਡੀ ਪੁਸਤਕ ਲਿਖਣ ਦੇ ਚਾਹਵਾਨ ਵੀ ਸਨ ਜੋ ਬਾਅਦ ਵਿਚ ਕੰਮ ਵੱਧ ਜਾਣ ਕਾਰਨ ਇਸਨੂੰ ਉਹ ਸਮਾਂ ਨਹੀਂ ਦੇ ਸਕੇ।

ਭਾਰਤ ਦੇ ਜਾਤਪਾਤੀ ਪ੍ਰਬੰਧ ਨੇ ਮਨੁੱਖਾਂ ਵਿਚ ਵੰਡੀਆਂ ਪਾ ਕੇ ਜਿਸ ਸਮਾਜ ਨੂੰ ਇਕ ਲੰਬੇ ਸਮੇਂ ਤੋਂ ਅਧਿਕਾਰ ਰਹਿਤ ਅਤੇ ਭੁੱਖੇ ਨੰਗੇ ਰੱਖ ਕੇ ਪਸ਼ੂਆਂ ਤੋਂ ਵੀ ਹੇਠਲੇ ਦਰਜੇ ਤੇ ਲਿਆ ਖੜ੍ਹਾ ਕੀਤਾ ਸੀ, ਉਸ ਸਮਾਜ ਨੂੰ ਬਾਬਾ ਸਾਹਿਬ ਸਦਕਾ ਭਾਰਤੀ ਸੰਵਿਧਾਨ ਵਿਚ ਵਿੱਦਿਆ, ਨੌਕਰੀਆਂ ਅਤੇ ਸਿਆਸੀ ਖੇਤਰ ਵਿਚ ਰਾਖਵਾਂਕਰਨ ਮਿਲਿਆ ਤਾਂ ਪੜ੍ਹੇ-ਲਿਖੇ ਨੌਕਰੀਪੇਸ਼ਾ ਲੋਕਾਂ ਦੀ ਇਕ ਜਮਾਤ ਹੋਂਦ ਵਿਚ ਆਈ। ਇਸ ਜਮਾਤ ਤੋਂ ਬਾਬਾ ਸਾਹਿਬ ਨੂੰ ਆਪਣੇ ਸਮਾਜ ਨੂੰ ਜਾਗਰਿਤ ਕਰਨ ਦੀਆਂ ਬਹੁਤ ਉਮੀਦਾਂ ਸਨ ਪਰ ਉਮੀਦਾਂ ਤੇ ਪੂਰਾ ਨਾ ਉਤਰਨ ਕਾਰਨ ਉਹ ਬਹੁਤ ਨਿਰਾਸ਼ ਹੋਏ ਅਤੇ ਇਹ ਆਖ ਕੇ ਇਕ ਵਾਰੀ ਉਹ ਰੋ ਵੀ ਪਏ ਸਨ ਕਿ "ਮੇਰੇ ਪੜ੍ਹੇ ਲਿਖੇ ਸਮਾਜ ਨੇ ਮੈਨੂੰ ਧੋਖਾ ਦਿੱਤਾ ਹੈ।" ਬਾਬਾ ਸਾਹਿਬ ਦੇ ਜਾਣ ਤੋਂ ਇਕ ਦਹਾਕਾ ਬਾਅਦ ਹੀ ਇਸੇ ਜਮਾਤ ਵਿਚੋਂ ਸਾਹਿਬ ਕਾਂਸ਼ੀ ਰਾਮ ਦਾ ਉਭਾਰ ਹੋਇਆ, ਜਿਸਨੇ ਇਸੇ ਜਮਾਤ ਵਿਚੋਂ ਸਮਾਜ ਨੂੰ ਸਮਰਪਿਤ ਲੋਕਾਂ ਦਾ ਇਕ ਕਾਫਲਾ ਲੱਭਣ ਦਾ ਬੀੜਾ ਚੁੱਕ ਲਿਆ। ਉਹਨਾਂ ਨੇ ਹੋਕਾ ਦਿੱਤਾ ਕਿ ਇਹਨਾਂ ਪੜ੍ਹੇ-ਲਿਖੇ ਕਰਮਚਾਰੀਆਂ ਨੇ ਸਮਾਜ ਦੇ ਨਾਂ ਤੇ ਵਿੱਦਿਆ ਜਾਂ ਨੌਕਰੀਆਂ ਵਿਚ ਜੋ ਲਾਭ ਲਿਆ ਹੈ, ਉਸਦੇ ਇਵਜ਼ ਵਿਚ ਉਨ੍ਹਾਂ ਨੂੰ ਸਮਾਜ ਨੂੰ ਵੀ ਕੁਝ ਮੋੜਨਾ (ਪੇ ਬੈਕ) ਚਾਹੀਦਾ ਹੈ। ਜਿਹਨਾਂ ਨੂੰ ਗੱਲ ਦੀ ਸਮਝ ਲੱਗੀ ਉਹ ਹੁੰਮਾ ਹੁੰਮਾ ਕੇ ਆਏ ਤਾਂ ਕਾਂਸ਼ੀ ਰਾਮ ਜੀ ਨੇ ਉਹਨਾਂ ਨੂੰ *ਬਾਮਸੇਫ* ਦੇ ਨਾਂ ਹੇਠ ਸੰਗਠਿਤ ਕਰ ਲਿਆ ਤੇ ਆਪਣਾ ਇਕ ਕਾਫਲਾ ਤਿਆਰ ਕਰ ਲਿਆ।

'ਬਾਮਸੇਫ' ਕੀ ਹੈ, ਇਹ ਕਿਵੇਂ ਕੰਮ ਕਰੇਗੀ, ਕੀ-ਕੀ ਔਕੜਾਂ ਆਉਣਗੀਆਂ ਇਹ ਸੰਖੇਪ ਵਿਚ *ਬਾਮਸੇਫ ਇਕ ਜਾਣਕਾਰੀ' ਵਿਚ ਦਰਜ ਹੈ। 'ਬਾਮਸੇਫ' ਕਾਂਸ਼ੀ ਰਾਮ ਜੀ ਦੀ ਨਿਵੇਕਲੀ ਖੋਜ ਹੈ ਜਿਸਨੂੰ ਉਹ ਸਮਾਜ ਦਾ ਦਿਮਾਗ ਜਾਂ ਅਲਾਦੀਨ ਦਾ ਚਿਰਾਗ ਆਖਿਆ ਕਰਦੇ ਸਨ। ਉਹ ਇਹ ਵੀ ਆਖਦੇ ਹੁੰਦੇ ਸਨ ਕਿ ਜਦੋਂ ਕਦੇ ਉਹਨਾਂ ਕੋਲ 50 ਐਮ। ਪੀ। ਹੋ ਗਏ ਤਾਂ ਉਹ 5 ਐਮ। ਪੀ। ਦੀ ਡਿਊਟੀ ਬਾਮਸੇਫ ਨੂੰ ਤਕੜੀ ਤੇ ਵਿਆਪਕ ਬਣਾਉਦ ਲਈ ਲਾਉਣਗੇ। ਇਕ ਵਾਰੀ ਜਦੋਂ ਉਹ ਜਾਪਾਨ ਇਕ ਕਾਨਫਰੰਸ ਵਿਚ ਗਏ ਸਨ ਤਾਂ ਇਹ ਕਿਤਾਬਚਾ ਉਥੇ ਛਾਪ ਕੇ ਵੰਡਿਆ ਗਿਆ। ਲੋਕਾਂ ਵੱਲੋਂ ਬਹੁਤ ਸਲਾਹਿਆ ਗਿਆ। ਇਸਦੀ ਜਿਲਦ ਲਾਲ ਹੋਣ ਕਾਰਨ ਇਹ ਉਥੇ 'ਰੈਡ ਬੁੱਕ ਆਫ ਕਾਂਸ਼ੀ ਰਾਮ' ਕਰਕੇ ਮਸ਼ਹੂਰ ਹੋ ਗਈ ਸੀ।

'ਬਾਮਸੇਫ' 6-12-1978 ਨੂੰ ਹੋਂਦ ਵਿਚ ਆਈ ਅਤੇ ਠੀਕ ਤਿੰਨ ਸਾਲਾਂ ਬਾਅਦ 6-12-1981 ਨੂੰ ਇਕ ਸੰਘਰਸ਼ਾਤਮਕ ਜਥੇਬੰਦੀ ਡੀ ਐਸ ਫੋਰ ਅਤੇ ਉਸ ਤੋਂ ਠੀਕ 2 ਸਾਲ 4 ਮਹੀਨਿਆਂ ਦੇ ਵਕਫੇ ਬਾਅਦ ਹੀ 14-4-1984 ਨੂੰ ਇਕ ਪੂਰੀ ਸੂਰੀ ਰਾਜਨੀਤਿਕ ਪਾਰਟੀ 'ਬਹੁਜਨ ਸਮਾਜ ਪਾਰਟੀ' ਹੋਂਦ ਵਿਚ ਆ ਗਈ। ਇਹਨਾਂ ਵਿਚ ਬਾਮਸੇਫ ਦਾ ਵੱਡਾ ਰੋਲ ਸੀ। ਬਹੁਜਨ ਸਮਾਜ ਪਾਰਟੀ ਨੇ 4 ਵਾਰੀ ਯੂ। ਪੀ। ਵਰਗੇ ਸਭ ਤੋਂ ਵੱਡੇ ਸੂਬੇ ਉਤੇ ਇਕ ਦਲਿਤ ਸ਼ਕਤੀਸ਼ਾਲੀ ਇਸਤਰੀ ਰਾਹੀਂ ਰਾਜ ਕਰਤਾ ਅਤੇ ਇਹ ਦੇਸ਼ ਦੀ ਤੀਜੇ ਨੰਬਰ ਦੀ ਵੱਡੀ ਮਾਨਤਾ ਪ੍ਰਾਪਤ ਰਾਜਨੀਤਿਕ ਪਾਰਟੀ ਬਣੀ।

ਮੈਨੂੰ ਖੁਸ਼ੀ ਹੈ ਕਿ ਇਸ ਮਹੱਤਵਪੂਰਨ ਦਸਤਾਵੇਜ਼ ਨੂੰ ਰਿਲੀਜ਼ ਕਰਨ ਵੇਲੇ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਦਾ ਮੌਕਾ ਮੈਨੂੰ ਪ੍ਰਾਪਤ ਹੋਇਆ ਸੀ। ਹੁਣ ਫਿਰ ਜਦੋਂ ਪੀ ਕੇ ਚੁੰਬਰ ਜੀ ਨੇ ਅਜੋਕੇ ਸਮੇਂ ਵੀ ਇਸਦੀ ਮਹੱਤਤਾ ਸਮਝਦਿਆਂ ਇਸਨੂੰ ਮੁੜ ਛਾਪਣ ਦਾ ਮਨ ਬਣਾਇਆ ਅਤੇ ਮੈਨੂੰ ਦੋ ਸ਼ਬਦ ਲਿਖਣ ਅਤੇ ਖਰੜਾ ਵਾਚਣ ਲਈ ਆਖਿਆ ਤਾਂ ਮੈਂ ਖੁਸ਼ੀ ਖੁਸ਼ੀ ਸਵੀਕਾਰ ਕਰ ਲਿਆ। ਅੰਬੇਡਕਰੀ ਵਿਚਾਰਧਾਰਾ ਨੂੰ ਪਰਨਾਏ ਚੁੰਬਰ ਜੀ ਅਮਰੀਕਾ ਦੀ ਧਰਤੀ ਤੇ ਕੈਲੇਫੋਰਨੀਆ ਤੋਂ ਦੋ ਸਪਤਾਹਿਕ ਪੇਪਰ ਆਪਣੀ ਸੰਪਾਦਕੀ ਹੇਠ ਲੰਮੇ ਸਮੇਂ ਤੋਂ ਕੱਢ ਰਹੇ ਹਨ। ਇਕ ਅੰਗਰੇਜ਼ੀ ਵਿਚ 'ਅੰਬੇਦਕਰ ਟਾਈਮਜ਼' ਜੋ ਭਾਰਤ ਦੇ ਸੰਵਿਧਾਨਦਾਤਾ ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਜੀ ਨੂੰ ਸਮਰਪਿਤ ਹੈ ਅਤੇ ਦੂਜਾ ਪੰਜਾਬੀ ਵਿਚ 'ਦੇਸ਼ ਦੁਆਬਾ' ਜੋ ਬਾਬਾ ਸਾਹਿਬ ਦੀ ਲਹਿਰ ਦੇ ਸਮਰਥਕ ਅਤੇ ਮਹਾਂ ਪੰਜਾਬ ਦੇ ਦਲਿਤਾਂ ਵਿਚ ਜਾਗਰਤੀ ਦੀ ਚਿਣਗ ਲਗਾਉਣ ਵਾਲੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਨੂੰ ਸਮਰਪਿਤ ਹੈ।

ਚੁੰਬਰ ਜੀ ਇਹਨਾਂ ਦੋਹਾਂ ਮਹਾਂਪੁਰਸ਼ਾਂ ਦੀ ਵਿਚਾਰਧਾਰਾ ਨੂੰ ਪ੍ਰਫੁੱਲਿਤ ਕਰਨ ਲਈ ਬੜੀ ਖੋਜ ਭਰਪੂਰ ਸਮੱਗਰੀ ਲਗਾਤਾਰ ਪ੍ਰਦਾਨ ਕਰਦੇ ਆ ਰਹੇ ਹਨ। ਆਪਣੀ ਨੌਕਰੀ ਦੇ ਨਾਲ ਨਾਲ ਦੋਹਾਂ ਪੇਪਰਾਂ ਦਾ ਕੰਮਕਾਜ ਉਹ ਡੇਢ ਦਹਾਕੇ ਤੋਂ ਵੀ ਵੱਧ ਸਮੇਂ ਤੋਂ ਦਿਨ ਰਾਤ ਦੀ ਕੜੀ ਮਿਹਨਤ ਨਾਲ ਨਿਭਾਅ ਰਹੇ ਹਨ। ਇਸਦੇ ਸਿੱਟੇ ਵਜੋਂ ਹੀ ਇਹ ਪੇਪਰ ਅਮਰੀਕਾ ਅਤੇ ਭਾਰਤ ਤੋਂ ਇਲਾਵਾ ਹੋਰ ਵੀ ਕਈ ਦੇਸ਼ਾਂ ਵਿਚ ਵੱਡੀ ਗਿਣਤੀ ਵਿਚ ਪੜ੍ਹੇ ਜਾਂਦੇ ਹਨ। ਇਹਨਾਂ ਦੇ ਵੱਡੇ ਭਾਈ ਸਾਹਿਬ ਸ੍ਰੀ ਸੀ. ਐਲ. ਚੁੰਬਰ (ਹੁਣ ਨਹੀਂ ਰਹੇ) ਵੀ ਲੰਬੇ ਸਮੇਂ ਤੱਕ ਸਾਹਿਬ ਕਾਂਸ਼ੀ ਰਾਮ ਨਾਲ ਕੰਧੇ ਨਾਲ ਕੰਧਾ ਮਿਲਾ ਕੇ ਵੱਧ ਚੜ੍ਹ ਕੇ ਕੰਮ ਕਰਦੇ ਰਹੇ ਹਨ। ਇਹ ਪੇਪਰ ਬਹੁਜਨ ਸਮਾਜ ਨਾਲ ਜੁੜੇ ਮੇਰੇ ਸਮੇਤ ਕਿੰਨੇ ਹੀ ਲੇਖਕਾਂ ਨੂੰ ਮੰਚ ਪ੍ਰਦਾਨ ਕਰਨ ਦਾ ਕੰਮ ਕਰ ਰਹੇ ਹਨ। ਮੈਨੂੰ ਆਸ ਹੈ ਕਿ ਸ੍ਰੀ ਪੀ. ਕੇ. ਚੁੰਬਰ ਦੀਆਂ ਕੋਸ਼ਿਸ਼ਾਂ ਨਾਲ ਛਪੀ "ਬਾਮਸੇਫ ਇਕ ਜਾਣਕਾਰੀ" ਨਵੀਂ ਪੀੜ੍ਹੀ ਨੂੰ ਪਹਿਲਾਂ ਵਾਂਗ ਹੀ ਆਪਣੇ ਅਣਲਿਖਤ, ਅਣਗੌਲੇ ਇਤਿਹਾਸ ਵੱਲ ਪ੍ਰੇਰਿਤ ਕਰਕੇ ਇਕ ਨਵੀਂ ਦਿਸ਼ਾ ਵੱਲ ਸੇਧਿਤ ਕਰਨ ਵਿਚ ਸਹਾਈ ਹੋਵੇਗੀ ਜੋ ਨਿਸ਼ਚੇ ਹੀ ਸਮਾਜ ਦੇ ਉਥਾਨ ਵਿਚ ਯੋਗਦਾਨ ਪਾਉਣ ਦਾ ਕੰਮ ਹੋਵੇਗਾ। ਸਹੀ ਇਤਿਹਾਸ ਜਾਣੇ ਬਿਨਾਂ ਇਤਿਹਾਸ ਬਣਾਇਆ ਵੀ ਤਾਂ ਨਹੀਂ ਜਾ ਸਕਦਾ। **– ਫਤਿਹਜੰਗ ਸਿੰਘ**



**91-98726-70278**



*Surjit Momi, Lajpat Rai Momi, Harminder Momi. Rajinder Momi. Prem Sodhi Momi*

# MOMI BROTHERS



Neeraj Kumar Chander "Tajpuri" and Family



# Sh. Bihari Lal Chahal and Family



# Bansi Lal Bangar & Family

We pay floral tribute on the 15th Prinirvana Divas of Sahib Shri Kanshi Ram Ji, founder President of BAMCEF, DS4 and Bahujan Samaj Party (BSP) & we congratulate Mr. Prem K. Chumber Editor-In-Chief: "Ambedkar Times" & "Desh Doaba" for reproducing "AN INTRODUCTION TO BAMCEF" (Punjabi version) released on October 14, 1981 during the third National Convention held at Chandigarh (India).

***Momi Brothers (Bakersfield), Amardeep Chahal (King City),***
***Bansi Lal Bangar (Fresno) and Neeraj Kumar Chander (Sacramento)***

"Ambedkar Times" & "Desh Doaba" Weeklies are thankful of esteemed families of Momi Brothers (Bakersfield), Amardeep Chahal (King City), Neeraj Kumar Chander (Sacramento) and Bansi Lal Bangar (Fresno) for their sponsorship of carrying the Text of the Introduction to BAMCEF in "Desh Doaba" weekly newspaper on the 15th Prinirvan Divas of Sahib Shri Kanshi Ram Ji. We also sincerely thank S. Fatehjung Singh for its translation in Punjabi and his dedication words on the occasion.

**Prem Kumar Chumber**
Editor-In-Chief: "Ambedkar Times" & "Desh Doaba"

# ਬਾਮਸੇਫ ਇਕ ਜਾਣਕਾਰੀ

## 14 ਅਕਤੂਬਰ 1981 ਨੂੰ ਚੰਡੀਗੜ੍ਹ ਵਿਖੇ ਹੋਏ ਤੀਜੇ ਰਾਸ਼ਟਰੀ ਸੰਮੇਲਨ ਵਿਚ ਰਿਲੀਜ਼ ਕੀਤੀ ਗਈ।



ਲੇਖਕ
ਕਾਂਸ਼ੀ ਰਾਮ

*(ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੁਆਰਾ ਲਿਖਤ 'ਬਾਮਸੇਫ ਇਕ ਜਾਣਕਾਰੀ') ਦੀ ਭੂਮਿਕਾ*

**ਬਾਮਸੇਫ ਦਾ ਨਿਰਮਾਣ ਪੱਛੜੇ ਵਰਗਾਂ (ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ) ਅਤੇ ਘੱਟ ਗਿਣਤੀ ਸਮੁਦਾਵਾਂ ਦੇ ਸਿੱਖਿਅਤ ਕਰਮਚਾਰੀਆਂ ਵੱਲੋਂ ਆਪਣੇ ਸਬੰਧੀ ਦਲਿਤ ਤੇ ਸ਼ੋਸ਼ਿਤ ਸਮਾਜ ਦਾ ਕਰਜ਼ਾ ਚੁਕਾਉਣ ਲਈ ਕੀਤਾ ਗਿਆ। ਇਸੇ ਮੰਤਵ ਨੂੰ ਮੁੱਖ ਰੱਖ ਕੇ ਹੀ ਸੰਗਠਨ ਦਾ ਢਾਂਚਾ ਅਤੇ ਮਸ਼ੀਨਰੀ ਤਿਆਰ ਕੀਤੀ ਗਈ ਹੈ।**

**ਬਾਮਸੇਫ ਇਸ ਦਿਸ਼ਾ ਵੱਲ ਦਲਿਤ ਤੇ ਸ਼ੋਸ਼ਿਤ ਸਮਾਜ ਦੇ ਪੜ੍ਹੇ-ਲਿਖੇ ਕਰਮਚਾਰੀਆਂ ਦੀ ਆਪਣੇ ਸਬੰਧਤ ਸਮਾਜ ਪ੍ਰਤੀ ਇਹ ਪ੍ਰਥਮ ਕੋਸ਼ਿਸ਼ ਜਾਪਦੀ ਹੈ। ਬਾਮਸੇਫ, ਤੀਬਰ ਇੱਛਾਵਾਂ, ਸਤਰਕ ਵਿਚਾਰਾਂ, ਤਜਰਬਿਆਂ ਅਤੇ ਧਾਰਨਾਵਾਂ ਦੀ ਉਪਜ ਹੈ।**

**ਬਾਮਸੇਫ ਦੇ ਬਣਨ ਵਿਚ ਲਗਭਗ 10 ਸਾਲ ਦੀਆਂ ਸਿੱਧੀਆਂ ਅਤੇ ਅਸਿੱਧੀਆਂ ਕੋਸ਼ਿਸ਼ਾਂ ਲੱਗੀਆਂ। ਇਹਨਾਂ ਕੋਸ਼ਿਸ਼ਾਂ ਦਾ ਵਿਸਥਾਰ ਪੂਰਵਕ ਵਰਨਣ ਬੜੀ ਜਲਦੀ ਲਗਭਗ 250 ਸਫਿਆਂ ਦੀ ਇਕ ਕਿਤਾਬ ਦੇ ਰੂਪ ਵਿਚ ਦਿੱਤਾ ਜਾ ਰਿਹਾ ਹੈ। ਪਿਛਲੇ ਇਕ ਸਾਲ ਤੋਂ ਫੀਲਡ ਕੰਮ ਅਤੇ ਸੰਗਠਨਾਤਮਕ ਸਰਗਰਮੀਆਂ ਸਦਕਾ ਮੈਂ ਉਹ ਕਿਤਾਬ ਸੰਪੂਰਨ ਨਹੀਂ ਕਰ ਸਕਿਆ ਨਹੀਂ ਤਾਂ 14 ਅਕਤੂਬਰ 1981 ਨੂੰ ਚੰਡੀਗੜ੍ਹ ਵਿਖੇ ਹੋ ਰਹੇ ਤੀਜੇ ਕੌਮੀ ਸੰਮੇਲਨ ਦੇ ਅਵਸਰ ਤੇ ਇਹੋ ਜਿਹੀ ਕਿਤਾਬ ਰਿਲੀਜ਼ ਕਰਨ ਦਾ ਬੜਾ ਢੁਕਵਾਂ ਸਮਾਂ ਸੀ।**

**ਇਸ ਘਾਟੇ ਨੂੰ ਪੂਰਨ ਲਈ ਮੈਂ ਉਸ ਸੰਪੂਰਨ ਕਿਤਾਬ ਦੀ ਇਹ ਸੰਖੇਪ ਜਾਣਕਾਰੀ ਤਿਆਰ ਕੀਤੀ ਹੈ। ਅਜਿਹਾ ਇਸ ਲਈ ਕੀਤਾ ਗਿਆ ਕਿ ਜਦੋਂ ਚੰਡੀਗੜ੍ਹ ਵਿਚ ਸਾਰੇ ਭਾਰਤ ਵਿਚੋਂ ਡੈਲੀਗੇਟ ਇਕੱਠੇ ਹੋ ਰਹੇ ਹਨ ਤਾਂ ਇਸ ਮੌਕੇ ਤੇ ਜੇ ਸੰਪੂਰਨ ਨਹੀਂ ਤਾਂ ਵਿਸ਼ਵਾਸ ਯੋਗ ਸੰਖੇਪ ਜਾਣਕਾਰੀ ਤਾਂ ਪ੍ਰਦਾਨ ਕੀਤੀ ਜਾ ਸਕੇ।**

**ਮੈਂ, ਨਾਗਪੁਰ ਤੋਂ ਸ੍ਰੀ ਨਾਨਾਵਟੇ ਦਾ ਜਿਨ੍ਹਾਂ ਨੇ ਮੇਰਾ ਕੀਮਤੀ ਸਮਾਂ ਬਚਾਉਣ ਲਈ ਡਿਕਟੇਸ਼ਨ ਲਈ, ਸ੍ਰੀ ਰਾਮ ਰਾਜ ਰਾਮ ਦਾ ਹਿੰਦੀ ਅਨੁਵਾਦ ਲਈ ਅਤੇ ਸ. ਫਤਿਹਜੰਗ ਸਿੰਘ ਦਾ ਪੰਜਾਬੀ ਅਨੁਵਾਦ ਲਈ ਧੰਨਵਾਦੀ ਹਾਂ, ਜਿਹਨਾਂ ਸਦਕਾ ਇਹ ਸੰਖੇਪ ਜਾਣਕਾਰੀ ਤਿੰਨਾਂ ਭਾਸ਼ਾਵਾਂ ਵਿਚ ਤੀਜੇ ਕੌਮੀ ਸੰਮੇਲਨ ਦੇ ਅਵਸਰ ਤੇ ਰਿਲੀਜ਼ ਕਰਨੀ ਸੰਭਵ ਹੋ ਸਕੀ।**

**-ਕਾਂਸ਼ੀ ਰਾਮ**

**(1) ਪੂਰਾ ਨਾਂ ਅਤੇ ਮੰਤਵ**

ਬਾਮਸੇਫ ਦੀ ਆਲ ਇੰਡੀਆ ਬੈਕਵਰਡ (ਐਸ. ਸੀ., ਐਸ. ਟੀ., ਓ. ਬੀ. ਸੀ.) ਐਂਡ ਮਾਈਨਾਰਟੀ ਕਮਿਊਨਿਟੀ ਇੰਪਲਾਈਜ਼ ਫੈਡਰੇਸ਼ਨ, ਦਿੱਲੀ ਦਾ ਛੋਟਾ ਨਾਂ ਹੈ। ਇਸ ਵਿਚ ਬੈਕਵਰਡ ਕਲਾਸਿਜ਼ (ਪੱਛੜੀਆਂ ਸ਼੍ਰੇਣੀਆਂ) ਤੋਂ ਬੜਾ ਵਿਆਪਕ ਅਰਥ ਲਿਤਾ ਗਿਆ ਹੈ, ਜਿਸ ਵਿਚ ਕਿ ਤਿੰਨ ਵਰਗ ਸ਼ਾਮਲ ਕੀਤੇ ਗਏ ਹਨ- (1) ਅਨੁਸੂਚਿਤ ਜਾਤੀਆਂ, (2) ਅਨੁਸੂਚਿਤ ਕਬੀਲੇ, (3) ਦੂਜੀਆਂ ਪੱਛੜੀਆਂ ਸ਼੍ਰੇਣੀਆਂ। ਮਾਈਨਾਰਟੀ (ਘੱਟ ਗਿਣਤੀ) ਤੋਂ ਬਾਮਸੇਫ ਦਾ ਭਾਵ ਹੈ ਮੁਸਲਮਾਨ, ਇਸਾਈ, ਸਿੱਖ, ਬੁੱਧ ਅਤੇ ਪਾਰਸੀ ਆਦਿ ਧਾਰਮਿਕ ਘੱਟ ਗਿਣਤੀ ਸਮੁਦਾਵਾਂ।

**ਮੰਤਵ:**

ਪਿਛੜੇ ਵਰਗ ਅਤੇ ਘੱਟ ਗਿਣਤੀ ਸਮੁਦਾਵਾਂ ਦੇ ਪੜ੍ਹੇ-ਲਿਖੇ ਕਰਮਚਾਰੀਆਂ ਨੂੰ ਜਥੇਬੰਦ ਕਰਨ ਦਾ ਮੁਢਲਾ ਮੰਤਵ ਹੈ ਆਪਣੇ ਸਬੰਧਤ ਦਲਿਤ ਅਤੇ ਸ਼ੋਸ਼ਿਤ ਸਮਾਜ ਨੂੰ ਕੁਝ ਇਵਜ਼ਾਨਾ ਮੋੜਨਾ। ਬਾਮਸੇਫ ਵਿਚ ਇੰਪਲਾਈਜ਼ (ਕਰਮਚਾਰੀ) ਦਾ ਅਰਥ ਹੈ ਸਿਰਫ ਪੜ੍ਹਿਆ ਲਿਖਿਆ ਕਰਮਚਾਰੀ। ਉਪਰੋਕਤ ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਸਮੁਦਾਵਾਂ ਦੇ ਸਿਰਫ ਪੜ੍ਹੇ-ਲਿਖੇ ਕਰਮਚਾਰੀਆਂ ਨੂੰ ਹੀ ਸੰਗਠਿਤ ਕਰਨ ਦਾ ਉਪਰਾਲਾ ਕਿਉਂ ਕੀਤਾ ਗਿਆ? ਸਾਡੇ ਗਿਆਨ ਅਤੇ ਤਜਰਬੇ ਦੇ ਆਧਾਰ ਤੇ ਕੱਢੇ ਗਏ ਨਤੀਜੇ ਤੋਂ ਇਹ ਤੱਥ ਸਾਹਮਣੇ ਆਉਂਦਾ ਹੈ ਕਿ ਦਲਿਤ ਤੇ ਸ਼ੋਸ਼ਿਤ ਸਮਾਜ ਦੇ ਪੜ੍ਹੇ-ਲਿਖੇ ਕਰਮਚਾਰੀਆਂ ਨੇ ਆਪਣੇ ਸਮਾਜ ਦੇ ਨਾਂ ਤੇ ਕੁਝ ਲਾਭ ਉਠਾਇਆ ਹੈ। ਇਸ ਲਈ ਸਾਡਾ ਇਹ ਨਿਰਣਾ ਹੈ ਕਿ ਆਪਣੇ ਬਦਕਿਸਮਤ ਭਰਾਵਾਂ ਪ੍ਰਤੀ ਜਿਨ੍ਹਾਂ ਵਿਚ ਉਹ ਪੈਦਾ ਹੋਏ ਹਨ, ਸਮਾਜਿਕ ਜ਼ਿੰਮੇਵਾਰੀ ਨਿਭਾਉਣ ਲਈ ਉਹ ਆਪਣੇ ਦਲਿਤ ਅਤੇ ਸ਼ੋਸ਼ਿਤ ਸਮਾਜ ਨੂੰ ਕੁਝ ਇਵਜ਼ਾਨਾ ਅਦਾ ਕਰਨ।

**11. ਸਿਰਫ ਪੱਛੜੇ ਵਰਗ ਅਤੇ ਘੱਟ ਗਿਣਤੀ ਸਮੁਦਾਵਾਂ ਦੇ ਕਰਮਚਾਰੀ ਹੀ ਕਿਉਂ?**

ਬਾਮਸੇਫ ਦੇ ਸੰਕਲਪ ਵੇਲੇ ਇਹ ਫੈਸਲਾ ਕੀਤਾ ਗਿਆ ਕਿ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਵਾਂ ਦੇ ਪੜ੍ਹੇ-ਲਿਖੇ ਕਰਮਚਾਰੀਆਂ ਨੂੰ ਆਪਣੇ ਦਲਿਤ ਤੇ ਸ਼ੋਸ਼ਿਤ ਸਮਾਜ ਨੂੰ ਕੁਝ ਵਾਪਸ ਅਦਾ ਕਰਨ ਲਈ ਸੰਗਠਿਤ ਕੀਤਾ ਜਾਵੇ। ਸਾਡਾ ਇਹ ਵਿਸ਼ਵਾਸ ਹੈ ਕਿ ਸਵੈ-ਸਹਾਇਤਾ ਸਭ ਤੋਂ ਚੰਗੀ ਸਹਾਇਤਾ ਹੈ ਅਤੇ ਸਵੈਮਾਣ ਦੀ ਲਹਿਰ ਸਵੈ-ਸਹਾਇਤਾ ਤੋਂ ਬਿਨਾਂ ਨਹੀਂ ਚਲਾਈ ਜਾ ਸਕਦੀ। ਇਸ ਵਿਸ਼ਵਾਸ ਤੋਂ ਹੀ ਇਨ੍ਹਾਂ ਵਰਗਾਂ ਦੇ ਕਰਮਚਾਰੀਆਂ ਨੂੰ ਜਥੇਬੰਦ ਕਰਨ ਦਾ ਵਿਚਾਰ ਉਤਪੰਨ ਹੋਇਆ। ਭਾਰਤ ਦੇ ਸਮਾਜਿਕ ਢਾਂਚੇ ਤੋਂ ਇਹ ਪੱਛੜੇ ਅਤੇ ਘੱਟ ਗਿਣਤੀ ਦੇ ਵਰਗ ਹੀ ਸਭ ਤੋਂ ਵੱਧ ਪੀੜਤ ਹਨ। ਇਸ ਲਈ ਇਸ ਢਾਂਚੇ ਦੇ ਇਹਨਾਂ ਪੀੜਤ ਵਰਗਾਂ ਨੂੰ ਖੁਦ ਜਥੇਬੰਦ ਹੋ ਕੇ ਆਪਣੀ ਹਾਲਤ ਆਪ ਸੁਧਾਰਨੀ ਚਾਹੀਦੀ ਹੈ ਅਤੇ ਆਪਣੇ ਨਾਲ ਹੋ ਰਹੀ ਬੇਇਨਸਾਫ਼ੀ ਤੋਂ ਛੁਟਕਾਰਾ ਪਾਉਣਾ ਚਾਹੀਦਾ ਹੈ।

ਸਾਡਾ ਸੰਵਿਧਾਨ ਇਸ ਤੱਥ ਨੂੰ ਸਵੀਕਾਰ ਕਰਦਾ ਹੈ ਕਿ ਪੱਛੜੇ ਹੋਏ ਅਤੇ ਘੱਟ ਗਿਣਤੀ ਵਰਗਾਂ ਦੇ ਨਾਲ ਸਦੀਆਂ ਤੋਂ ਬੇਇਨਸਾਫ਼ੀ ਹੋਈ ਹੈ। ਇਸ ਲਈ ਇਸ ਤੱਥ ਨੂੰ ਸਾਹਮਣੇ ਰੱਖਦਿਆਂ ਹੋਇਆਂ ਇਹਨਾਂ ਵਰਗਾਂ ਦੇ ਹੱਕਾਂ ਅਤੇ ਹਿੱਤਾਂ ਦੀ ਰੱਖਿਆ ਲਈ ਸਾਡੇ ਸੰਵਿਧਾਨ ਵਿਚ ਯੋਗ ਧਾਰਾਵਾਂ ਰੱਖੀਆਂ ਗਈਆਂ ਹਨ। ਇਹਨਾਂ ਸੰਵਿਧਾਨਕ ਧਾਰਾਵਾਂ ਦੇ ਬਾਵਜੂਦ ਵੀ ਇਹ ਸਰਕਾਰ ਦੇ ਰਹਿਮ 'ਤੇ ਹੈ ਕਿ ਉਹ ਇਨ੍ਹਾਂ ਵਰਗਾਂ ਦੇ ਹੱਕਾਂ ਅਤੇ ਹਿੱਤਾਂ ਦੀ ਰੱਖਿਆ ਕਰੇ ਜਾਂ ਨਾ ਕਰੇ। ਇਸ ਲਈ ਇਹ ਜ਼ਰੂਰੀ ਹੈ ਕਿ ਇਹ ਵਰਗ ਆਪਣੇ ਹੱਕਾਂ ਅਤੇ ਹਿੱਤਾਂ ਦੀ ਰੱਖਿਆ ਲਈ ਖੁਦ ਜਥੇਬੰਦ ਹੋਣ। ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਦਲਿਤ ਤੇ ਸ਼ੋਸ਼ਿਤ ਵਰਗ ਦੇ ਪੜ੍ਹੇ ਲਿਖੇ ਕਰਮਚਾਰੀ ਹੀ ਢੁਕਵੇਂ ਜਾਪਦੇ ਹਨ।

ਸੰਨ 1950 ਵਿਚ ਭਾਰਤੀ ਸੰਵਿਧਾਨ ਲਾਗੂ ਹੋਣ ਤੋਂ 25 ਸਾਲ ਬਾਅਦ ਤੱਕ ਵੀ ਅਤੇ ਇਹਨਾਂ ਜ਼ੋਰਦਾਰ ਧਾਰਾਵਾਂ ਦੇ ਬਾਵਜੂਦ ਵੀ ਇਨ੍ਹਾਂ ਵਰਗਾਂ ਲਈ ਕੋਈ ਠੋਸ ਕਾਰਜ ਨਹੀਂ ਹੋਇਆ। ਇਸ ਲਈ ਇਨ੍ਹਾਂ ਵਰਗਾਂ ਨੇ ਗੁੱਸੇ ਵਿਚ ਆਪਣੀ ਆਵਾਜ਼ ਬੁਲੰਦ ਕੀਤੀ। ਇਸੇ ਨੂੰ ਮੁੱਖ ਰੱਖਦਿਆਂ 1977 ਦੀਆਂ ਆਮ ਚੋਣਾਂ ਵਿਚ ਲਗਭਗ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਆਪਣੀ ਕਾਰਜ ਨੀਤੀ ਵਿਚ ਇਹਨਾਂ ਵਰਗਾਂ ਲਈ ਤਿੰਨ ਵੱਖ-ਵੱਖ ਕਮਿਸ਼ਨ ਬਣਾਏ ਜਾਣ ਦੇ ਵਾਅਦੇ ਕੀਤੇ। ਇਸ ਦੇ ਫਲਸਰੂਪ 1977 ਵਿਚ ਤਿੰਨ ਕਮਿਸ਼ਨ (1) ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਲਈ, (2) ਦੂਜੀਆਂ ਹੋਰ ਪੱਛੜੀਆਂ ਸ਼੍ਰੇਣੀਆਂ ਲਈ, (3) ਘੱਟ ਗਿਣਤੀ ਸਮੁਦਾਵਾਂ ਲਈ ਨਿਯੁਕਤ ਕੀਤੇ ਗਏ।

ਇਹ ਬਦਕਿਸਮਤੀ ਹੈ ਕਿ ਇਹਨਾਂ ਕਮਿਸ਼ਨਾਂ ਨੇ ਕੋਈ ਸਾਰਥਕ ਕੰਮ ਨਹੀਂ ਕੀਤਾ। ਸੱਤਾਧਾਰੀ ਜਮਾਤ ਅਤੇ ਸਮਾਜ ਦੇ ਅਨੁਚਿਤ ਵਤੀਰੇ ਨੂੰ ਮੁੱਖ ਰੱਖ ਕੇ ਇਹ ਜ਼ਰੂਰੀ ਸਮਝਿਆ ਗਿਆ ਕਿ ਆਪਣੇ ਸੰਵਿਧਾਨਕ ਹੱਕਾਂ ਨੂੰ ਸੁਰੱਖਿਅਤ ਰੱਖਣ ਲਈ ਇਸ ਸੰਸਕ੍ਰਿਤੀ ਤੋਂ ਪੀੜਤ ਲੋਕਾਂ ਨੂੰ ਖੁਦ ਜਥੇਬੰਦ ਹੋਣਾ ਚਾਹੀਦਾ ਹੈ। ਜੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਧਾਰਮਿਕ ਘੱਟ ਗਿਣਤੀ ਸਮੁਦਾਵਾਂ ਨਿੱਜੀ ਤੌਰ 'ਤੇ ਵੱਖ ਵੱਖ ਜਥੇਬੰਦ ਹੋਣ ਤਾਂ ਉਹ ਆਪਣੇ ਹਿੱਤਾਂ ਦੀ ਰਾਖੀ ਨਹੀਂ ਕਰ ਸਕਦੀਆਂ ਅਤੇ ਨਾ ਹੀ ਆਪਣੀਆਂ ਔਕੜਾਂ ਦੂਰ ਕਰ ਸਕਦੀਆਂ ਹਨ। ਇਸ ਲਈ ਇਹ ਸੋਚਿਆ ਗਿਆ ਕਿ ਇਹ ਜ਼ਰੂਰੀ ਹੈ ਕਿ ਸਾਰੇ ਪੀੜਤ ਇਕੋ ਥਾਂ ਇਕੱਠੇ ਹੋ ਕੇ ਆਪਣੀਆਂ ਔਕੜਾਂ ਦਾ ਇਕੱਠਿਆਂ ਹੀ ਹੱਲ ਲੱਭਣ। ਇਸੇ ਕਰਕੇ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਵਾਂ ਦੇ ਪੜ੍ਹੇ-ਲਿਖੇ ਕਰਮਚਾਰੀਆਂ ਨੂੰ ਬਾਮਸੇਫ ਦੇ ਝੰਡੇ ਹੇਠ ਜਥੇਬੰਦ ਕਰਨ ਦਾ ਫੈਸਲਾ ਕੀਤਾ ਗਿਆ।

**111. ਇਤਿਹਾਸਕ ਪਿਛੋਕੜ:**

ਵੀਹਵੀਂ ਸਦੀ ਦੇ ਸ਼ੁਰੂ ਵਿਚ ਸਾਰੇ ਭਾਰਤ ਵਿਚ ਦਲਿਤ ਅਤੇ ਸ਼ੋਸ਼ਿਤ ਵਰਗ ਨੇ ਉਸ ਵਿਵਸਥਾ ਵਿਰੁੱਧ ਬਗਾਵਤ ਸ਼ੁਰੂ ਕਰ ਦਿੱਤੀ, ਜਿਸ ਵਿਚ ਉਹ ਸਦੀਆਂ ਤੋਂ ਪੀੜਤ ਸਨ। ਭਾਰਤ ਦੇ ਨਕਸ਼ੇ ਤੋਂ ਪਤਾ ਲੱਗਦਾ ਹੈ ਕਿ ਉਤਰ ਪੱਛਮ ਤੋਂ ਉਤਰ ਪੂਰਬ ਅਤੇ ਫਿਰ ਦੱਖਣ ਤੱਕ ਚੱਪੇ ਚੱਪੇ ਤੇ ਬਗਾਵਤ ਦੀ ਚਿੰਗਾੜੀ ਭੜਕੀ। ਉਤਰ ਪੱਛਮ ਤੋਂ ਸ਼ੁਰੂ ਕਰਕੇ ਉਤਰ ਪੂਰਬ ਵੱਲ ਜਾਂਦਿਆਂ ਅਸੀਂ ਵੇਖਦੇ ਹਾਂ ਕਿ ਇਸ ਖਿੱਤੇ ਵਿਚ ਆਦਿ ਧਰਮੀ, ਜਾਟਵ, ਕੁਰੀਲ, ਆਦਿ ਹਿੰਦੂ, ਨਾਮੋ ਸ਼ੂਦਰਾਂ ਵਰਗੀਆਂ ਲਹਿਰਾਂ ਉਭਰੀਆਂ। ਦੱਖਣ ਵੱਲ ਝਾਤੀ ਮਾਰਦਿਆਂ ਸਾਨੂੰ ਤਾਮਿਲਨਾਡੂ ਵਿਚ ਸਤਨਾਮੀ, ਰਾਮਨਾਮੀ ਆਦਿ ਆਂਧਰਾ, ਆਦਿ ਦਰਾਵੜ ਲਹਿਰਾਂ ਮਿਲਦੀਆਂ ਹਨ। ਕੇਰਲਾ ਵਿਚ ਪਲਾਇਆ, ਥਈਆ, ਇਜ਼ਵਾ ਆਦਿ ਅਤੇ ਪੱਛਮੀ ਤਟ ਤੇ ਆਦਿ ਕਰਨਾਟਕਾ ਲਹਿਰਾਂ ਉਭਰੀਆਂ। ਇਹਨਾਂ ਵਿਚ ਪੱਛਮ ਅਤੇ ਮੱਧ ਭਾਰਤ ਵਿਚ ਮਹਾਰਾਂ ਦੀ ਲਹਿਰ ਜਿਸ ਦੇ ਆਗੂ ਡਾ. ਬੀ. ਆਰ. ਅੰਬੇਡਕਰ ਸਨ, ਸਭ ਤੋਂ ਵੱਧ ਉਭਰ ਕੇ ਸਾਹਮਣੇ ਆਏ।

1919 ਦੇ ਪਹਿਲੇ ਇੰਡੀਆ ਐਕਟ ਨੇ ਆਰੰਭਕ ਤੀਲੀ ਸੁਲਗਾਈ। ਇਸ ਐਕਟ ਦੇ ਬਣਨ ਤੋਂ ਬਾਅਦ ਸਾਰੇ ਭਾਰਤ ਵਿਚ ਸਮਾਜ ਦੇ ਦਲਿਤ ਤੇ ਸ਼ੋਸ਼ਿਤ ਵਰਗ ਨੇ ਸਵੈ-ਸਹਾਇਤਾ ਦੇ ਆਧਾਰ ਤੇ ਸਵੈ-ਮਾਣ ਪ੍ਰਾਪਤ ਕਰਨ ਲਈ ਜੱਦੋ-ਜਹਿਦ ਸ਼ੁਰੂ ਕਰ ਦਿੱਤੀ। ਇਹਨਾਂ ਵਿਚੋਂ ਡਾ. ਅੰਬੇਡਕਰ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਅਛੂਤਾਂ ਦੀ ਜੱਦੋ-ਜਹਿਦ ਨੇ ਬਹੁਤ ਵੱਡੀ ਸਫਲਤਾ ਪ੍ਰਾਪਤ ਕੀਤੀ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਡਾ. ਅੰਬੇਡਕਰ ਨੇ 1930 ਅਤੇ 1931 ਵਿਚ ਲੰਡਨ ਵਿਚ ਹੋਈਆਂ ਪਹਿਲੀ ਅਤੇ ਦੂਜੀ ਗੋਲਮੇਜ਼ ਕਾਨਫਰੰਸਾਂ ਵਿਚ ਅਛੂਤਾਂ ਦੇ ਹੱਕਾਂ ਨੂੰ ਬੜੀ ਕਾਮਯਾਬੀ ਨਾਲ ਪੇਸ਼ ਕੀਤਾ ਅਤੇ ਅਛੂਤਾਂ ਲਈ ਕਮਿਊਨਲ ਐਵਾਰਡ (ਫਿਰਕੂ ਫੈਸਲਾ) ਪ੍ਰਾਪਤ ਕੀਤਾ। ਇਹ ਕੁਝ ਉੱਚ ਜਾਤੀ ਦੇ ਹਿੰਦੂ ਕਦੋਂ ਸਹਿਣ ਕਰਨ ਵਾਲੇ ਸਨ। ਉਹਨਾਂ ਦੇ ਆਗੂ ਗਾਂਧੀ ਜੀ ਨੇ ਅਛੂਤਾਂ ਨੂੰ ਮਿਲੇ ਇਹਨਾਂ ਹੱਕਾਂ ਦੇ ਵਿਰੁੱਧ ਵਰਤ ਰੱਖ ਦਿੱਤਾ। ਇਸ ਲਈ 1932 ਵਿਚ ਡਾ. ਅੰਬੇਡਕਰ ਨੂੰ ਮਜਬੂਰ ਹੋ ਕੇ ਪੂਨਾ ਪੈਕਟ ਨਾਮੀ ਸਮਝੌਤਾ ਕਰਨਾ ਪਿਆ। 1935 ਦੇ ਦੂਜੇ ਇੰਡੀਆ ਐਕਟ ਸਮੇਂ ਅਛੂਤਾਂ ਦੀ ਵੱਖਰੀ ਸੂਚੀ ਬਣਾਉਣੀ ਡਾ. ਅੰਬੇਡਕਰ ਦੀਆਂ ਕੋਸ਼ਿਸ਼ਾਂ ਦਾ ਇਕ ਛੋਟੀ ਦਾ ਨਮੂਨਾ ਹੈ। ਉਸ ਵੇਲੇ ਤੋਂ ਅਛੂਤਾਂ ਨੂੰ ਕਾਨੂੰਨੀ ਤੌਰ ਤੇ ਸ਼ਡਿਊਲਡ ਕਾਸਟ (ਅਨੁਸੂਚਿਤ ਜਾਤੀਆਂ) ਦੇ ਨਾਂ ਨਾਲ ਜਾਣਨਾ ਸ਼ੁਰੂ ਹੋ ਗਿਆ।

**ਦਲਿਤਾਂ ਦੀ ਪੜ੍ਹੀ ਲਿਖੀ ਜਮਾਤ ਦਾ ਉਭਰਨਾ:**

ਡਾ. ਅੰਬੇਡਕਰ ਦੀਆਂ ਕੋਸ਼ਿਸ਼ਾਂ ਦੇ ਨਤੀਜੇ ਵਜੋਂ 1935 ਦੇ ਦੂਜੇ ਇੰਡੀਆ ਐਕਟ ਦੇ ਲਾਗੂ ਹੋਣ ਨਾਲ ਅਛੂਤਾਂ ਨੂੰ ਅਨੁਸੂਚਿਤ ਜਾਤੀ ਦੇ ਤੌਰ 'ਤੇ ਜਾਣਿਆ ਜਾਣ ਲੱਗ ਪਿਆ। ਇਸ ਤੋਂ ਬਾਅਦ ਡਾ. ਅੰਬੇਡਕਰ ਨੇ ਇਨ੍ਹਾਂ ਅਨੁਸੂਚਿਤ ਜਾਤਾਂ ਦੀ ਹਾਲਤ ਸੁਧਾਰਨ ਅਤੇ ਇਨ੍ਹਾਂ ਨੂੰ ਦੇਸ਼ ਦੀ ਸਮਾਜਿਕ ਹਾਲਤ ਵਿਚ ਸਵੈਮਾਨਤਾ ਦਾ ਸਥਾਨ ਦਿਵਾਉਣ ਲਈ ਗੰਭੀਰਤਾ ਨਾਲ ਸੋਚਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਨੇ ਵਿੱਦਿਆ, ਖਾਸ ਤੌਰ 'ਤੇ ਉੱਚੀ ਵਿੱਦਿਆ ਅਤੇ ਇਸ ਤੋਂ ਵੀ ਵੱਧ ਉਚੇਰੀ ਅਤੇ ਬਾਹਰਲੇ ਦੇਸ਼ਾਂ ਦੀ ਵਿੱਦਿਆ 'ਤੇ ਬਹੁਤ ਜ਼ੋਰ ਦਿੱਤਾ। ਉਹ ਇਹ ਅਤੀ ਜ਼ਰੂਰੀ ਸਮਝਦੇ ਸਨ ਕਿ ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀ ਪੱਛਮੀ ਉੱਨਤ ਦੇਸ਼ਾਂ ਵਿਚ ਉਚੇਰੀ ਵਿੱਦਿਆ ਪ੍ਰਾਪਤ ਕਰਨ। ਪੱਛਮੀ ਦੇਸ਼ਾਂ ਵਿਚ ਉਚੇਰੀ ਵਿੱਦਿਆ ਪ੍ਰਾਪਤੀ ਦੇ ਨਾਲ ਨਾਲ ਪੱਛਮੀ ਸਭਿਅਤਾ ਅਤੇ ਸੰਸਕ੍ਰਿਤੀ ਤੋਂ ਉਹ ਭਾਰਤ ਦੇ ਸਮਾਜਿਕ ਢਾਂਚੇ ਬਾਰੇ ਵੀ ਜਾਣ ਸਕਣਗੇ, ਜਿਸ ਦੇ ਕਿ ਉਹ ਸਭ ਤੋਂ ਵੱਧ ਸ਼ਿਕਾਰ ਹਨ। ਇਸ ਦਾ ਮਤਲਬ ਸਿਰਫ ਉਹਨਾਂ ਦੀ ਹਾਲਤ ਸੁਧਾਰਨਾ ਹੀ ਨਹੀਂ ਸੀ, ਜਿਹਨਾਂ ਨੇ ਬਾਹਰਲੀ ਉੱਚ ਵਿੱਦਿਆ ਪ੍ਰਾਪਤ ਕੀਤੀ ਸਗੋਂ ਭਾਰਤੀ ਸਮਾਜ ਤੇ ਸਭਿਅਤਾ ਵਿਚ ਛਾਏ ਹੋਏ ਬ੍ਰਾਹਮਣਵਾਦ ਦੇ ਖਿਲਾਫ਼ ਉਹਨਾਂ ਨੂੰ ਬਗਾਵਤ ਲਈ ਤਿਆਰ ਕਰਨਾ ਸੀ। ਇਸ ਦੇ ਸਿੱਟੇ ਵਜੋਂ ਅਨੁਸੂਚਿਤ ਜਾਤੀਆਂ ਵਿਚ ਵਿਦੇਸ਼ੀ ਸਿੱਖਿਆ ਪ੍ਰਾਪਤ ਲੋਕਾਂ ਦੀ ਪਹਿਲੀ ਝਲਕ ਨਜ਼ਰ ਆਈ।

1942 ਵਿਚ ਜਦੋਂ ਉਹ ਵਾਇਸਰਾਏ ਕੌਂਸਲ ਦੇ ਮੈਂਬਰ ਬਣੇ ਤਾਂ ਉਹਨਾਂ ਨੇ ਅਨੁਸੂਚਿਤ ਜਾਤਾਂ ਲਈ ਕਈ ਰਿਆਇਤਾਂ ਅਤੇ ਲਾਭ ਪ੍ਰਾਪਤ ਕੀਤੇ। 1943 ਵਿਚ ਪਹਿਲੀ ਵਾਰੀ ਡਾ. ਅੰਬੇਡਕਰ ਨੇ ਅਨੁਸੂਚਿਤ ਜਾਤਾਂ ਲਈ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਪ੍ਰਾਪਤ ਕੀਤਾ। ਉੱਚੀ ਵਿੱਦਿਆ ਨੂੰ ਖਾਸ ਤੌਰ 'ਤੇ ਉਤਸ਼ਾਹਿਤ ਕਰਨ ਲਈ ਡਾ. ਅੰਬੇਡਕਰ ਨੇ 1945 ਵਿਚ ਪੀਪਲਜ਼ ਐਜੂਕੇਸ਼ਨ ਸੁਸਾਇਟੀ ਕਾਇਮ ਕੀਤੀ ਜਿਸ ਨੇ 1946 ਵਿਚ ਬੰਬਈ ਵਿਚ ਆਪਣੇ ਨਾਂ ਹੇਠ ਪਹਿਲਾ ਕਾਲਜ ਆਰੰਭ ਕੀਤਾ। 1946 ਵਿਚ ਸ਼ੁਰੂ ਕੀਤੇ ਸਿਧਾਰਥਾਂ ਕਾਲਜ ਬਾਰੇ ਅੱਜ ਪੱਛਮੀ ਭਾਰਤ ਵਿਚ ਘਰ ਘਰ ਵਿਚ ਜਾਣਿਆ ਜਾਂਦਾ ਹੈ।

ਅੰਗਰੇਜ਼ਾਂ ਦੇ ਜਾਣ ਪਿੱਛੋਂ ਜਦੋਂ ਡਾ. ਅੰਬੇਡਕਰ ਨੂੰ ਭਾਰਤ ਦਾ ਸੰਵਿਧਾਨ ਬਣਾਉਣ ਦਾ ਮੌਕਾ ਮਿਲਿਆ ਤਾਂ ਉਹਨਾਂ ਨੇ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੁਦਾਵਾਂ ਦੇ ਲਾਭ ਲਈ ਸੰਵਿਧਾਨ ਵਿਚ ਕਈ ਧਾਰਾਵਾਂ ਰੱਖੀਆਂ। ਇਹ ਲਾਭ ਸੰਵਿਧਾਨ ਦੀਆਂ ਮਦਾਂ ਤੇ ਧਾਰਾਵਾਂ ਵਿਚ ਦਰਜ ਹਨ। ਮਦ 15 ਦੀ ਧਾਰਾ 4 ਅਤੇ ਮਦ 16 ਦੀ ਧਾਰਾ 4 ਇਸ ਦਿਸ਼ਾ ਵਿਚ ਪ੍ਰਭਾਵਸ਼ਾਲੀ ਕਦਮ ਹਨ। ਮਦ 15 ਦੀ ਧਾਰਾ 4... ਨੌਕਰੀਆਂ, ਰਾਜ ਅਸੈਂਬਲੀਆਂ ਅਤੇ ਪਾਰਲੀਮੈਂਟ ਵਿਚ ਰਾਖਵਾਂਕਰਨ ਕਰਕੇ ਦਲਿਤ ਸ਼ੋਸ਼ਿਤ ਸਮਾਜ ਵਿਚੋਂ ਪੜ੍ਹੇ-ਲਿਖੇ ਲੋਕਾਂ ਦੀ ਇਕ ਜਮਾਤ ਵਜੂਦ ਵਿਚ ਆਈ। ਰਾਜ ਅਸੈਂਬਲੀਆਂ ਅਤੇ ਪਾਰਲੀਮੈਂਟ ਵਿਚ ਰਾਖਵਾਂਕਰਨ ਨੇ ਇਸ ਸਮਾਜ ਦੇ ਕੁਝ ਚਿਟ ਕਪੜੀਏ ਅਖੌਤੀ ਲੀਡਰ ਪੈਦਾ ਕੀਤੇ ਜੋ ਲਗਭਗ ਹਰ ਪਾਰਟੀ ਵਿਚ ਪੂਰੇ ਭਾਰਤ ਵਿਚ ਨਜ਼ਰ ਆਉਣ ਲੱਗੇ। ਰਾਜ ਨੂੰ ਇਹ ਅਧਿਕਾਰ ਦਿੰਦੀ ਹੈ ਕਿ ਉਹ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ ਜਾਂ ਸਮਾਜਿਕ ਵਿੱਦਿਅਕ ਤੌਰ 'ਤੇ ਪੱਛੜੀਆਂ ਸ਼੍ਰੇਣੀਆਂ ਦੇ ਸ਼ਹਿਰੀਆਂ ਦੀ ਉਨਤੀ ਲਈ ਖਾਸ ਪ੍ਰਬੰਧ ਕਰੇ। ਇਸ ਅਧੀਨ ਪੱਛੜੀਆਂ ਸ਼੍ਰੇਣੀਆਂ ਨੂੰ ਵਿੱਦਿਅਕ ਸੰਸਥਾਵਾਂ ਵਿਚ ਰਾਖਵਾਂਕਰਨ ਮਿਲਦਾ ਹੈ। ਮਦ 16 ਦੀ ਧਾਰਾ 3 ਸਰਕਾਰ ਨੂੰ ਪੱਛੜੀਆਂ ਸ਼੍ਰੇਣੀਆਂ ਦੇ ਸ਼ਹਿਰੀਆਂ ਲਈ ਸਰਕਾਰੀ ਨੌਕਰੀਆਂ ਵਿਚ ਰਾਖਵਾਂਕਰਨ ਦੀ ਆਗਿਆ ਦਿੰਦੀ ਹੈ। ਇਸ ਵਿਚ ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ ਤੇ ਦੂਜੀਆਂ ਪੱਛੜੀਆਂ ਸ਼੍ਰੇਣੀਆਂ ਸ਼ਾਮਲ ਹਨ। ਵਿੱਦਿਅਕ ਖੇਤਰ ਤੇ ਨੌਕਰੀਆਂ ਵਿਚ ਰਾਖਵਾਂਕਰਨ ਦੀਆਂ ਧਾਰਾਵਾਂ ਕਾਰਨ ਭਾਰਤ ਵਿਚ ਦਲਿਤ ਲੋਕਾਂ ਦੀ ਪੜ੍ਹੀ ਲਿਖੀ ਜਮਾਤ ਹੋਂਦ ਵਿਚ ਆਈ।

**IV. ਬਾਮਸੇਫ- ਸਮਾਜਿਕ ਉਪਯੋਗਤਾ ਵੱਲ ਇਕ ਯਤਨ -** ਸਾਡੇ ਲੀਡਰਾਂ ਦੀ ਕੋਸ਼ਿਸ਼ ਕਰਕੇ ਖਾਸ ਤੌਰ 'ਤੇ ਡਾ. ਅੰਬੇਡਕਰ ਸਦਕਾ ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਸਮੁਦਾਵਾਂ ਦੇ ਹਿੱਤਾਂ ਤੇ ਅਧਿਕਾਰਾਂ ਦੀ ਰੱਖਿਆ ਲਈ ਭਾਰਤ ਦੇ ਸੰਵਿਧਾਨ ਵਿਚ ਧਾਰਾਵਾਂ ਦਾ ਪ੍ਰਬੰਧ ਕੀਤਾ ਗਿਆ। ਸੰਵਿਧਾਨ ਦੀਆਂ ਇਹਨਾਂ ਕੁਝ ਇਕ ਧਾਰਾਵਾਂ ਕਾਰਨ ਵਿੱਦਿਅਕ, ਨੌਕਰੀਆਂ, ਰਾਜ ਅਸੈਂਬਲੀਆ ਅਤੇ ਪਾਰਲੀਮੈਂਟ ਵਿਚ ਰਾਖਵਾਂਕਰਨ ਕਰਕੇ ਦੌਲਤ ਸ਼ੋਸ਼ਿਤ ਸਮਾਜ ਵਿਚੋਂ ਪੜ੍ਹੇ-ਲਿਖੇ ਲੋਕਾਂ ਦੀ ਇਕ ਜਮਾਤ ਵਜੂਦ ਵਿਚ ਆਈ। ਰਾਜ ਅਸੈਂਬਲੀਆਂ ਅਤੇ ਪਾਰਲੀਮੈਂਟ ਵਿਚ ਰਾਖਵਾਂਕਰਨ ਨੇ ਇਸ ਸਮਾਜ ਦੇ ਕੁਝ ਚਿਟ ਕਪੜੀਏ ਅਖੌਤੀ ਲੀਡਰ ਪੈਦਾ ਕੀਤੇ ਜੋ ਲਗਭਗ ਹਰ ਪਾਰਟੀ ਵਿਚ ਪੂਰੇ ਭਾਰਤ ਵਿਚ ਨਜ਼ਰ ਆਉਣ ਲੱਗੇ। ਨੌਕਰੀਆਂ ਵਿਚ ਰਾਖਵੇਂਕਰਨ ਦੇ ਨਤੀਜੇ ਵਜੋਂ ਪੜ੍ਹੇ ਲਿਖੇ ਕਰਮਚਾਰੀਆਂ ਦੀ ਵੀ ਵੱਡੀ ਜਮਾਤ ਉਭਰੀ ਜਿਹੜੀ ਕਿ ਅਫ਼ਸਰਸ਼ਾਹੀ ਢਾਂਚੇ ਵਿਚ ਲਗਭਗ ਹਰ ਥਾਂ ਤੇ ਹਰ ਪੱਧਰ 'ਤੇ ਪਾਈ ਜਾਂਦੀ ਹੈ। ਦਲਿਤ ਸੁਭਵਾਨ ਵਰਗ ਦੇ ਪੈਦਾ ਕਰਨ ਵਾਲੇ ਡਾ. ਅੰਬੇਡਕਰ ਦੀ ਇਹ ਇੱਛਾ ਸੀ ਕਿ ਇਹ ਜਮਾਤ ਦਲਿਤ ਤੇ ਸ਼ੋਸ਼ਿਤ ਲੋਕਾਂ ਦੇ ਹਿੱਤਾਂ ਦੀ ਰਾਖੀ ਕਰੇਗੀ, ਜਿਸ ਵਿਚ ਉਹ ਪੈਦਾ ਹੋਏ ਹਨ।

ਅਸਲ ਵਿਚ ਅਸੀਂ ਵੇਖਦੇ ਹਾਂ ਕਿ ਇਹ ਅਖੌਤੀ ਲੀਡਰਾਂ ਅਤੇ ਵਿਧਾਇਕਾਂ ਦੀ ਜਮਾਤ ਉੱਚੀਆਂ ਹਿੰਦੂ ਜਾਤੀਆਂ ਦੇ ਹੱਥਾਂ ਵਿਚ ਕਠਪੁਤਲੀ ਹੈ। ਇਹ ਉੱਚੀਆਂ ਹਿੰਦੂ ਜਾਤਾਂ ਹੀ ਦੇਸ਼ ਦਾ ਰਾਜਨੀਤਿਕ ਢਾਂਚਾ ਤਿਆਰ ਕਰਦੀਆਂ ਹਨ। ਦੂਜੇ ਪਾਸੇ ਪੜ੍ਹੇ-ਲਿਖੇ ਕਰਮਚਾਰੀਆਂ ਦੀ ਵੱਡੀ ਫੌਜ ਵੀ ਇਸ ਦੇ ਬਰਾਬਰ ਹੀ ਸਵਾਰਥੀ ਅਤੇ ਸਵੈ-ਕੇਂਦਰਿਤ ਹੈ। ਡਾ. ਅੰਬੇਡਕਰ ਆਪਣੇ ਜੀਵਨ ਵਿਚ ਇਸ ਜਮਾਤ ਦੇ ਵਤੀਰੇ ਤੋਂ ਬਹੁਤ ਬੁਰੀ ਤਰ੍ਹਾਂ ਨਿਰਾਸ਼ ਹੋਏ। 18 ਮਾਰਚ 1956 ਨੂੰ ਆਗਰੇ ਦੇ ਰਾਮ ਲੀਲਾ ਗਰਾਊਂਡ ਵਿਚ ਦਲਿਤ ਅਤੇ ਸ਼ੋਸ਼ਿਤ ਲੋਕਾਂ ਦੇ ਭਾਰੀ ਇਕੱਠ ਵਿਚ ਬੋਲਦਿਆਂ ਉਹਨਾਂ ਨੇ ਇਸ ਪੜ੍ਹੀ-ਲਿਖੀ ਕਰਮਚਾਰੀਆਂ ਦੀ ਸ਼੍ਰੇਣੀ ਦਾ ਆਪਣੇ ਲੋਕਾਂ ਪ੍ਰਤੀ ਜਿਹਨਾਂ ਵਿਚ ਉਹਨਾਂ ਨੇ ਜਨਮ ਲਿਆ, ਉਹਨਾਂ ਦੇ ਵਤੀਰੇ ਨੂੰ ਭੈੜਿਆ ਅਤੇ ਬਹੁਤ ਬੁਰਾ ਕਰਾਰ ਦਿੱਤਾ। ਅੱਜ ਇਹ ਪੜ੍ਹੇ ਲਿਖੇ ਕਰਮਚਾਰੀਆਂ ਦੀ 20 ਲੱਖ ਤੋਂ ਵੱਡੀ ਫੌਜ ਨੇ ਆਪਣੇ ਆਪ ਨੂੰ ਲਗਭਗ 10 ਹਜ਼ਾਰ ਜਥੇਬੰਦੀਆਂ ਹੇਠ ਲਾਮਬੰਦ ਕੀਤਾ ਹੋਇਆ ਹੈ, ਜਿਹਨਾਂ ਦਾ ਮਨੋਰਥ ਖੁਦਗਰਜ਼ੀ ਹੀ ਹੈ।

ਇਸ ਪੜ੍ਹੇ-ਲਿਖੇ ਲੋਕਾਂ ਦੀ ਜਮਾਤ ਪੈਦਾ ਕਰਨ ਵਾਲੇ ਰਹਿਨੁਮਾ ਦੇ ਜਜ਼ਬਾਤਾਂ ਨੂੰ ਅਤੇ ਇਹਨਾਂ ਦੀ ਆਪਣੀ ਸਮਾਜਿਕ ਜ਼ਿੰਮੇਵਾਰੀ ਨੂੰ ਧਿਆਨ ਗੋਚਰੇ ਰੱਖਦੇ ਹੋਏ ਸਾਡੇ ਵਿਚੋਂ ਕੁਝ ਇਕ ਨੇ ਸਮਾਜ ਦਾ ਇਵਜ਼ਾਨਾ ਤਾਰਨ ਲਈ ਪੜ੍ਹੇ ਲਿਖੇ ਮੁਲਾਜ਼ਮਾਂ ਦੀ ਪੂਨਾ ਵਿਖੇ ਇਕ ਸੰਸਥਾ ਬਣਾਉਣ ਦਾ ਫੈਸਲਾ ਕੀਤਾ। ਇਹ ਵੀ ਫੈਸਲਾ ਕੀਤਾ ਕਿ ਜੇ ਇਹੋ ਜਿਹੀ ਸੰਸਥਾ ਸਮਾਜ ਲਈ ਕੁਝ ਠੋਸ ਕਰਨ ਲਈ ਸਮਰੱਥ ਹੋਈ ਤਾਂ ਸਾਰੇ ਭਾਰਤ ਵਿਚ ਪੜ੍ਹੇ-ਲਿਖੇ ਮੁਲਾਜ਼ਮਾਂ ਨੂੰ ਪੱਕੇ ਪੈਰਾਂ ਤੇ ਸੰਗਠਿਤ ਕੀਤਾ ਜਾਵੇਗਾ। ਇਸ ਤਰ੍ਹਾਂ ਬਾਮਸੇਫ ਦੀ ਸੋਚ ਦਾ ਸਮਾਜਿਕ ਲਾਭ ਪ੍ਰਾਪਤ ਕਰਨ ਖਾਤਰ ਸੰਨ 1973 ਵਿਚ ਵਿਚਾਰ ਉਤਪੰਨ ਹੋਇਆ। ਹੋਰ ਪ੍ਰਪੱਕਤਾ ਲਈ 6 ਦਸੰਬਰ 1973 ਨੂੰ ਮੁੱਠੀ ਭਰ ਪੜ੍ਹੇ ਲਿਖੇ ਮੁਲਾਜ਼ਮ ਪੂਨਾ ਤੋਂ ਦਿੱਲੀ ਆਏ। ਦਿੱਲੀ ਵਿਚ ਪੰਜ ਦਿਨਾਂ ਦਾ ਇਕੱਠ ਹੋਇਆ ਅਤੇ ਦਿੱਲੀ ਦੇ ਕੁਝ ਪੜ੍ਹੇ-ਲਿਖੇ ਮੁਲਾਜ਼ਮਾਂ ਨਾਲ ਰਲ ਕੇ ਪੰਜ ਸਾਲ ਦੇ ਅੰਦਰ ਅੰਦਰ ਬਾਮਸੇਫ ਦੀ ਪੈਦਾਇਸ਼ ਦਾ ਮਤਾ ਬਣਾਇਆ ਗਿਆ। ਇਸ ਤਰ੍ਹਾਂ 6 ਦਸੰਬਰ 1978 ਨੂੰ ਦਿੱਲੀ ਬੋਟ ਕਲੱਬ ਵਿਖੇ ਬਾਮਸੇਫ ਦਾ ਜਨਮ ਹੋਇਆ। ਅੱਜ ਬਾਮਸੇਫ ਦਲਿਤ ਤੇ ਸ਼ੋਸ਼ਿਤ ਵਰਗ ਦੇ ਪੜ੍ਹੇ-ਲਿਖੇ ਮੁਲਾਜ਼ਮਾਂ ਦਾ ਇਕ ਦਿਮਾਗੀ ਬੈਂਕ ਸਮਝਿਆ ਜਾਂਦਾ ਹੈ ਜੋ ਇਸ ਮਿਸ਼ਨ ਨੂੰ ਉਸਾਰੂ ਢੰਗ ਨਾਲ ਅੱਗੇ ਲੈ ਕੇ ਜਾ ਰਿਹਾ ਹੈ।

**V. ਬਾਮਸੇਫ ਦੀ ਬਣਤਰ:**

ਸੂਝਵਾਨ ਤੇ ਹੰਢੇ ਹੋਏ ਲੋਕ ਆਪਣੀਆਂ ਜ਼ਰੂਰਤ ਨੂੰ ਮੁੱਖ ਰੱਖ ਕੇ ਸੰਗਠਨ ਬਣਾਉਂਦੇ ਹਨ। ਬਾਮਸੇਫ ਦੀ ਬਣਤਰ ਦਲਿਤ ਤੇ ਸ਼ੋਸ਼ਿਤ ਸਮਾਜ ਦੀਆਂ ਜ਼ਰੂਰਤਾਂ ਨੂੰ ਮੁੱਖ ਰੱਖ ਕੇ ਬਣਾਈ ਗਈ ਹੈ ਤਾਂ ਜੋ ਇਹ ਮੰਤਵ ਮੰਜ਼ਲੇ ਮਕਸੂਦ ਤੱਕ ਪਹੁੰਚ ਸਕੇ। ਇਕ ਗੁੰਝਲਦਾਰ ਤੇ ਵਿਸ਼ਾਲ ਸੰਗਠਨ ਦੀ ਤਰ੍ਹਾਂ ਬਾਮਸੇਫ ਵੀ ਛੋਟੇ ਛੋਟੇ ਅੰਗਾਂ ਨੂੰ ਤਿਆਰ ਕਰਕੇ ਅਤੇ ਉਹਨਾਂ ਨੂੰ ਠੀਕ ਥਾਂ ਸਿਰ ਫਿੱਟ ਕਰਕੇ ਇਕ ਅਸਰਦਾਰ ਸੰਗਠਨ ਬਣਾਈ ਗਈ ਹੈ। ਬਾਮਸੇਫ ਸੰਗਠਨ ਦੀ ਪੂਰੀ ਤਰ੍ਹਾਂ ਤਸਵੀਰ ਪੇਸ਼ ਕਰਨ ਲਈ ਹੇਠਾਂ ਇਸਦੇ 10 ਪ੍ਰਮੁੱਖ ਅੰਗਾਂ ਬਾਰੇ ਵੇਰਵਾ ਦਿੱਤਾ ਜਾਂਦਾ ਹੈ। ਇਹ 10 ਜ਼ਰੂਰੀ ਅੰਗ ਇਹੋ ਜਿਹੇ ਹਨ ਕਿ ਇਹਨਾਂ ਤੋਂ ਬਿਨਾਂ ਸੰਗਠਨ ਠੀਕ ਤਰ੍ਹਾਂ ਨਾਲ ਕੰਮ ਨਹੀਂ ਚਲਾ ਸਕਦੀ। ਸੰਗਠਨ ਨੂੰ ਆਧੁਨਿਕ ਤੇ ਅਸਰਦਾਰ ਬਣਾਉਣ ਲਈ ਸਮੇਂ ਸਮੇਂ ਤੇ ਲੋੜ ਅਨੁਸਾਰ ਹੋਰ ਛੋਟੇ-ਛੋਟੇ ਅੰਗ ਸ਼ਾਮਲ ਕੀਤੇ ਜਾ ਸਕਦੇ ਹਨ।

ਹੇਠਾਂ ਉਹਨਾਂ ਅੰਗਾਂ ਦੀ ਸੂਚੀ ਦਿੱਤੀ ਜਾਂਦੀ ਹੈ, ਜਿਹਨਾਂ ਨਾਲ ਬਾਮਸੇਫ ਸੰਗਠਨ ਹੋਂਦ ਵਿਚ ਆਈ।

1. ਮੂਲ ਢਾਂਚਾ ਬਹੁਗਿਣਤੀ, ਵਿਆਪਕਤਾ ਅਤੇ ਸਿੱਖਿਅਤ ਕਾਰਜ-ਕਰਤਾ ਆਧਾਰਿਤ।
2. ਸਕੱਤਰੇਤ
3. ਸੰਗਠਨਾਤਮਕ ਢਾਂਚਾ
4. ਦਿੱਲੀ ਵਿਚ ਕੇਂਦਰੀ ਦਫ਼ਤਰ ਅਤੇ ਲਗਭਗ 100 ਹੋਰ ਦਫ਼ਤਰਾਂ ਦਾ ਜਾਲ।
5. ਬਾਮਸੇਫ ਭਾਈਚਾਰਾ
6. ਬਾਮਸੇਫ ਅਡਾਪਸ਼ਨ
7. ਡਾਕਟਰੀ ਸਲਾਹ ਤੇ ਸਹਾਇਤਾ
8. ਸਾਹਿਤਕ ਅਨੁਭਾਗ
9. ਖੋਜ ਪੜਤਾਲ ਭਾਗ
10. ਬੀ. ਵੀ. ਐਫ.- ਬਾਮਸੇਫ ਵਲੰਟੀਅਰ ਫੋਰਸ

ਇਹਨਾਂ 10 ਅੰਗਾਂ ਬਾਰੇ ਸਬੰਧਤ ਜਾਣਕਾਰੀ ਸੰਖੇਪ ਵਿਚ ਹੇਠਾਂ ਦਿੱਤੀ ਜਾਂਦੀ ਹੈ।

**1. ਮੂਲ ਢਾਂਚਾ: ਬਹੁਗਿਣਤੀ, ਵਿਆਪਕਤਾ ਅਤੇ ਸਿੱਖਿਅਤ ਕਾਰਜ-ਕਰਤਾ ਆਧਾਰਿਤ**

ਹਰ ਇਕ ਵੱਡੀ ਸੰਸਥਾ ਦੀ ਤਰ੍ਹਾਂ ਬਾਮਸੇਫ ਦਾ ਵੀ ਇਕ ਸਭ ਤੋਂ ਵੱਡਾ ਅੰਗ ਮੂਲ ਢਾਂਚਾ ਹੈ। ਇਸ ਅੰਗ ਦੇ ਤਿੰਨ ਵੱਡੇ ਹਿੱਸੇ ਹਨ। ਜਿਵੇਂ ਕਿ (ੳ) ਬਹੁਗਿਣਤੀ, (ਅ) ਵਿਆਪਕਤਾ, (ੲ) ਸਿੱਖਿਅਤ ਕਾਰਜ-ਕਰਤਾ। ਇਹਨਾਂ ਤਿੰਨਾਂ ਜ਼ਰੂਰੀ ਅੰਗਾਂ ਦੀ ਸੰਖੇਪ ਵਿਆਖਿਆ ਹੇਠ ਲਿਖੇ ਅਨੁਸਾਰ ਹੈ।

**(ੳ) ਬਹੁਗਿਣਤੀ :**

ਸੰਗਠਨ ਦਾ ਰੂਪ ਅਤੇ ਆਕਾਰ ਉਸਦੀਆਂ ਮੁੱਖ ਲੋੜਾਂ ਦੇ ਅਨੁਸਾਰ ਹੋਣਾ ਚਾਹੀਦਾ ਹੈ। ਆਪਣੀਆਂ ਜ਼ਰੂਰਤਾਂ ਅਤੇ ਸਮਰੱਥਾ ਨੂੰ ਮੁੱਖ ਰੱਖਦੇ ਹੋਏ ਇਹ ਫੈਸਲਾ ਕੀਤਾ ਗਿਆ ਕਿ ਘੱਟ ਤੋਂ ਘੱਟ ਇਕ ਲੱਖ ਪੜ੍ਹੇ-ਲਿਖੇ ਮੁਲਾਜ਼ਮ ਬਾਮਸੇਫ ਦੇ ਮੈਂਬਰ ਹੋਣੇ ਚਾਹੀਦੇ ਹਨ। ਸ਼ਾਇਦ ਇੰਨੀ ਵੱਡੀ ਮੈਂਬਰਾਂ ਦੀ ਗਿਣਤੀ ਸਾਡੀਆਂ ਘੱਟੋ-ਘੱਟ ਜ਼ਰੂਰਤਾਂ ਪੂਰੀਆਂ ਕਰ ਸਕੇ। ਇਸਦੇ ਨਾਲ ਨਾਲ ਸਾਰੇ ਭਾਰਤ ਵਿਚ ਫੈਲੇ ਹੋਏ ਵੀਹ ਲੱਖ ਪੜ੍ਹੇ-ਲਿਖੇ ਮੁਲਾਜ਼ਮਾਂ ਦੇ ਕਾਫਲੇ ਵਿਚੋਂ ਇਕ ਲੱਖ ਨੂੰ ਸੰਗਠਤ

**(ਬਾਕੀ ਅਗਲੇ ਸਫੇ 'ਤੇ)**

# ਬਾਮਸੇਫ ਇਕ ਜਾਣਕਾਰੀ

ਕਰਨ ਦੀ ਸਾਡੀ ਸਮਰੱਥਾ ਵੀ ਹੋਣੀ ਚਾਹੀਦੀ ਹੈ। ਇਸਤੋਂ ਉਪਰੰਤ ਹੀ ਇਹ ਘੱਟ ਤੋਂ ਘੱਟ ਸੰਗਠਕ ਵੱਧ ਤੋਂ ਵੱਧ ਪ੍ਰਾਪਤੀਆਂ ਕਰਨ ਲਈ ਕੋਸਿਸ ਕਰ ਸਕਦੇ ਹਨ।।

**ਅ. ਵਿਆਪਕਤਾ :**

ਹੁਣ ਇਹ ਇਕ ਲੱਖ ਮੁਲਾਜ਼ਮ ਭਾਰਤ ਦੇ 40 ਵੱਡੇ ਸ਼ਹਿਰਾਂ ਵਿਚ ਸੰਗਠਿਤ ਕੀਤੇ ਜਾ ਸਕਦੇ ਹਨ। ਪ੍ਰੰਤੂ ਇਹ ਸਾਡੀਆਂ ਜ਼ਰੂਰਤਾਂ ਦੇ ਮੁਤਾਬਕ ਨਹੀਂ ਹੋਵੇਗਾ। ਇਸ ਕਰਕੇ ਇਹ ਬਹੁਤ ਹੀ ਜ਼ਰੂਰੀ ਹੈ ਕਿ ਘੱਟੋ ਘੱਟ ਇਕ ਲੱਖ ਜਾਂ ਇਸ ਤੋਂ ਵੱਧ ਮੁਲਾਜ਼ਮਾਂ ਦੀ ਗਿਣਤੀ ਸਾਰੇ ਭਾਰਤ ਵਿਚ ਬਰਾਬਰ ਫੈਲੀ ਹੋਣੀ ਚਾਹੀਦੀ ਹੈ। ਇਹ ਸਾਡੀ ਚੇਸ਼ਟਾ ਹੋਣੀ ਚਾਹੀਦੀ ਹੈ ਕਿ ਦੇਸ਼ ਦੇ ਹਰ ਕੋਨੇ ਤੱਕ ਪਹੁੰਚਿਆ ਜਾਵੇ ਪ੍ਰੰਤੂ 50 ਫੀਸਦੀ ਤੋਂ ਜ਼ਿਆਦਾ ਰਾਜ ਤੇ ਕੇਂਦਰੀ ਸ਼ਾਸ਼ਿਤ ਇਲਾਕਿਆਂ ਵਿਚ 50 ਫੀਸਦੀ ਤੋਂ ਜ਼ਿਆਦਾ ਜ਼ਿਲ੍ਹਿਆਂ ਤੱਕ ਦੀ ਪਹੁੰਚ ਨਾਲ ਵੀ ਇਕ ਸਮੁੱਚਾ ਵਿਆਪਕ ਸੰਗਠਨ ਬਣ ਸਕਦਾ ਹੈ।

**ੲ. ਸਿੱਖਿਅਤ ਕਾਰਜ-ਕਰਤਾ :**

ਸੰਗਠਨ ਨੂੰ ਬਹੁਗਿਣਤੀ ਅਤੇ ਵਿਆਪਕ ਕਿਸਮ ਦਾ ਬਣਾਉਣ ਨਾਲ ਵੀ ਇਹ ਪੂਰੀ ਤਰ੍ਹਾਂ ਅਸਰਦਾਰ ਕੰਮ ਨਹੀਂ ਕਰ ਸਕਦਾ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਸੂਝਵਾਨ ਕਾਰਜ-ਕਰਤਾਵਾਂ ਦੀ ਲੜੀ ਤਿਆਰ ਕੀਤੀ ਜਾਵੇ, ਜਿਹਨਾਂ ਨੂੰ ਸੰਗਠਨ ਦੀ ਗੁੰਝਲਦਾਰ ਬਣਤਰ ਦੀ ਪੂਰੀ ਜਾਣਕਾਰੀ ਹੋਵੇ ਅਤੇ ਉਹਨਾਂ ਦੀ ਸਮਰੱਥਾ ਸੰਗਠਨ ਨੂੰ ਚਲਾਉਣ ਅਤੇ ਇਸ ਤੋਂ ਚੰਗੇ ਨਤੀਜੇ ਪ੍ਰਾਪਤ ਕਰਨ ਦੀ ਵੀ ਹੋਣੀ ਚਾਹੀਦੀ ਹੈ। ਗਿਣਤੀ ਦੇ ਪੱਖੋਂ ਸਿੱਖਿਅਤ ਕਾਰਜ-ਕਰਤਾਵਾਂ ਦੀ ਗਿਣਤੀ ਜਿੰਨੀ ਜ਼ਿਆਦਾ ਹੋਵੇ, ਉਨੀ ਥੋੜ੍ਹੀ ਹੈ। ਪ੍ਰੰਤੂ ਸਾਰੇ ਮੈਂਬਰਾਂ ਦਾ 5 ਫੀਸਦੀ ਜ਼ਰੂਰ ਹੀ ਸਿੱਖਿਅਤ ਕਾਰਜ-ਕਰਤਾ ਹੋਣਾ ਚਾਹੀਦਾ ਹੈ। ਸਿੱਖਿਅਤ ਕਾਰਜ-ਕਰਤਾ ਵੀ ਕੁਝ ਇਕ ਸਥਾਨਾਂ ਦੀ ਬਜਾਏ ਸਾਰੇ ਭਾਰਤ ਵਿਚ ਇਕ ਸਾਰ ਫੈਲੇ ਹੋਏ ਹੋਣੇ ਚਾਹੀਦੇ ਹਨ। ਇਸ ਤਰ੍ਹਾਂ ਇਹਨਾਂ ਤਿੰਨਾਂ ਮੂਲ ਤੱਤਾਂ ਦਾ ਯਾਨਿ ਕਿ ਬਹੁਗਿਣਤੀ, ਵਿਆਪਕਤਾ ਤੇ ਸਿੱਖਿਅਤ ਕਾਰਜ-ਕਰਤਾ ਨਾਲ ਇਕ ਅਸਰਦਾਰ ਅਤੇ ਤਾਕਤਵਰ ਮੂਲ ਢਾਂਚਾ ਬਣ ਸਕਦਾ ਹੈ ਜੋ ਕਿ ਇਕ ਸੰਗਠਨ ਦੀ ਜਾਨ ਹੈ।

**(2) ਸਕੱਤਰੇਤ:**

ਬਾਮਸੇਫ ਦੇ ਮੁੱਖ ਕਰਤੱਵ ਹਨ- (ੳ) ਨਿਯਮ, ਰੈਗੂਲੇਸ਼ਨ ਤੇ ਕਾਨੂੰਨ ਨੂੰ ਲਾਗੂ ਕਰਵਾਉਣਾ (ਅ) ਪੱਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਸਮੁਦਾਵਾਂ ਵਾਸਤੇ ਵੱਖਰੀਆਂ-ਵੱਖਰੀਆਂ ਕੇਂਦਰੀ, ਰਾਜ ਸਰਕਾਰਾਂ ਤੇ ਹੋਰ ਅਦਾਰਿਆਂ ਵੱਲੋਂ ਬਣਾਏ ਗਏ ਪ੍ਰੋਗਰਾਮ, ਯੋਜਨਾਵਾਂ, ਪ੍ਰਾਜੈਕਟ ਅਤੇ ਬਜਟਾਂ ਨੂੰ ਪੂਰੀ ਤਰ੍ਹਾਂ ਅਤੇ ਵਫ਼ਾਦਾਰੀ ਨਾਲ ਲਾਗੂ ਕਰਾਉਣਾ। ਇਸ ਕਰਕੇ ਸਾਡੀਆਂ ਜ਼ਰੂਰਤਾਂ ਮੁਤਾਬਕ ਉਪਰੋਕਤ ਕੰਮ ਕਰਵਾਉਣ ਲਈ ਬਾਮਸੇਫ ਦਾ ਆਪਣਾ ਸਕੱਤਰੇਤ ਹੋਣਾ ਚਾਹੀਦਾ ਹੈ। ਸਕੱਤਰੇਤ ਦਾ ਆਕਾਰ ਸਰਬ ਭਾਰਤ ਵਿਚ ਫੈਲੇ ਹੋਏ ਬੇਅੰਤ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਦੀ ਸਾਡੀ ਤਮੰਨਾ ਦੇ ਅਨੁਸਾਰ ਹੋਣਾ ਚਾਹੀਦਾ ਹੈ। ਸਕੱਤਰੇਤ ਦੇ ਆਕਾਰ ਤੋਂ ਭਾਵ ਇਸਨੂੰ ਉਸ ਸੰਸਥਾ ਦੇ ਸਮਾਨੰਤਰ ਚੱਲਣਾ ਚਾਹੀਦਾ ਹੈ, ਜਿਸਦੇ ਨਿਯਮ, ਰੈਗੂਲੇਸ਼ਨ ਅਤੇ ਯੋਜਨਾਵਾਂ ਇਸਨੇ ਲਾਗੂ ਕਰਵਾਉਣੇ ਹਨ ਜਾਂ ਜਿਸ ਮਹਿਕਮੇ ਦੇ ਪ੍ਰੋਗਰਾਮ, ਪਲਾਨ, ਪ੍ਰਾਜੈਕਟ ਅਤੇ ਬਜਟਾਂ ਨੂੰ ਵਫ਼ਾਦਾਰੀ ਅਤੇ ਪੂਰੀ ਤਰ੍ਹਾਂ ਲਾਗੂ ਕਰਾਉਣਾ ਹੈ। ਇਸ ਤੋਂ ਇਲਾਵਾ ਇਸ ਸਕੱਤਰੇਤ ਨੇ ਦਲਿਤ ਤੇ ਸ਼ੋਸ਼ਿਤ ਵਰਗ ਦੇ ਮੁਲਾਜ਼ਮਾਂ, ਵਿਦਿਆਰਥੀਆਂ, ਨੌਜਵਾਨਾਂ, ਔਰਤਾਂ, ਮਜ਼ਦੂਰਾਂ ਅਸਲ ਵਿਚ ਸਾਰੇ ਵਰਗਾਂ ਦੀ ਸੇਵਾ ਕਰਨੀ ਹੈ। ਇਸ ਲਈ ਸਕੱਤਰੇਤ ਦਾ ਰੂਪ ਅਤੇ ਆਕਾਰ ਇਹਨਾਂ ਲੋੜਾਂ ਦੇ ਮੁਤਾਬਕ ਹੋਣਾ ਚਾਹੀਦਾ ਹੈ।

**(3) ਸੰਗਠਨਾਤਮਕ ਢਾਂਚਾ :**

ਸੰਗਠਨ ਦਾ ਸਕੱਤਰੇਤ ਕੇਂਦਰ ਤੋਂ ਰਾਜ ਅਤੇ ਅੱਗੇ ਜ਼ਿਲ੍ਹੇ ਵੱਲ ਉੱਤਰਦਾ ਹੈ, ਪ੍ਰੰਤੂ ਸੰਗਠਨਾਤਮਕ ਢਾਂਚਾ ਇਸ ਦੇ ਪ੍ਰਤੀਕੂਲ ਹੋਣਾ ਚਾਹੀਦਾ ਹੈ। ਇਸ ਲਈ ਇਸ ਨੂੰ ਜ਼ਿਲ੍ਹੇ ਤੋਂ ਰਾਜ ਅਤੇ ਅੱਗੋਂ ਕੇਂਦਰ ਵੱਲ ਵਧਣਾ ਚਾਹੀਦਾ ਹੈ। ਇਸ ਤਰ੍ਹਾਂ ਜ਼ਿਲ੍ਹਾ ਇਕਾਈ ਬਾਮਸੇਫ ਦੇ ਸੰਗਠਨਾਤਮਕ ਢਾਂਚੇ ਦੀ ਮੂਲ ਇਕਾਈ ਹੈ। ਇਸ ਲਈ ਬਾਮਸੇਫ ਦੀ ਮੈਂਬਰਸ਼ਿਪ ਜ਼ਿਲ੍ਹਾ ਪੱਧਰ ਤੇ ਬਣਾਈ ਜਾਵੇਗੀ ਅਤੇ ਇਸ ਮੈਂਬਰਸ਼ਿਪ ਦੇ ਆਧਾਰ ਤੇ ਸਾਰੇ ਜ਼ਿਲ੍ਹਿਆਂ, ਰਾਜਾਂ ਅਤੇ ਕੇਂਦਰ ਦਾ ਢਾਂਚਾ ਤਿਆਰ ਹੋਵੇਗਾ। ਦੂਜੇ ਲਫਜ਼ਾਂ ਵਿਚ ਸਾਰਾ ਧਨ ਅਤੇ ਕਾਰਜ-ਕਰਤਾ ਜ਼ਿਲ੍ਹਾ ਪੱਧਰ 'ਤੇ ਇਕੱਠੇ ਹੋਣਗੇ ਅਤੇ ਸਾਡੇ ਮਿਸ਼ਨ ਦੀ ਲੋੜ ਅਨੁਸਾਰ ਇਹਨਾਂ ਦੀ ਵਰਤੋਂ ਰਾਜ ਅਤੇ ਕੇਂਦਰੀ ਪੱਧਰ 'ਤੇ ਕੀਤੀ ਜਾਵੇਗੀ। ਭਾਵੇਂ ਸੰਗਠਨ ਦਾ ਢਾਂਚਾ ਜ਼ਿਲ੍ਹਾ ਰਾਜ ਅਤੇ ਕੇਂਦਰ ਪੱਧਰ 'ਤੇ ਹੈ ਪਰ ਫਿਰ ਵੀ ਸੰਗਠਨ ਦੇ ਮਾਮਲਿਆਂ ਨੂੰ ਤੁਰੰਤ ਅਤੇ ਅਸਰਦਾਰ ਤਰੀਕਿਆਂ ਨਾਲ ਨਜਿੱਠਣ ਲਈ ਦੂਜੇ ਤੱਤ ਜਿਵੇਂ ਕਿ ਖੰਡ (ਜ਼ੋਨ) ਆਦਿਕ ਬਾਮਸੇਫ ਦੇ ਸੰਗਠਨਾਤਮਕ ਢਾਂਚੇ ਵਿਚ (7) ਵਾਧਾ ਕੀਤਾ ਗਿਆ ਹੈ। ਹੇਠਾਂ ਵੱਲ ਜ਼ਿਲ੍ਹੇ ਦੀ ਮੂਲ ਇਕਾਈ ਤਹਿਸੀਲ, ਬਲਾਕ ਅਤੇ ਹਰ ਪਿੰਡ ਤੱਕ ਪਹੁੰਚੇਗੀ।

**(4) ਦਿੱਲੀ ਵਿਚ ਕੇਂਦਰੀ ਦਫ਼ਤਰ ਅਤੇ ਲਗਭਗ 100 ਹੋਰ ਦਫ਼ਤਰਾਂ ਦਾ ਜਾਲ:**

ਭਾਵੇਂ ਬਾਮਸੇਫ ਦਾ ਢਾਂਚਾ ਜ਼ਿਲ੍ਹਾ, ਰਾਜ ਅਤੇ ਕੇਂਦਰ ਪੱਧਰ 'ਤੇ ਹੈ ਪ੍ਰੰਤੂ ਇਸਨੂੰ ਬਹੁਤ ਹੀ ਅਸਰਦਾਰ ਅਤੇ ਤੇਜ਼ੀ ਨਾਲ ਚਲਾਉਣ ਲਈ ਸਾਰੇ ਦੇਸ਼ ਵਿਚ ਖਾਸ ਢੰਗ ਨਾਲ ਬਣਾਏ ਗਏ 100 ਦਫ਼ਤਰਾਂ ਦੇ ਜਾਲ ਦਾ ਹੋਣਾ ਬਹੁਤ ਜ਼ਰੂਰੀ ਹੈ। ਲਗਭਗ 100 ਦਫ਼ਤਰ ਕਾਇਮ ਕਰਨ ਲਈ ਹੇਠ ਲਿਖੇ ਤੱਤ ਧਿਆਨ ਵਿਚ ਰੱਖੇ ਗਏ ਹਨ-

(ੳ) ਸਾਰੇ ਰਾਜਾਂ ਅਤੇ ਕੇਂਦਰੀ ਪ੍ਰਸ਼ਾਸਿਤ ਇਲਾਕੇ ਦੀਆਂ ਰਾਜਧਾਨੀਆਂ ਵਿਚ ਦਫ਼ਤਰ ਹੋਣੇ ਚਾਹੀਦੇ ਹਨ।

(ਅ) ਭਾਰਤ ਦੇ ਸਾਰੇ ਕਾਰਪੋਰੇਸ਼ਨਾਂ ਵਾਲੇ ਸ਼ਹਿਰਾਂ ਵਿਚ ਦਫ਼ਤਰ ਹੋਣੇ ਚਾਹੀਦੇ ਹਨ।

(ੲ) ਢਾਂਚੇ ਨੂੰ ਹੋਰ ਅਸਰਦਾਰ ਬਣਾਉਣ ਲਈ ਵੱਡੇ ਵੱਡੇ ਸ਼ਹਿਰਾਂ ਨੂੰ ਮਿਲਾਉਣ ਵਾਲੇ ਛੋਟੇ ਕਸਬਿਆਂ ਵਿਚ ਵੀ ਦਫ਼ਤਰ ਹੋਣੇ ਚਾਹੀਦੇ ਹਨ।

(ਸ) ਭਾਰਤ ਦੇ ਸਨਅਤੀ ਵਿਕਾਸ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਵੱਡੇ ਸਨਅਤੀ ਕੇਂਦਰਾਂ ਵਿਚ ਵੀ ਦਫ਼ਤਰ ਹੋਣੇ ਚਾਹੀਦੇ ਹਨ।

ਇਹ ਸਾਰੇ ਲਗਭਗ 100 ਦਫ਼ਤਰ ਦਿੱਲੀ, ਕੇਂਦਰ ਤੋਂ ਕੰਟਰੋਲ ਹੋਣਗੇ।

**(5) ਬਾਮਸੇਫ ਭਾਈਚਾਰਾ**
**ਅਤੇ**
**(6) ਬਾਮਸੇਫ ਅਡਾਪਸ਼ਨ**

ਬਾਮਸੇਫ ਨਾਮੀ ਸੰਗਠਨ ਦੇ ਬਾਮਸੇਫ ਭਾਈਚਾਰਾ ਅਤੇ ਬਾਮਸੇਫ ਅਡਾਪਸ਼ਨ ਦੇ ਬਹੁਤ ਵੱਡੇ ਅੰਗ ਹਨ। ਬਾਮਸੇਫ ਭਾਈਚਾਰਾ ਭਾਰਤ ਦੀ ਸਾਰੀ ਸ਼ਹਿਰੀ ਵਸੋਂ ਅਤੇ ਬਾਮਸੇਫ ਅਡਾਪਸ਼ਨ ਸਾਰੀ ਪੇਂਡੂ ਵੱਸੋਂ ਨਾਲ ਸਬੰਧਤ ਹੈ। ਭਾਵੇਂ ਸਾਡੇ ਸੰਗਠਨ ਦੇ ਇਹ ਦੋਵੇਂ ਬਹੁਤ ਵੱਡੇ ਅਤੇ ਅਲੱਗ ਅਲੱਗ ਅੰਗ ਹਨ ਪਰ ਚੰਗੀ ਜਾਣਕਾਰੀ ਲਈ ਇਹ ਜ਼ਰੂਰੀ ਸਮਝਿਆ ਗਿਆ ਹੈ ਕਿ ਦੋਹਾਂ ਤੇ ਇਕੱਠੀ ਵਿਚਾਰ ਕੀਤੀ ਜਾਵੇ। ਇਹ ਇਸ ਕਰਕੇ ਜ਼ਰੂਰੀ ਹੈ ਕਿਉਂਕਿ ਬਹੁਤ ਸਾਰੀ ਪੇਂਡੂ ਵੱਸੋਂ ਸ਼ਹਿਰਾਂ ਵਿਚ ਜਾ ਵੱਸੀ ਹੈ ਅਤੇ ਭਵਿੱਖ ਵਿਚ ਇਹ ਤਬਦੀਲੀ ਹੋਰ ਵੀ ਜ਼ਿਆਦਾ ਪੱਧਰ 'ਤੇ ਹੋਣ ਦੀ ਆਸ ਹੈ।

ਆਪਣੀ ਸੰਗਠਨ ਦੇ ਇਹਨਾਂ ਦੋ ਵੱਡੇ ਅਨੁਭਾਗਾਂ ਤੇ ਵਿਚਾਰ ਕਰਨ ਤੋਂ ਪਹਿਲਾਂ ਹੇਠ ਲਿਖੇ ਤਿੰਨਾਂ ਤੱਥਾਂ ਨੂੰ ਸਮਝਣਾ ਬਹੁਤ ਜ਼ਰੂਰੀ ਹੈ।

(ੳ) ਵੱਖਰੇ ਵੱਸੋਂ ਖੇਤਰ (ਅ) ਮੰਦਹਾਲੀ ਵਿਚ ਨਿਵਾਸ ਤਬਦੀਲੀ (ੲ) ਖੁਸ਼ਹਾਲੀ ਲਈ ਨਿਵਾਸ ਤਬਦੀਲੀ।

**(ੳ) ਵੱਖਰੇ ਵਸੋਂ ਖੇਤਰ-**

ਲਗਭਗ 40 ਸਾਲ ਪਹਿਲਾਂ ਜਦੋਂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਸਮਾਜ ਦੇ ਦਲਿਤ ਤੇ ਸ਼ੋਸ਼ਿਤ ਵਰਗ ਖਾਸ ਕਰਕੇ ਅਨੁਸੂਚਿਤ ਜਾਤੀਆਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੋਚ ਰਹੇ ਸਨ ਤਾਂ ਉਹਨਾਂ ਨੇ ਇਕ ਸਕੀਮ ਤਿਆਰ ਕੀਤੀ, ਜਿਸ ਨੂੰ ਕਿ 'ਵੱਖਰੇ ਵਸੋਂ ਖੇਤਰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਕਾਫੀ ਗੰਭੀਰ ਸੋਚ ਵਿਚਾਰ ਤੇ ਕੋਸ਼ਿਸ਼ਾਂ ਦੇ ਬਾਅਦ ਜੁਲਾਈ 1942 ਵਿਚ ਨਾਗਪੁਰ ਵਿਚ ਉਹਨਾਂ ਨੇ ਇਸ ਬਾਰੇ ਵਿਸਥਾਰ ਵਿਚ ਵਰਣਨ ਕੀਤਾ। ਜਿਹੜੇ ਇਸ ਸਕੀਮ ਬਾਰੇ ਵਿਸਥਾਰ ਵਿਚ ਜਾਣਕਾਰੀ ਚਾਹੁੰਦੇ ਹਨ, ਉਹਨਾਂ ਨੂੰ ਸਬੰਧਤ ਕਾਰਜ ਅਤੇ ਦਸਤਾਵੇਜ਼ ਵਾਚਣੇ ਚਾਹੀਦੇ ਹਨ। ਇੱਥੇ ਹੁਣ ਅਸੀਂ ਸਿਰਫ ਉਹਨਾਂ ਦੇ ਮੁੱਖ ਤੱਥਾਂ ਬਾਰੇ ਵਰਣਨ ਕਰਦੇ ਹਾਂ, ਜਿਹੜੇ ਕਿ ਇਸ ਸਕੀਮ ਨੂੰ ਤਿਆਰ ਕਰਨ ਵੇਲੇ ਅਪਣਾਏ ਗਏ। ਇਹ ਸੰਭਾਵਿਤ ਤੱਥ ਹਨ:-

(1) ਭਾਰਤ ਵਿਚ ਅਨੁਸੂਚਿਤ ਜਾਤੀਆਂ ਦੀ ਹਾਲਤ ਬਹੁਤ ਨਿਰਾਸ਼ਾਜਨਕ, ਦੂਜਿਆਂ 'ਤੇ ਆਧਾਰਿਤ ਅਤੇ ਨਿੱਘਰੀ ਹੋਈ ਹੈ।

(2) ਲਗਭਗ ਭਾਰਤ ਦੇ ਸਾਰੇ ਪਿੰਡਾਂ ਵਿਚ ਅਨੁਸੂਚਿਤ ਜਾਤੀਆਂ ਦੀ ਵਸੋਂ ਘੱਟ ਗਿਣਤੀ ਵਿਚ ਹੈ।

ਇਹਨਾਂ ਦੋਹਾਂ ਤੱਥਾਂ ਨੂੰ ਧਿਆਨ ਵਿਚ ਰੱਖਦੇ ਹੋਏ ਵੱਖਰੀ ਸੈਟਲਮੈਂਟ ਸਕੀਮ ਦੁਆਰਾ ਅਨੁਸੂਚਿਤ ਜਾਤੀਆਂ ਦੀ ਹਾਲਤ ਸੁਧਾਰਨ ਲਈ ਇਸ ਨੂੰ ਲਾਗੂ ਕਰਨਾ ਬਹੁਤ ਹੀ ਜ਼ਰੂਰੀ ਸਮਝਿਆ ਗਿਆ। ਇਸ ਤਰ੍ਹਾਂ ਇਹ ਜਾਤੀਆਂ ਹਰ ਵੱਖਰੀ ਬਸਤੀ ਵਿਚ ਵੱਧ ਗਿਣਤੀ ਵਿਚ ਹੋਣਗੀਆਂ। ਜਿਸ ਦੀ ਲੋਕਤੰਤਰੀ ਪ੍ਰਣਾਲੀ ਵਿਚ ਬਹੁਤ ਜ਼ਰੂਰਤ ਹੈ। ਭਾਵੇਂ ਇਹ ਸਕੀਮ ਭਾਰਤੀ ਅਨੁਸੂਚਿਤ ਜਾਤੀਆਂ ਵਾਸਤੇ ਬਹੁਤ ਜ਼ਰੂਰੀ ਅਤੇ ਲਾਭਦਾਇਕ ਸੀ ਪ੍ਰੰਤੂ ਮੰਦੇ ਭਾਗੀਂ ਅਤੇ ਬਹੁਤ ਸਾਰੇ ਹੋਰ ਕਾਰਨਾਂ ਕਰਕੇ ਖਾਸ ਕਰਕੇ 15 ਅਗਸਤ 1947 ਨੂੰ ਭਾਰਤ ਵਿਚੋਂ ਅੰਗਰੇਜ਼ੀ ਰਾਜ ਖਤਮ ਹੋਣ ਕਰਕੇ ਇਹ ਸਕੀਮ ਨੇਪਰੇ ਨਾ ਚੜ੍ਹ ਸਕੀ।

**(ਅ) ਮੰਦਹਾਲੀ ਵਿਚ ਨਿਵਾਸ ਤਬਦੀਲੀ-**

ਵੱਖਰੀ ਸੈਟਲਮੈਂਟ ਲਾਗੂ ਹੋਵੇ ਜਾਂ ਨਾ ਪ੍ਰੰਤੂ ਸਤਾਏ ਹੋਏ ਅਛੂਤਾਂ ਨੇ ਭਾਰੀ ਗਿਣਤੀ ਵਿਚ ਪਿੰਡਾਂ ਨੂੰ ਛੱਡਣਾ ਸ਼ੁਰੂ ਕਰ ਦਿੱਤਾ। ਇਹਨਾਂ ਲੋਕਾਂ ਨੇ ਵੱਡੇ-ਵੱਡੇ ਸ਼ਹਿਰਾਂ ਅਤੇ ਸ਼ਹਿਰੀ ਬਸਤੀਆਂ ਵਿਚ ਜਿੱਥੇ ਕਿ ਉਦਯੋਗੀਕਰਨ ਨਾਲ ਵੱਡੀਆਂ ਵੱਡੀਆਂ ਬਸਤੀਆਂ ਬਣ ਰਹੀਆਂ ਸਨ, ਵਿਚ ਆਪਣੇ ਆਪ ਨੂੰ ਭੁੱਖਮਰੀ ਤੋਂ ਬਚਾਉਣ ਲਈ ਅਤੇ ਆਪਣੀ ਕਿਸਮਤ ਚਮਕਾਉਣ ਲਈ ਆਪਣੀਆਂ ਬਸਤੀਆਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਗਰੀਬ ਅਤੇ ਸਤਾਏ ਹੋਏ ਲੋਕਾਂ ਦਾ ਇਸ ਤਰ੍ਹਾਂ ਦਾ ਉਜਾੜਾ ਮੰਦਹਾਲੀ ਵਿਚ ਨਿਵਾਸ ਤਬਦੀਲੀ (ਡਿਸਟਰੈਸ ਮਾਈਗ੍ਰੇਸ਼ਨ) ਅਖਵਾਉਂਦਾ ਹੈ।

**(ੲ) ਖੁਸ਼ਹਾਲੀ ਲਈ ਨਿਵਾਸ ਤਬਦੀਲੀ-**

ਸੰਵਿਧਾਨ ਦੀਆਂ ਧਾਰਾਵਾਂ ਖਾਸ ਕਰਕੇ ਅਨੁਛੇਦ 15 (4) ਅਤੇ 16 (4) ਦਾ ਲਾਭ ਉਠਾ ਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨੇ ਵਿੱਦਿਆ ਦੇ ਖੇਤਰ ਵਿਚ ਚੋਖੀ ਗਿਣਤੀ ਪੈਦਾ ਕੀਤੀ, ਜਿਸ ਕਰਕੇ ਅਫ਼ਸਰਸ਼ਾਹੀ ਢਾਂਚੇ ਵਿਚ ਵੀ ਉਹ ਚੋਖੀ ਗਿਣਤੀ ਵਿਚ ਦਾਖਲ ਹੋ ਗਏ। ਸੰਵਿਧਾਨ ਤੋਂ ਲਾਭ ਪ੍ਰਾਪਤ ਇਹ ਵਰਗ ਸ਼ਹਿਰਾਂ ਅਤੇ ਉਦਯੋਗਿਕ ਸਥਾਨਾਂ 'ਤੇ ਵੀ ਕੰਮ ਅਤੇ ਪ੍ਰਬੰਧਕੀ ਮਾਮਲਿਆਂ ਲਈ ਜਾਣ ਲੱਗ ਪਏ। ਇਸ ਕਿਸਮ ਦੀ ਥਾਂ-ਬਦਲੀ, ਖੁਸ਼ਹਾਲੀ ਲਈ ਨਿਵਾਸ ਤਬਦੀਲੀ ਆਖੀ ਜਾ ਸਕਦੀ ਹੈ। ਮੰਦਹਾਲੀ ਵਿਚ ਨਿਵਾਸ ਤਬਦੀਲੀ ਕਰੋੜਾਂ ਦੀ ਗਿਣਤੀ ਵਿਚ ਹੋਈ ਪਰ ਖੁਸ਼ਹਾਲੀ ਲਈ ਨਿਵਾਸ ਤਬਦੀਲੀ ਦਾ 20 ਲੱਖ ਤੋਂ ਵੱਧ ਗਿਣਤੀ ਤੱਕ ਦਾ ਅਨੁਮਾਨ ਹੈ।

ਹੁਣ ਅਸੀਂ ਬਾਮਸੇਫ ਭਾਈਚਾਰਾ ਅਤੇ ਬਾਮਸੇਫ ਅਡਾਪਸ਼ਨ ਵੱਲ ਵਾਪਸ ਆਉਂਦੇ ਹਾਂ। ਉਪਰੋਕਤ ਦੱਸੇ ਤਿੰਨਾਂ ਤੱਥਾਂ ਨੂੰ ਸਮਝਣ ਤੋਂ ਬਾਅਦ ਭਾਰਤ ਦੀ ਪੇਂਡੂ ਤੇ ਸ਼ਹਿਰੀ ਵਸੋਂ ਦੇ ਅਧਿਐਨ ਨਾਲ ਬਾਮਸੇਫ ਦੇ ਇਹਨਾਂ ਦੋ ਵੱਡੇ ਅੰਗਾਂ ਨੂੰ ਸਮਝਣ ਵਿਚ ਮਦਦ ਮਿਲੇਗੀ। ਬਾਮਸੇਫ ਭਾਈਚਾਰਾ ਸਾਡੀ ਦਲਿਤ ਸ਼ੋਸ਼ਿਤ ਸ਼ਹਿਰੀ ਵਸੋਂ ਨਾਲ ਸਬੰਧਤ ਹੈ। ਇਸ ਅੰਗ ਦੀ ਪਹਿਲੀ ਜ਼ਰੂਰਤ ਇਹ ਹੈ ਕਿ ਉਹਨਾਂ ਦਲਿਤ ਅਤੇ ਸ਼ੋਸ਼ਿਤ ਭਾਰਤੀਆਂ ਨੂੰ ਜਿਹਨਾਂ ਨੇ ਮੰਦਹਾਲੀ ਸਥਿਤੀ ਵਿਚ ਜਾਂ ਖੁਸ਼ਹਾਲੀ ਲਈ ਸ਼ਹਿਰਾਂ ਵਿਚ ਜ਼ਮੀਨ ਖਰੀਦੀ, ਉਹਨਾਂ ਨੂੰ ਇਕ ਥਾਂ ਇਕੱਤਰ ਕਰਨਾ। ਇਹਨਾਂ ਦੋਹਾਂ ਕਿਸਮ ਦੇ ਪ੍ਰਵਾਸੀਆਂ ਨੂੰ ਨੇੜੇ ਲਿਆ ਕੇ ਬਾਮਸੇਫ ਭਾਈਚਾਰੇ ਦਾ ਮੁਢਲਾ ਕੰਮ ਪੂਰਾ ਹੋ ਜਾਂਦਾ ਹੈ। ਪ੍ਰੰਤੂ ਮੁੱਖ ਕੰਮ ਤਾਂ ਹੀ ਪੂਰਾ ਹੋ ਸਕਦਾ ਹੈ ਜੇ ਸਮਾਜ ਦੇ ਇਸ ਗਰੀਬ ਤਬਕੇ ਲਈ ਬਣਾਏ:

(1) ਨਿਯਮ, ਰੈਗੂਲੇਸ਼ਨਜ਼ ਤੇ ਕਾਨੂੰਨ ਲਾਗੂ ਕਰਵਾਏ ਜਾਣ,

(2) ਯੋਜਨਾਵਾਂ, ਪ੍ਰੋਗਰਾਮ, ਪ੍ਰਾਜੈਕਟ ਅਤੇ ਬਜਟ ਪੂਰੀ ਤਰ੍ਹਾਂ ਵਫ਼ਾਦਾਰੀ ਨਾਲ ਲਾਗੂ ਕਰਵਾਏ ਜਾਣ।

ਚੰਗੇ ਨਤੀਜੇ ਪ੍ਰਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਵੱਖ-ਵੱਖ ਵਿਭਾਗਾਂ ਦੇ ਨਿਯਮ, ਰੈਗੂਲੇਸ਼ਨਜ਼ ਕਾਨੂੰਨ, ਯੋਜਨਾਵਾਂ, ਪ੍ਰੋਗਰਾਮ, ਪ੍ਰਾਜੈਕਟ ਤੇ ਬਜਟ, ਕਿਤਾਬਾਂ ਦੇ ਰੂਪ ਵਿਚ ਤਿਆਰ ਕੀਤੇ ਜਾਣ। ਇਹ ਗੁੰਝਲਦਾਰ ਅਤੇ ਔਖਾ ਕੰਮ ਸਿਰਫ ਪੜ੍ਹੇ ਲਿਖੇ ਕਰਮਚਾਰੀ ਹੀ ਨੇਪਰੇ ਚਾੜ੍ਹ ਸਕਦੇ ਹਨ। ਨਹੀਂ ਤਾਂ ਸਾਡੇ ਸਮਾਜ ਦੇ ਇਸ ਦਲਿਤ ਅਤੇ ਸ਼ੋਸ਼ਿਤ ਵਰਗ ਨੂੰ ਜੋ ਕਿ ਸ਼ਹਿਰਾਂ ਦੀ ਗੰਦਗੀ ਵਿਚ ਕਰੋੜਾਂ ਦੀ ਗਿਣਤੀ ਵਿਚ ਉੱਭਰ ਰਹੇ ਹਨ, ਬਿਨਾਂ ਛੂਹਿਆਂ ਹੀ ਇਹ ਸਕੀਮਾਂ ਸਿਰਫ ਕਾਗਜ਼ਾਂ ਵਿਚ ਹੀ ਰਹਿ ਜਾਣਗੀਆਂ। ਹੁਣ ਬਾਮਸੇਫ ਅਡਾਪਸ਼ਨ ਵਾਲੇ ਪਾਸੇ ਆਉਂਦੇ ਹਾਂ। ਇਹ ਅੰਗ ਭਾਰਤ ਦੀ ਪੇਂਡੂ ਗਰੀਬ ਵਸੋਂ ਦੀਆਂ ਸਮੱਸਿਆਵਾਂ ਨਾਲ ਸਬੰਧਤ ਹੈ। ਜੇ ਇਹ ਵੇਖਿਆ ਜਾਵੇ ਕਿ ਭਾਰਤ ਦੇ ਕੁਝ ਹਜ਼ਾਰ ਸ਼ਹਿਰੀ ਕੇਂਦਰਾਂ ਵਿਚ ਪੜ੍ਹੇ ਲਿਖੇ ਕਰਮਚਾਰੀਆਂ ਦੀ ਵੱਡੀ ਗਿਣਤੀ ਮਿਲ ਜਾਂਦੀ ਹੈ ਤਾਂ ਬਾਮਸੇਫ ਅਡਾਪਸ਼ਨ ਦੇ ਮੁਕਾਬਲੇ ਬਾਮਸੇਫ ਭਾਈਚਾਰੇ ਦਾ ਕੰਮ ਆਸਾਨ ਜਾਪਦਾ ਹੈ। ਪ੍ਰੰਤੂ ਜਦੋਂ ਅਸੀਂ ਭਾਰਤ ਦੇ ਸਾਰੇ ਇਲਾਕੇ ਵਿਚ ਫੈਲੇ ਹੋਏ 5,76,000 ਪਿੰਡਾਂ ਬਾਰੇ ਸੋਚਦੇ ਹਾਂ ਤਾਂ ਬਾਮਸੇਫ ਅਡਾਪਸ਼ਨ ਦਾ ਕੰਮ ਬਹੁਤ ਜ਼ਿਆਦਾ ਔਖਾ ਜਾਪਦਾ ਹੈ। ਭਾਰਤ ਦੇ ਪਿੰਡਾਂ ਵਿਚ ਪੜ੍ਹੇ-ਲਿਖੇ ਕਰਮਚਾਰੀਆਂ ਦੀ ਘੱਟ ਗਿਣਤੀ ਨਿਸ਼ਚੇ ਹੀ ਇਸ ਕੰਮ ਨੂੰ ਔਖਾ ਬਣਾਉਂਦੀ ਹੈ। ਇਸ ਲਈ ਸਾਡੇ ਕੋਲ ਇਹ ਚੋਣ ਹੀ ਰਹਿ ਜਾਂਦੀ ਹੈ ਕਿ ਸਿਰਫ ਜ਼ਿਲ੍ਹੇ ਦੇ ਕੁਝ ਚੋਣਵੇਂ ਪਿੰਡਾਂ ਨੂੰ ਹੀ ਅਡਾਪਸ਼ਨ ਕੇਂਦਰ ਬਣਾਇਆ ਜਾਵੇ। ਇਸ ਕਰਕੇ ਇਸ ਦਾ ਨਾਂ ਬਾਮਸੇਫ ਅਡਾਪਸ਼ਨ ਰੱਖਿਆ ਗਿਆ ਹੈ। ਬਾਮਸੇਫ ਅਡਾਪਸ਼ਨ ਦੇ ਕਾਰਜ ਦਾ ਢੰਗ 'ਬਾਮਸੇਫ ਭਾਈਚਾਰੇ' ਨਾਲ ਲਗਭਗ ਮਿਲਦਾ ਜੁਲਦਾ ਹੈ। ਇਸ ਦੇ ਵੀ ਉਹੀ ਦੋ ਮੁੱਖ ਕੰਮ ਹਨ। (1) ਨਿਯਮ ਰੈਗੂਲੇਸ਼ਨਜ਼ ਅਤੇ ਕਾਨੂੰਨਾਂ ਨੂੰ ਲਾਗੂ ਕਰਵਾਉਣਾ। (2) ਵੱਖ ਵੱਖ ਵਿਭਾਗਾਂ ਦੇ ਪੇਂਡੂ ਵਸੋਂ ਲਈ ਯੋਜਨਾਵਾਂ, ਪ੍ਰੋਗਰਾਮ, ਪ੍ਰਾਜੈਕਟ ਅਤੇ ਬਜਟ ਪੂਰਨ ਤੌਰ 'ਤੇ ਅਤੇ ਵਫ਼ਾਦਾਰੀ ਨਾਲ ਲਾਗੂ ਕਰਵਾਉਣੇ। 'ਬਾਮਸੇਫ ਭਾਈਚਾਰੇ' ਵਾਂਗ ਹੀ ਇਹਨਾਂ ਸਬੰਧੀ ਨਿਯਮਾਂ ਦੇ ਸੰਗ੍ਰਹਿ ਤਿਆਰ ਕਰਾਉਣੇ ਇਸ ਅੰਗ ਲਈ ਵੀ ਜ਼ਰੂਰੀ ਹਨ।

**(7) ਡਾਕਟਰੀ ਸਹਾਇਤਾ ਅਤੇ ਸਲਾਹ**

ਸੰਵਿਧਾਨ ਦੀਆਂ ਕਮਜ਼ੋਰ ਵਰਗਾਂ ਲਈ ਰੱਖੀਆਂ ਧਾਰਾਵਾਂ ਤੋਂ ਲਾਭ ਉਠਾਉਂਦਿਆਂ ਦਲਿਤ ਅਤੇ ਸ਼ੋਸ਼ਿਤ ਭਾਰਤੀਆਂ ਖਾਸ ਕਰਕੇ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨੇ ਵਿੱਦਿਆ ਅਤੇ ਨੌਕਰੀ ਦੇ ਖੇਤਰ ਵਿਚ ਰਾਖਵਾਂਕਰਨ ਹੋਣ ਕਰਕੇ ਅਫ਼ਸਰਸ਼ਾਹੀ ਢਾਂਚੇ ਦੀਆਂ ਵੱਖ-ਵੱਖ ਸ਼ਾਖਾਵਾਂ ਵਿਚ ਪਦਵੀਆਂ ਪ੍ਰਾਪਤ ਕੀਤੀਆਂ। ਇਹ ਖੁਸ਼ੀ ਦੀ ਗੱਲ ਹੈ ਕਿ ਡਾਕਟਰੀ ਵਿੱਦਿਆ ਦੇ ਖੇਤਰ ਵਿਚ ਵੀ ਇਹਨਾਂ ਨੇ ਕਾਫੀ ਪ੍ਰਗਤੀ ਕੀਤੀ। ਇਸ ਦੇ ਫਲਸਰੂਪ ਅਸੀਂ ਦੇਖਦੇ ਹਾਂ ਕਿ ਹਜ਼ਾਰਾਂ ਦੀ ਗਿਣਤੀ ਵਿਚ ਡਾਕਟਰ ਲਗਭਗ ਸਾਰੇ ਹਸਪਤਾਲਾਂ ਵਿਚ ਪਾਏ ਜਾਂਦੇ ਹਨ। ਕਈਆਂ ਨੇ ਆਪਣੇ ਹਸਪਤਾਲ ਵੀ ਖੋਲ੍ਹੇ ਹੋਏ ਹਨ। ਮੈਡੀਕਲ ਕਾਲਜਾਂ ਵਿਚ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ ਦੇ ਵਿੱਦਿਆ ਪ੍ਰਾਪਤ ਕਰ ਰਹੇ ਵਿਦਿਆਰਥੀ ਭਵਿੱਖ ਦੀ ਖੁਸ਼ਹਾਲੀ ਵੱਲ ਇਸ਼ਾਰਾ ਹਨ। ਇਸ ਖੇਤਰ ਵਿਚ ਹੋ ਰਹੀ ਪ੍ਰਗਤੀ ਨੂੰ ਧਿਆਨ ਵਿਚ ਰੱਖਦਿਆਂ ਇਹ ਸੋਚਿਆ ਗਿਆ ਕਿ ਜੋ ਡਾਕਟਰੀ ਪੇਸ਼ਾ ਲੋਕ ਆਪਣੇ ਦਲਿਤ ਅਤੇ ਸ਼ੋਸ਼ਿਤ ਭਰਾਵਾਂ ਲਈ ਕੰਮ ਕਰਨ ਦੀ ਇੱਛਾ ਰੱਖਦੇ ਹਨ, ਉਹਨਾਂ ਲਈ ਇਕ ਅਲੱਗ ਅੰਗ ਤਿਆਰ ਕੀਤਾ ਜਾਵੇ। ਸਾਡੇ ਡਾਕਟਰਾਂ ਦੀ ਸੁਚੱਜੀ ਸਲਾਹ ਅਤੇ ਸਹਾਇਤਾ ਨਾਲ ਬਾਮਸੇਫ ਸਮਾਜ ਦੇ ਕਮਜ਼ੋਰ ਵਰਗ ਦੀ ਸੇਵਾ ਕਰ ਸਕਦੀ ਹੈ। ਖਾਸ ਕਰਕੇ ਉਹਨਾਂ ਲਈ ਡਾਕਟਰੀ ਸੇਵਾ ਪ੍ਰਾਪਤ ਕਰਕੇ ਉਹਨਾਂ ਦੀ ਮਦਦ ਕਰ ਸਕਦੀ ਹੈ। ਇਸ ਤੋਂ ਵੀ ਵੱਧ ਇਹ ਸਮਾਜਿਕ ਸੇਵਾ ਨਾਲ ਸਮਾਜ ਦੇ ਸਾਰੇ ਦਲਿਤ ਤੇ ਸ਼ੋਸ਼ਿਤ ਵਰਗ ਨੂੰ ਆਪਸ ਵਿਚ ਜੋੜਨ ਅਤੇ ਭਰਾਤਰੀ ਸਬੰਧ ਬਣਾਏ ਰੱਖਣ ਵਿਚ ਮਦਦ ਕਰੇਗੀ। ਲੋਕਰਾਜੀ ਢਾਂਚੇ ਵਿਚ ਆਪਸ ਵਿਚ ਮਿਲ ਕੇ ਰਹਿਣਾ ਸਾਡੇ ਲਈ ਬਹੁਤ ਜ਼ਰੂਰੀ ਹੈ।

**(8) ਸਾਹਿਤਕ ਅਨੁਭਾਗ**

ਦਲਿਤ ਤੇ ਸ਼ੋਸ਼ਿਤ ਵਰਗ ਦੇ ਪੜ੍ਹੇ-ਲਿਖੇ ਕਰਮਚਾਰੀ ਮਨੁੱਖੀ ਚੇਸ਼ਟਾ ਦੇ ਲਗਭਗ ਹਰ ਖੇਤਰ ਵਿਚ ਦਿਲਚਸਪੀ ਵਿਖਾ ਰਹੇ ਹਨ। ਸਾਹਿਤਕ ਖੇਤਰ ਵਿਚ ਵੀ ਉਹਨਾਂ ਦੀ ਦਿਲਚਸਪੀ ਠੋਸ ਰੂਪਮਾਨ ਹੋਈ ਹੈ। ਪੜ੍ਹੇ ਲਿਖੇ ਕਰਮਚਾਰੀਆਂ ਦੀ ਇਕ ਵੱਡੀ ਗਿਣਤੀ ਸਾਹਿਤਕ ਖੇਤਰ ਵਿਚ ਅੱਗੇ ਆ ਰਹੀ ਹੈ। ਲਗਭਗ ਸਾਰੀਆਂ ਭਾਸ਼ਾਵਾਂ ਵਿਚ ਦਲਿਤ ਲੇਖਕਾਂ ਵੱਲੋਂ ਰਚਿਆ ਦਲਿਤ-ਸਾਹਿਤ ਵੇਖਿਆ ਜਾ ਸਕਦਾ ਹੈ। ਭਾਰਤ ਦੀਆਂ ਲਗਭਗ ਸਾਰੀਆਂ ਭਾਸ਼ਾਵਾਂ ਉਪਰ ਦਲਿਤ ਕਰਮਚਾਰੀਆਂ ਦੀ ਸਾਹਿਤਕ ਖੇਤਰ ਦੀਆਂ ਸਰਗਰਮੀਆਂ ਵਿਚ ਦਿਲਚਸਪੀ ਦਾ ਇਕ ਲਹਿਰ ਵਰਗਾ ਪ੍ਰਭਾਵ ਪਿਆ ਹੈ। ਇਸ ਹਾਲਤ ਦਾ ਲਾਭ ਉਠਾਉਂਦਿਆਂ ਹੋਇਆਂ ਇਹ ਆਸ ਕੀਤੀ ਜਾਂਦੀ ਹੈ ਕਿ ਜੇ ਸਾਰੀਆਂ ਭਾਸ਼ਾਵਾਂ ਦੇ ਦਲਿਤ ਲੇਖਕਾਂ ਨੂੰ ਢੰਗ ਅਨੁਸਾਰ ਇਕੱਠਾ ਕੀਤਾ ਜਾਵੇ ਤਾਂ ਉਹਨਾਂ ਵੱਲੋਂ ਰਚੇ ਗਏ ਦਲਿਤ ਸਾਹਿਤ ਨਾਲ ਇਕ ਚੋਖੀ ਸਾਹਿਤਕ ਲਹਿਰ ਪੈਦਾ ਕੀਤੀ ਜਾ ਸਕਦੀ ਹੈ। ਇਸ ਲਈ ਇਕ ਵੱਖਰਾ ਭਾਗ 'ਸਾਹਿਤਕ ਅਨੁਭਾਗ' ਦੇ ਨਾਂ ਨਾਲ ਤਿਆਰ ਕੀਤਾ ਗਿਆ ਹੈ। ਇਹ ਸਾਰੇ ਹੀ ਦੇਸ਼ ਵਿਚ ਬਹੁਤ ਵੱਡੀ ਪੱਧਰ 'ਤੇ ਤਿਆਰ ਕੀਤਾ ਜਾ ਰਿਹਾ ਹੈ।

**(9) ਖੋਜ ਅਤੇ ਪੜਤਾਲ ਭਾਗ:**

ਅੱਜ ਦੇ ਆਧੁਨਿਕ ਅਤੇ ਗੁੰਝਲਦਾਰ ਸਮਾਜਿਕ ਢਾਂਚੇ ਵਿਚ ਹਮੇਸ਼ਾ ਲਈ ਕੋਈ ਵੀ ਵਿਚਾਰ ਸਥਿਰ ਨਹੀਂ ਹੈ। ਜੋ ਇਕ ਗੁੰਝਲਦਾਰ ਅਤੇ ਤੇਜ਼ ਰਫ਼ਤਾਰ ਸਮਾਜ ਨਾਲ ਰਲ ਕੇ ਚੱਲਣਾ ਚਾਹੁੰਦੇ ਹਨ, ਉਹਨਾਂ ਨੂੰ ਆਪਣੀਆਂ ਸਮੱਸਿਆਵਾਂ ਹਰ ਪੱਖ ਤੋਂ ਘੋਖਣੀਆਂ ਚਾਹੀਦੀਆਂ ਹਨ ਅਤੇ ਉਹਨਾਂ ਦਾ ਢੁਕਵਾਂ ਹੱਲ ਲੱਭਣਾ ਚਾਹੀਦਾ ਹੈ। ਇਸ ਲਈ ਇਸ ਪੇਚੀਦਾ ਅਤੇ ਆਧੁਨਿਕ ਸੰਸਾਰ ਵਿਚ ਸਾਡਾ ਵੀ ਕੋਈ ਯੋਗ ਢਾਂਚਾ ਹੋਣਾ ਚਾਹੀਦਾ ਹੈ ਜੋ ਕਿ ਚੰਗੀ ਤਰ੍ਹਾਂ ਖੋਜ ਪੜਤਾਲ ਕਰਕੇ ਸਾਡੀਆਂ ਸਮੱਸਿਆਵਾਂ ਦਾ ਢੁਕਵਾਂ ਹੱਲ ਲੱਭ ਕੇ ਦੇ ਸਕੇ। ਦੂਜੇ ਸ਼ਬਦਾਂ ਵਿਚ ਸਾਡੇ ਲਈ ਖੋਜ ਤੇ ਪ੍ਰਗਤੀ ਬਾਰੇ ਇਕ ਢੁਕਵਾਂ ਪ੍ਰਯੋਗ ਕੇਂਦਰ ਹੋਣਾ ਚਾਹੀਦਾ ਹੈ। ਇਹੋ ਜਿਹਾ ਪ੍ਰਯੋਗ ਕੇਂਦਰ ਜਿਸਦਾ ਨਾਂ ਖੋਜ ਪੜਤਾਲ ਭਾਗ ਹੈ ਅਤੇ ਜੋ ਬਾਮਸੇਫ ਦਾ ਇਕ ਬਹੁਤ ਜ਼ਰੂਰੀ ਅੰਗ ਹੈ, ਸਾਡੇ ਲਈ ਤਿਆਰ ਕੀਤਾ ਗਿਆ ਹੈ। ਇਸ ਅਨੁਭਾਗ ਦਾ ਕੰਮ ਸਰਵੇਖਣ, ਸੈਮੀਨਾਰ ਅਤੇ ਵਿਚਾਰ ਗੋਸ਼ਟੀ ਰਾਹੀਂ ਹਾਲਤ ਅਤੇ ਸਮੱਸਿਆ ਦਾ ਕ੍ਰਮ ਅਨੁਸਾਰ ਵਿਗਿਆਨਕ ਵਿਸ਼ਲੇਸ਼ਣ ਕਰਨਾ ਹੋਵੇਗਾ। ਇਸ ਪੜਤਾਲ ਲਈ ਉੱਚੇ ਦਿਮਾਗੀ ਅਤੇ ਤਿਆਗੀ ਬੰਦੇ ਜਿੰਨੇ ਵੀ ਮਿਲ ਸਕਦੇ ਹੋਏ, ਇਸ ਭਾਗ ਲਈ ਨਿਯੁਕਤ ਕੀਤੇ ਜਾਣਗੇ। ਇਸ ਲਈ ਜਦੋਂ ਅਸੀਂ ਕਹਿੰਦੇ ਹਾਂ ਕਿ ਬਾਮਸੇਫ ਇਕ ਦਿਮਾਗੀ ਬੈਂਕ ਕਰਕੇ ਜਾਣੀ ਜਾਂਦੀ ਹੈ ਤਾਂ ਇਸਦਾ ਇਹ ਖੋਜ ਪੜਤਾਲ ਵਿਭਾਗ ਦਿਮਾਗੀ ਬੈਂਕ ਦਾ ਦਿਮਾਗ ਕਿਹਾ ਜਾ ਸਕਦਾ ਹੈ।

**(10) ਬੀ. ਵੀ. ਐਫ.- ਬਾਮਸੇਫ ਵਲੰਟੀਅਰ ਫੋਰਸ**

ਬੀ. ਵੀ. ਐਫ. ਬਾਮਸੇਫ ਵਲੰਟੀਅਰ ਫੋਰਸ ਦਾ ਛੋਟਾ ਨਾਂ ਹੈ। ਆਪਣੇ ਸੰਗਠਨ ਦਾ ਵੱਡਾ ਆਕਾਰ ਵੇਖਦਿਆਂ ਹੋਇਆਂ, ਇਸਦੇ ਜਲਸੇ ਅਤੇ ਹੋਰ ਕਾਰਜਾਂ ਨੂੰ ਕਾਮਯਾਬੀ ਅਤੇ ਅਸਰਦਾਰ ਢੰਗ ਨਾਲ ਨੇਪਰੇ ਚੜ੍ਹਾਉਣ ਲਈ ਵਲੰਟੀਅਰ ਫੋਰਸ ਦੀ ਲੋੜ ਮਹਿਸੂਸ ਕੀਤੀ ਗਈ। ਸੰਗਠਨ ਦੀ ਭਵਿੱਖ ਵਿਚ ਪ੍ਰਗਤੀ ਲਈ ਅਤੇ ਪ੍ਰੋਗਰਾਮਾਂ ਨੂੰ ਕਾਮਯਾਬੀ ਨਾਲ ਚਲਾਉਣ ਅਤੇ ਕਾਬੂ ਰੱਖਣ ਲਈ ਇਹੋ ਜਿਹੇ ਵਿਭਾਗ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ। ਅਸੀਂ ਅੰਦਾਜ਼ਾ ਲਗਾਉਂਦੇ ਹਾਂ ਕਿ ਜਦੋਂ ਬਾਮਸੇਫ ਪੂਰੀ ਤਰ੍ਹਾਂ ਉਨਤ ਹੋ ਜਾਵੇਗੀ ਤਾਂ ਇਸਨੂੰ ਸਾਲ ਦੇ 365 ਦਿਨਾਂ ਵਿਚ ਸਾਰੇ ਭਾਰਤ ਵਿਚ ਕੁੱਲ ਲਗਭਗ 6000 ਸਮਾਰੋਹ ਕਰਨੇ ਪੈਣਗੇ। ਸਭ ਤੋਂ ਛੋਟਾ ਸਮਾਰੋਹ ਐਤਵਾਰ ਲੜੀ ਜੋ ਕਿ ਸਾਰੇ 100 ਦਫ਼ਤਰਾਂ ਵੱਲੋਂ ਸਾਲ ਦੇ 52 ਐਤਵਾਰਾਂ ਨੂੰ ਕੀਤਾ ਜਾਵੇਗਾ, ਤੋਂ ਸ਼ੁਰੂ ਕਰਕੇ ਉਪਰ ਵੱਲ ਨੂੰ ਜ਼ਿਲ੍ਹਾ, ਰਾਜ, ਖੇਤਰੀ ਕਾਨਫਰੰਸ ਅਤੇ ਕੌਮੀ ਸੰਮੇਲਨ- ਜੋ ਸਾਲ ਵਿਚ ਇਕ ਵਾਰੀ ਕੀਤੇ ਜਾਣੇ ਹਨ, ਤੱਕ ਵੇਖਦਿਆਂ ਵਲੰਟੀਅਰ ਫੋਰਸ ਦੀ ਜ਼ਰੂਰਤ ਨੂੰ ਸਮਝਿਆ ਜਾ ਸਕਦਾ ਹੈ। ਇਹਨਾਂ ਪ੍ਰਚੱਲਿਤ ਸਮਾਰੋਹਾਂ ਬਿਨਾਂ ਕੇਡਰ ਕੈਂਪਾਂ ਦਾ ਪ੍ਰਬੰਧ ਅਤੇ ਹੋਰ ਇਸ ਤਰ੍ਹਾਂ ਦੇ ਸਮਾਰੋਹ ਕਰਨ ਦੀ ਜ਼ਿੰਮੇਵਾਰੀ ਵੀ ਵਲੰਟੀਅਰ ਫੋਰਸ ਦੀ ਹੋਵੇਗੀ। ਇਸ ਲਈ ਬਾਮਸੇਫ ਦੇ ਇਸ ਅੰਗ ਨੂੰ ਸਾਡੀ ਬਹੁਤ ਵੱਡੀ ਅਤੇ ਪੇਚੀਦਾ ਸੰਗਠਨ ਦੇ ਵੱਖ-ਵੱਖ ਤਰ੍ਹਾਂ ਦੇ ਸਮਾਰੋਹ ਕਾਮਯਾਬੀ ਨਾਲ ਚਲਾਉਣ ਅਤੇ ਕਾਬੂ ਕਰਨ ਲਈ ਇਕ ਖਾਸ ਸਿਖਲਾਈ ਯੁਕਤ ਅੰਗ ਆਖਿਆ ਜਾ ਸਕਦਾ ਹੈ। ਬੀ. ਵੀ. ਐਫ. ਬਾਰੇ ਗੰਭੀਰਤਾ ਨਾਲ ਸੋਚਦਿਆਂ ਇਹ ਫੈਸਲਾ ਕੀਤਾ ਗਿਆ ਹੈ ਕਿ ਚੰਡੀਗੜ੍ਹ ਵਿਚ ਹੋ ਰਹੇ ਤੀਜੇ ਰਾਸ਼ਟਰੀ ਸੰਮੇਲਨ ਵਿਚ ਵਲੰਟੀਅਰ ਵਰਦੀਆਂ ਪਹਿਨਣ ਅਤੇ ਇਸ ਸਮਾਰੋਹ ਨੂੰ ਆਪ ਚਲਾਉਣ ਅਤੇ ਕੰਟਰੋਲ ਕਰਨ। ਸੰਗਠਨ ਵਿਚ ਵਾਧੇ ਦੇ ਨਾਲ ਨਾਲ ਇਸੇ ਅਨੁਪਾਤ ਵਿਚ ਇਸ ਅਨੁਭਾਗ ਦੇ ਵਲੰਟੀਅਰਾਂ ਦੀ ਗਿਣਤੀ ਵਿਚ ਵਾਧਾ ਹੁੰਦਾ ਰਹੇਗਾ।

**VI. ਢਾਂਚੇ ਦੀ ਕਾਰਜ ਵਿਧੀ:**

ਬਾਮਸੇਫ ਦਾ ਢਾਂਚਾ ਪੇਚੀਦਾ ਹੋਣ ਕਾਰਨ ਕਾਰਜ-ਕਰਤਾਵਾਂ ਲਈ ਇਹ ਜ਼ਰੂਰੀ ਹੈ ਕਿ ਇਸ ਦੀ ਡੂੰਘਾਈ ਨੂੰ ਸਮਝਣ। ਬਾਮਸੇਫ ਦੇ ਢਾਂਚੇ ਦਾ ਅਧਿਐਨ ਕਰਨ ਵੇਲੇ ਅਸੀਂ ਵੇਖਿਆ ਹੈ ਕਿ ਬਾਮਸੇਫ ਦੇ ਪਹਿਲਾਂ 10 ਮੁੱਖ ਅੰਗ ਤਿਆਰ ਕੀਤੇ ਗਏ ਅਤੇ ਫਿਰ ਉਹਨਾਂ ਨੂੰ ਸੰਗਠਨ ਦੇ ਢਾਂਚੇ ਵਿਚ ਠੀਕ ਤਰ੍ਹਾਂ ਫਿੱਟ ਕਰਕੇ ਬਾਮਸੇਫ ਤਿਆਰ ਕੀਤੀ ਗਈ। ਇਸ ਲਈ ਇਹ ਜ਼ਰੂਰੀ ਹੈ ਕਿ ਸੰਗਠਨ ਦੇ ਸਾਰੇ ਅੰਗਾਂ ਦੀ ਠੀਕ ਸਮਝ ਅਤੇ ਉਹਨਾਂ ਦੇ ਆਪਸੀ ਸਬੰਧਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ ਕਾਰਜ-ਕਰਤਾਵਾਂ ਲਈ ਕੈਡਰ ਕੈਂਪ ਤਿਆਰ ਕੀਤੇ ਗਏ ਹਨ। ਸਭ ਤੋਂ ਹੇਠਲੀ ਪੱਧਰ ਦੇ ਕਾਰਜ-ਕਰਤਾਵਾਂ ਨੂੰ 10 ਮੁੱਖ ਅੰਗਾਂ ਬਾਰੇ ਠੀਕ ਜਾਣਕਾਰੀ ਅਤੇ ਉਹਨਾਂ ਦਾ ਸੰਗਠਨ ਦੇ ਘੇਰੇ ਵਿਚ ਆਪਸੀ ਸਬੰਧ ਪਤਾ ਹੋਣਾ ਚਾਹੀਦਾ ਹੈ। ਪ੍ਰੰਤੂ ਉੱਚੀ ਪੱਧਰ ਦੇ ਕਾਰਜ-ਕਰਤਾਵਾਂ ਨੂੰ ਪੂਰੇ ਸੰਗਠਨ ਬਾਰੇ ਡੂੰਘੀ ਅਤੇ ਸੰਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਨੂੰ ਧਿਆਨ ਵਿਚ ਰੱਖਦਿਆਂ ਇਹ ਜ਼ਰੂਰੀ ਹੈ ਕਿ ਕਾਰਜ-ਕਰਤਾਵਾਂ ਨੂੰ ਕੋਈ ਅਹੁਦਾ ਸੰਭਾਲਣ ਤੋਂ ਪਹਿਲਾਂ ਕੇਡਰ ਕੈਂਪ ਵਿਚ ਸਿਖਲਾਈ ਲੈਣੀ ਚਾਹੀਦੀ ਹੈ ਤਾਂ ਜੋ ਉਹ ਉਸ ਅਹੁਦੇ ਦੀ ਜ਼ਰੂਰਤ ਅਨੁਸਾਰ ਪੂਰਾ ਉਤਰ ਸਕੇ।

ਸੰਗਠਨ ਦੇ ਮੰਤਵ ਦੀ ਪੂਰਤੀ ਲਈ ਬਾਮਸੇਫ ਦਾ ਢਾਂਚਾ ਤਿਆਰ ਕੀਤਾ ਗਿਆ ਹੈ। ਇਸ ਲਈ ਕਾਰਜ-ਕਰਤਾਵਾਂ ਨੂੰ ਬਾਮਸੇਫ ਦੀ ਬਣਤਰ ਦੇ ਨਾਲ ਨਾਲ ਇਸਦੇ ਮੰਤਵ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਤੋਂ ਵੱਧ ਸਗੋਂ ਕਾਰਜ-ਕਰਤਾਵਾਂ ਨੂੰ ਇਹਨਾਂ ਮੰਤਵਾਂ ਦੀ ਪੂਰਤੀ ਲਈ ਅਪਣਾਏ ਢੰਗਾਂ ਤੇ ਕਾਰਜਾਂ ਦਾ ਵੀ ਪਤਾ ਹੋਣਾ ਚਾਹੀਦਾ ਹੈ। ਜਿਵੇਂ ਕਿ ਅਸੀਂ ਪਹਿਲਾਂ ਅਧਿਐਨ ਕਰ ਚੁੱਕੇ ਹਾਂ ਕਿ ਬਾਮਸੇਫ ਦੇ ਕਾਰਜ ਕਰਨ ਦਾ ਢੰਗ ਹੈ (ੳ) ਨਿਯਮ, ਰੈਗੂਲੇਸ਼ਨਜ਼ ਅਤੇ ਕਾਨੂੰਨ ਲਾਗੂ ਕਰਾਉਣੇ, (ਅ) ਵੱਖ ਵੱਖ ਵਿਭਾਗਾਂ ਵੱਲੋਂ

**(ਬਾਕੀ ਅਗਲੇ ਸਫੇ 'ਤੇ)**

# ਬਾਮਸੇਫ ਇਕ ਜਾਣਕਾਰੀ

ਪੱਛੜੀਆਂ ਤੇ ਘੱਟ ਗਿਣਤੀ ਸਮੂਦਾਵਾਂ ਲਈ ਬਣਾਈਆਂ ਯੋਜਨਾਵਾਂ, ਪ੍ਰੋਗਰਾਮ, ਪ੍ਰਾਜੈਕਟ ਅਤੇ ਬਜਟ ਪੂਰੀ ਤਰ੍ਹਾਂ ਅਤੇ ਵਫ਼ਾਦਾਰੀ ਨਾਲ ਲਾਗੂ ਕਰਾਉਣੇ। ਇਸ ਲਈ ਕਾਰਜ-ਕਰਤਾਵਾਂ ਨੂੰ ਉਹਨਾਂ ਨਿਯਮਾਂ, ਰੈਗੂਲੇਸਨਜ਼ ਅਤੇ ਕਾਨੂੰਨਾਂ ਦੀ ਪੂਰੀ ਜਾਣਕਾਰੀ ਹੋਣੀ ਚਾਹੀਦੀ ਹੈ ਜੋ ਉਹਨਾਂ ਨੇ ਲਾਗੂ ਕਰਵਾਉਣੇ ਹਨ। ਇਸੇ ਤਰ੍ਹਾਂ ਲਾਗੂ ਕਰਾਉਣ ਵਾਲੀਆਂ ਯੋਜਨਾਵਾਂ, ਪ੍ਰੋਗਰਾਮ ਤੇ ਪ੍ਰਾਜੈਕਟ ਅਤੇ ਬਜਟ ਬਾਰੇ ਵੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਲਈ ਅਸੀਂ ਵੇਖ ਸਕਦੇ ਹਾਂ ਕਿ ਕਾਰਜ-ਕਰਤਾਵਾਂ ਨੂੰ ਬਾਮਸੇਫ ਦੇ ਮੰਤਵਾਂ ਦੀ ਪੂਰਤੀ ਦੇ ਘੇਰੇ ਵਿਚ ਆਏ ਹੋਰ ਬਹੁਤ ਸਾਰੇ ਤੱਤਾਂ ਬਾਰੇ ਸੰਪੂਰਨ ਤੇ ਕਾਫੀ ਜਾਣਕਾਰੀ ਹੋਣੀ ਚਾਹੀਦੀ ਹੈ। ਸਿਰਫ ਇਹੋ ਜਿਹੇ ਜਾਣਕਾਰੀ ਭਰਪੂਰ ਅਤੇ ਤਿਆਗ ਭਾਵਨਾ ਵਾਲੇ ਕਾਰਜ-ਕਰਤਾ ਹੀ ਬਾਮਸੇਫ ਦੇ ਢਾਂਚੇ ਨੂੰ ਚਲਾ ਸਕਦੇ ਹਨ ਅਤੇ ਮੰਤਵ ਦੀ ਪੂਰਤੀ ਤੱਕ ਲਿਜਾ ਸਕਦੇ ਹਨ। ਇਹੋ ਜਿਹੇ ਜਾਣਕਾਰੀ ਭਰਪੂਰ ਕਾਰਜ-ਕਰਤਾ ਹੀ ਬਾਮਸੇਫ ਦੇ ਕਿਸੇ ਸਬੰਧਤ ਭਾਗ ਵੱਲੋਂ ਕਿਸੇ ਅਧਿਕਾਰੀ ਤੱਕ ਪਹੁੰਚ ਕਰਨ ਵੇਲੇ ਲੋੜੀਂਦੇ ਪੱਧਰ ਤੇ ਆਪਣੇ ਆਪ ਵੱਲੋਂ ਨਿਰਣਾ ਲੈ ਸਕਣ ਦੇ ਕਾਬਲ ਹੋ ਸਕਦੇ ਹਨ। ਢਾਂਚੇ ਨੂੰ ਚਲਾਉਣ ਲਈ ਕਾਰਜ-ਕਰਤਾਵਾਂ ਨੂੰ ਹੋਰ ਸਬੰਧਤ ਤੇ ਵਿਸਥਾਰ ਪੂਰਵਕ ਜਾਣਕਾਰੀ ਕੇਡਰ ਕੈਂਪਾਂ ਰਾਹੀਂ ਦਿੱਤੀ ਜਾਂਦੀ ਹੈ ਜੋ ਕਿ ਵੱਖ ਵੱਖ ਕਿਸਮ ਦੇ ਕਾਰਜ-ਕਰਤਾਵਾਂ ਲਈ ਲਾਏ ਜਾਂਦੇ ਹਨ।

### VII. ਬਾਮਸੇਫ ਨੂੰ ਜ਼ਰੂਰੀ ਤੌਰ ਤੇ ਧਰਮ ਨਿਰਪੱਖ, ਸੰਘਰਸ਼ ਰਹਿਤ ਅਤੇ ਗੈਰ-ਰਾਜਨੀਤਿਕ ਰਹਿਣਾ ਚਾਹੀਦਾ ਹੈ।

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਬਾਮਸੇਫ ਦਲਿਤ ਤੇ ਸ਼ੋਸ਼ਿਤ ਵਰਗ ਦੇ ਉਹਨਾਂ ਪੜ੍ਹੇ-ਲਿਖੇ ਮੁਲਾਜ਼ਮਾਂ ਦੀ ਜਥੇਬੰਦੀ ਹੈ ਜੋ ਆਪਣੇ ਨਾਲ ਸਬੰਧਤ ਸਮਾਜ ਨੂੰ ਕੁਝ ਇਵਜ਼ਾਨਾ ਮੋੜਨਾ ਚਾਹੁੰਦੇ ਹਨ। ਇਹ ਪੜ੍ਹੇ ਲਿਖੇ ਮੁਲਾਜ਼ਮਾਂ ਦੀ ਜਮਾਤ ਹੁਣੇ ਜਿਹੇ ਹੀ ਹੋਂਦ ਵਿਚ ਆਈ ਹੈ ਅਤੇ ਇਹ ਸਾਰੇ ਸਰਕਾਰੀ ਨੌਕਰੀਆਂ ਦੇ ਫੰਦੇ ਵਿਚ ਫਸੇ ਹੋਏ ਹਨ। ਇਹਨਾਂ ਮੁਲਾਜ਼ਮਾਂ ਕੋਲ ਆਪਣੇ ਕਿੱਤੇ, ਸਿੱਖਿਆ, ਵਿੱਦਿਆ, ਤਜਰਬਾ ਅਤੇ ਉਪਲਬਧ ਹੁਨਰ ਕਾਰਨ ਆਪਣੇ ਵਰਗ ਦੀ ਸੇਵਾ ਕਰਨ ਦੇ ਬਹੁਤ ਮੌਕੇ ਹਨ। ਪ੍ਰੰਤੂ ਦੂਜੇ ਪਾਸੇ ਉਹਨਾਂ ਦੀਆਂ ਕੋਸ਼ਿਸ਼ਾਂ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਦਾਇਰੇ ਵਿਚ ਕੈਦ ਕਰ ਦਿ-ਤੀਆਂ ਹਨ। ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੀਆਂ ਹੱਦ ਬੰਦੀਆਂ ਕਾਰਨ ਉਹ ਕੋਈ ਸੰਘਰਸ਼ ਨਹੀਂ ਕਰ ਸਕਦੇ ਕਿਉਂਕਿ ਉਹਨਾਂ ਨੂੰ ਗ੍ਰਿਫਤਾਰ ਕਰ ਕੇ 48 ਘੰਟਿਆਂ ਤੋਂ ਵੱਧ ਕੈਦ ਵਿਚ ਰੱਖਿਆ ਜਾ ਸਕਦਾ ਹੈ। ਸੰਘਰਸ਼ਸ਼ੀਲਤਾ ਦੇ ਨਾਲ ਨਾਲ ਉਹ ਕਿਸੇ ਰਾਜਨੀਤਿਕ ਸਰਗਰਮੀ ਵਿਚ ਵੀ ਹਿੱਸਾ ਨਹੀਂ ਲੈ ਸਕਦੇ। ਇਸ ਲਈ ਸਾਡੇ ਵਾਸਤੇ ਇਹ ਅਤੀ ਜ਼ਰੂਰੀ ਹੈ ਕਿ ਬਾਮਸੇਫ ਦੀਆਂ ਗਤੀਵਿਧੀਆਂ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੀ ਹੱਦਾਂ ਦੀ ਚਾਰਦੀਵਾਰੀ ਦੇ ਘੇਰੇ ਵਿਚ ਹੀ ਸੀਮਤ ਰੱਖੀਆਂ ਜਾਣ। ਇਸ ਤਰ੍ਹਾਂ ਬਾਮਸੇਫ ਦਾ ਸੁਭਾਅ ਸੰਘਰਸ਼ ਰਹਿਤ ਅਤੇ ਗੈਰ ਰਾਜਨੀ-ਤਿਕ ਰਹਿਣਾ ਚਾਹੀਦਾ ਹੈ।

ਬਾਮਸੇਫ ਦਾ ਨਾਮਕਰਨ ਇਹ ਦੱਸਦਾ ਹੈ ਕਿ ਇਸ ਵਿਚ ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ, ਧਾਰਮਿਕ ਘੱਟ ਗਿਣਤੀ ਸਮੂਦਾਵਾਂ ਸ਼ਾਮਲ ਹਨ। ਇਸ ਲਈ ਇਸ ਨੂੰ ਬਾਹਰਲੀ ਦਿੱਖ ਅਤੇ ਕਾਰਜ ਵੱਲੋਂ ਧਰਮ ਨਿਰਪੱਖ ਰਹਿਣਾ ਚਾਹੀਦਾ ਹੈ। ਪ੍ਰੰਤੂ ਇਸਦਾ ਭਾਵ ਇਹ ਨਹੀਂ ਕਿ ਬਾਮਸੇਫ ਦੇ ਮੈਂਬਰ ਜਾਂ ਕਾਰਜਕਰਤਾ ਨੂੰ ਕਿਸੇ ਧਰਮ ਵਿਚ ਯਕੀਨ ਕਰਨਾ ਜਾਂ ਮੰਨਣਾ ਨਹੀਂ ਚਾਹੀਦਾ। ਅਸਲ ਵਿਚ ਬਾਮਸੇਫ ਦੇ ਮੈਂਬਰ ਆਪਣੀ ਮਰਜ਼ੀ ਅਨੁਸਾਰ ਚਾਹੇ ਜਨਮ ਪੱਖੋਂ ਜਾਂ ਨਿੱਜੀ ਚੋਣ ਕਰਕੇ ਕੋਈ ਵੀ ਧਰਮ ਅਪਣਾ ਸਕਦੇ ਹਨ। ਇਹੀ ਨਹੀਂ ਉਹ ਆਪਣੀ ਮਰਜ਼ੀ ਅਨੁਸਾਰ ਕਿਸੇ ਵੀ ਧਾਰਮਿਕ ਸੰਸਥਾ ਦੇ ਸਰਗਰਮ ਕਾਰਜ-ਕਰਤਾ ਵੀ ਬਣ ਸਕਦੇ ਹਨ। ਉਹਨਾਂ ਦਾ ਧਾਰਮਿਕ ਵਿਸ਼ਵਾਸ ਅਤੇ ਨਿਸ਼ਠਾ ਸੰਗਠਨ ਦੇ ਕਿਸੇ ਦੂਜੇ ਮੈਂਬਰ ਤੇ ਨਹੀਂ ਠੋਸੀ ਜਾਣੀ ਚਾਹੀਦੀ। ਬਾਮਸੇਫ ਦੇ ਮੈਂ-ਬਰਾਂ ਦੀ ਇਸ ਧਾਰਮਿਕ ਆਜ਼ਾਦੀ ਦਾ ਇਹ ਮਤਲਬ ਨਹੀਂ ਕਿ ਉਹ ਬ੍ਰਾਹਮਣਵਾਦ ਜੋ ਕਿ ਗੈਰ ਬਰਾਬਰੀ ਭਾਵਨਾ ਦੀ ਜੜ੍ਹ ਹੈ, ਤੋਂ ਪ੍ਰਭਾਵਿਤ ਹੋਣ ਜਾਂ ਦੂਜਿਆਂ ਨੂੰ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰਨ। ਅਸਲ ਵਿਚ ਤਾਂ ਬਾਮਸੇਫ ਦੇ ਸਾਰੇ ਮੈਂਬਰਾਂ ਨੂੰ ਗੈਰ ਬਰਾਬਰੀ ਭਾਵਨਾ ਵਾਲੇ ਬ੍ਰਾਹਮਣਵਾਦ ਨੂੰ ਜੜ੍ਹੋਂ ਪੁੱਟਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਇਸ ਤਰ੍ਹਾਂ ਇਹ ਸਭ ਨੂੰ ਸਪਸ਼ਟ ਹੋ ਜਾਣਾ ਚਾਹੀਦਾ ਹੈ ਕਿ ਬਾਮਸੇਫ ਨੂੰ ਨੀਤੀ ਨਿਰਦੇਸ਼ਕ ਕਾਰਨਾਂ ਕਰਕੇ ਗੈਰ ਧਾਰਮਿਕ ਰਹਿਣਾ ਚਾਹੀਦਾ ਹੈ ਅਤੇ ਕਾਨੂੰਨੀ ਕਾਰਨਾਂ ਕਰਕੇ ਸੰਘਰਸ਼ ਰਹਿਤ ਅਤੇ ਗੈਰ ਰਾਜਨੀਤਿਕ ਰਹਿਣਾ ਚਾਹੀਦਾ ਹੈ।

### VIII. ਬਾਮਸੇਫ ਪ੍ਰੇਰਨਾ:

ਪਿਛਲੇ ਅਧਿਆਏ ਵਿਚ ਅਸੀਂ ਵੇਖਿਆ ਕਿ ਬਾਮਸੇਫ ਨੂੰ ਸੁਭਾਅ ਤੇ ਕਾਰਜ ਪੱਖੋਂ ਧਰਮ ਨਿਰਪੱਖ, ਸੰਘਰਸ਼ ਰਹਿਤ ਅਤੇ ਗੈਰ ਰਾਜਨੀਤਿਕ ਰਹਿਣਾ ਚਾਹੀਦਾ ਹੈ। ਇਸ ਦਾ ਮਤਲਬ ਇਹ ਹੋਇਆ ਕਿ ਇਸ ਨੂੰ ਸਮਾਜਿਕ ਉਨਤੀ ਲਈ ਚੰਗੀ ਤਰ੍ਹਾਂ ਵਰਤਿਆ ਜਾ ਸਕਦਾ ਹੈ। ਬਾਮਸੇਫ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਜੀਵਨ ਤੇ ਮਿਸ਼ਨ ਤੋਂ ਉਤਸ਼ਾਹ ਪ੍ਰਾਪਤ ਕਰਦੀ ਹੈ। ਪ੍ਰੰਤੂ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੇ ਸਾਨੂੰ ਦੱਸਿਆ ਹੈ ਕਿ ਸਮੁੱਚੀ ਸਮਾਜਿਕ ਉਨਤੀ ਦੀ ਕੁੰਜੀ ਰਾਜਨੀਤਿਕ ਤਾਕਤ ਵਿਚ ਹੈ। ਇਹ ਆਮ ਜਾਣੀ ਜਾ ਸਕਣ ਵਾਲੀ ਗੱਲ ਵੀ ਹੈ ਕਿ ਕਿਸੇ ਕਾਮਯਾਬੀ ਖਾਸ ਕਰਕੇ ਰਾਜਨੀਤਿਕ ਕਾਮਯਾਬੀ ਲਈ ਸੰਘਰਸ਼ਤਮਕ ਘੋਲ ਬੜਾ ਜ਼ਰੂਰੀ ਹੈ। ਇਸ ਲਈ ਬਾਬਾ ਸਾਹਿਬ ਵੱਲੋਂ ਦਿੱਤੇ ਇਸ਼ਾਰੇ ਅਨੁਸਾਰ ਦਲਿਤ ਤੇ ਸ਼ੋਸ਼ਿਤ ਸਮਾਜ ਦੇ ਲੋਕਾਂ ਨੂੰ ਸਮਾਜਿਕ ਉਨਤੀ ਲਈ ਵੀ ਆਪਣੇ ਆਪ ਨੂੰ ਸੰਘਰਸ਼ ਲਈ ਤਿਆਰ ਕਰਨਾ ਚਾਹੀਦਾ ਹੈ। ਦੂਜੇ ਪਾਸੇ ਅਸੀਂ ਇਹ ਵੀ ਚੰਗੀ ਤਰ੍ਹਾਂ ਜਾਣਦੇ ਹਾਂ ਕਿ ਬਾਮਸੇਫ ਜੋ ਪੜ੍ਹੇ-ਲਿਖੇ ਮੁਲਾਜ਼ਮਾਂ ਦੀ ਜਥੇਬੰਦੀ ਹੈ, ਉਸਨੂੰ ਸੰਘਰਸ਼ ਅਤੇ ਰਾਜਨੀਤਿਕ ਕਾਰਜ ਜਾਂ ਪਹੁੰਚ ਤੋਂ ਕਾਨੂੰਨੀ ਤੌਰ 'ਤੇ ਮਨਾਹੀ ਹੈ।

ਫਿਰ ਇਸ ਦਾ ਹੱਲ ਕੀ ਹੈ? ਇਸ ਦਾ ਹੱਲ ਇਸ ਅਸਲੀਅਤ ਤੋਂ ਸਹਿਜੇ ਹੀ ਕੱਢਿਆ ਜਾ ਸਕਦਾ ਹੈ ਕਿ ਦਲਿਤ ਤੇ ਸ਼ੋਸ਼ਿਤ ਵਰਗ ਦੇ ਪੜ੍ਹੇ-ਲਿਖੇ ਮੁਲਾਜ਼ਮ ਆਪਣੀ ਕੁੱਲ ਗਿਣਤੀ ਦਾ 1.5 ਫੀਸਦੀ ਹਨ। ਇਸ ਲਈ ਇਹ ਪੜ੍ਹੇ ਲਿਖੇ ਮੁਲਾਜ਼ਮ ਆਸਾਨੀ ਨਾਲ ਆਪ ਸੰਘਰਸ਼ ਅਤੇ ਰਾਜਨੀਤੀ ਤੇ ਖੇਤਰ ਨੂੰ ਛੱਡ ਕੇ ਇਹ ਕੰਮ ਆਪਣੇ ਸਮਾਜ ਦੇ ਦੂਜੇ 98.5 ਫੀਸਦੀ ਹਿੱਸੇ ਲਈ ਛੱਡ ਸਕਦੇ ਹਨ। ਹੁਣ ਤੱਕ ਦਲਿਤ ਅਤੇ ਸ਼ੋਸ਼ਿਤ ਵਰਗ ਦੇ ਆਗੂਆਂ ਨਾਲ ਸੰਘਰਸ਼ ਅਤੇ ਰਾਜਨੀਤੀ ਦੇ ਖੇਤਰ ਵਿਚ ਕਾਮਯਾਬੀ ਅੱਖ ਮਿਚੋਲੀ ਖੇਡਦੀ ਰਹੀ ਹੈ। ਦਲਿਤ ਅਤੇ ਸ਼ੋਸ਼ਿਤ ਵਰਗ ਦੇ ਆਗੂ ਆਪਣੇ ਆਪ ਨੂੰ ਸੰਗਠਿਤ ਕਰਕੇ ਸਮਾਜ ਨੂੰ ਲਾਭ ਨਹੀਂ ਪਹੁੰਚਾ ਸਕੇ। ਇਸ ਲਈ ਉਹ ਸਵਰਨ ਹਿੰਦੂਆਂ ਦੀਆਂ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੀ ਅਗਵਾਈ ਹੇਠ ਉਹਨਾਂ ਦੀਆਂ ਕਠਪੁਤਲੀਆਂ ਬਣੇ ਰਹੇ।

ਸਮੁੱਚੇ ਹਾਲਾਤ ਦਾ ਡੂੰਘਾ ਵਿਸ਼ਲੇਸ਼ਣ ਇਹ ਦੱਸਦਾ ਹੈ ਕਿ ਜਿਸ ਵਰਗ ਦੀਆਂ ਗੈਰ ਰਾਜਨੀਤਿਕ ਜੜ੍ਹਾਂ ਮਜ਼ਬੂਤ ਹਨ, ਸਿਰਫ ਉਹ ਹੀ ਸੰਘਰਸ਼ ਅਤੇ ਰਾਜਨੀਤੀ ਵਿਚ ਸਫਲ ਹੁੰਦਾ ਹੈ। ਬਦਕਿਸਮਤੀ ਨਾਲ ਸ਼ਾਇਦ ਦਲਿਤ ਅਤੇ ਸ਼ੋਸ਼ਿਤ ਵਰਗ ਦੇ ਲੀਡਰ ਜੀਵਨ ਦੀ ਇਸ ਠੋਸ ਸਚਾਈ ਤੋਂ ਨਾਵਾਕਫ਼ ਹਨ। ਇਹੀ ਕਾਰਨ ਹੈ ਕਿ ਉਹਨਾਂ ਨੇ ਦਲਿਤ ਸ਼ੋਸ਼ਿਤ ਸਮਾਜ, ਜਿਸ ਨਾਲ ਉਹ ਸਬੰਧਤ ਹਨ ਅਤੇ ਜਿਸਦੀ ਉਨ੍ਹਾਂ ਨੂੰ ਅਗਵਾਈ ਕਰਨੀ ਚਾਹੀਦੀ ਸੀ, ਉਸ ਦੀਆਂ ਗੈਰ-ਸਿਆਸੀ ਜੜ੍ਹਾਂ ਮਜਬੂਤ ਕਰਨ ਲਈ ਕੋਸ਼ਿਸ਼ ਨਹੀਂ ਕੀਤੀ। ਇਸ ਲਈ ਜਾਂ ਤਾਂ ਉਹ ਆਪਣੀ ਅਗਿਆਨਤਾ ਕਰਕੇ ਜਾਂ ਫਿਰ ਆਪਣੇ ਸਮਾਜ ਦੀਆਂ ਗੈਰ ਰਾਜਨੀਤਿਕ ਜੜ੍ਹਾਂ ਮਜ਼ਬੂਤ ਕਰਨਾ ਇਕ ਔਖਾ ਕੰਮ ਸਮਝ ਕੇ, ਉਹ ਆਸਾਨ ਚੋਣ ਕਰਕੇ ਸਵਰਨ ਹਿੰਦੂਆਂ ਰਾਹੀਂ ਚਲਾਈਆਂ ਗਈਆਂ ਪਾਰਟੀਆਂ ਵਿਚ ਕਠਪੁਤਲੀਆਂ ਬਣ ਗਏ।

ਇਸ ਕਰਕੇ ਅਸੀਂ ਬਾਮਸੇਫ ਨੂੰ ਦਲਿਤ ਅਤੇ ਸ਼ੋਸ਼ਿਤ ਸਮਾਜ ਲਈ ਲਾਭਦਾਇਕ ਮੰਨਦੇ ਹਾਂ। ਆਪਣੇ ਵੱਖ-ਵੱਖ ਅੰਗਾਂ ਰਾਹੀਂ ਪੂਰੀ ਕਾਰਜ ਵਿਧੀ ਨਾਲ ਬਾਮਸੇਫ ਉਸ ਦੇ ਆਪਣੇ ਸਬੰਧਤ ਦਲਿਤ ਅਤੇ ਸ਼ੋਸ਼ਿਤ ਸਮਾਜ ਦੀਆਂ ਗੈਰ-ਰਾਜਨੀਤਿਕ ਜੜ੍ਹਾਂ ਮਜ਼ਬੂਤ ਕਰਨ ਲਈ ਬਹੁਤ ਵੱਡੀ ਸਹਾਇਤਾ ਕਰ ਸਕਦੀ ਹੈ। ਜੇ ਬਾਮਸੇਫ ਇਕ ਵਾਰੀ ਆਪਣੇ ਜੜ੍ਹਾਂ ਰਹਿਤ ਸਮਾਜ ਲਈ ਜੜ੍ਹਾਂ ਬਣਾਉਣ ਯੋਗ ਤੇ ਸਮਾਜ ਦੀ ਗੈਰ ਰਾਜਨੀਤਿਕ ਜੜ੍ਹਾਂ ਨੂੰ ਮਜ਼ਬੂਤ ਕਰਨ ਯੋਗ ਹੋ ਜਾਵੇ ਤਾਂ ਫਿਰ ਰਾਜਨੀਤਿਕ ਅਤੇ ਸੰਘਰਸ਼ਾਤਮਕ ਕਾਮਯਾਬੀ ਕੁਦਰਤੀ ਪਰਿਣਾਮ ਹੋ ਜਾਵੇਗਾ। ਗੈਰ ਰਾਜਨੀਤਿਕ ਜੜ੍ਹਾਂ ਮਜ਼ਬੂਤ ਕਰਨ ਵਿਚ ਪ੍ਰਾਪਤ ਕਾਮਯਾਬੀ ਦਲਿਤ ਅਤੇ ਸ਼ੋਸ਼ਿਤ ਵਰਗ ਵਿਚ ਉਤਸ਼ਾਹ ਦੀ ਇਕ ਲਹਿਰ ਪੈਦਾ ਕਰ ਦੇਵੇਗੀ। ਇਸ ਤਰ੍ਹਾਂ ਦਲਿਤ ਅਤੇ ਸ਼ੋਸ਼ਿਤ ਸਮਾਜ ਦੀ 98.5 ਫੀਸਦੀ ਵਸੋਂ ਬਾਮਸੇਫ ਤੋਂ ਉਤਸ਼ਾਹ ਲੈ ਕੇ ਆਪਣੇ ਆਪ ਨੂੰ ਸੰਘਰਸ਼ ਅਤੇ ਰਾਜਨੀਤਿਕ ਮਤਲਬ ਲਈ ਸੰਗਠਿਤ ਕਰ ਸਕਦੀ ਹੈ।

ਸਾਡਾ ਇਹ ਖਿਆਲੀ ਅਨੁਮਾਨ ਕਿਸੇ ਹੱਦ ਤੱਕ ਅੱਜ ਪ੍ਰਗਟ ਵੀ ਹੈ। ਬਾਮਸੇਫ ਦੀਆਂ ਗਤੀਵਿਧੀਆਂ ਨਾਲ ਇਹ ਸਾਡੇ ਸਾਰਿਆਂ ਲਈ ਹੋਰ ਵੀ ਸਪਸ਼ਟ ਹੁੰਦਾ ਜਾਵੇਗਾ। ਅਸਲ ਵਿਚ ਜੱਦੋ-ਜਹਿਦ ਲਈ ਕਾਰਜ ਪਹਿਲਾਂ ਹੀ ਆਰੰਭ ਕੀਤਾ ਜਾ ਚੁੱਕਾ ਹੈ। ਦਲਿਤ ਅਤੇ ਸ਼ੋਸ਼ਿਤ ਸਮਾਜ ਲਈ ਕਾਮਯਾਬੀ ਭਰਪੂਰ ਜੱਦੋ ਜਹਿਦ ਦਾ ਆਰੰਭ ਸੰਗਠਨ ਦੇ ਤੌਰ ਤੇ ਕਿਸੇ ਵੇਲੇ ਵੀ ਉਭਰ ਸਕਦਾ ਹੈ। ਅਸਲੀਅਤ ਇਹ ਹੈ ਕਿ ਬਾਮਸੇਫ ਦੀ ਪ੍ਰੇਰਨਾ ਨਾਲ ਸੰਗਠਨ ਦੇ ਕੁਝ ਇਹੋ ਜਿਹੇ ਅੰਗ ਪਹਿਲਾਂ ਹੀ ਵਿਕਸਤ ਕੀਤੇ ਜਾ ਚੁੱਕੇ ਹਨ। ਦਲਿਤ ਅਤੇ ਸ਼ੋਸ਼ਿਤ ਵਰਗ ਦੇ ਉਤਸ਼ਾਹਿਤ ਲੋਕ ਜੋ ਕਿ ਸਰਕਾਰੀ ਕਰਮਚਾਰੀ ਨਾ ਹੋਣ ਕਰਕੇ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਘੇਰੇ ਵਿਚ ਨਹੀਂ ਆਉਂਦੇ, ਬਾਮਸੇਫ ਤੋਂ ਪ੍ਰੇਰਨਾ ਲੈ ਕੇ ਆਪ ਸੰਗਠਿਤ ਹੋਣ ਦਾ ਪਹਿਲਾਂ ਹੀ ਪੱਕਾ ਵਿਚਾਰ ਬਣਾ ਚੁੱਕੇ ਹਨ। ਜੱਦੋ-ਜਹਿਦ ਚਲਾਉਣ ਵਾਲੇ ਕੁਝ ਅੰਗਾਂ ਦੀ ਭੂਮਿਕਾ ਤੇ ਚਰਿੱਤਰ ਦਾ ਸੰਖੇਪ ਵਿਚ ਵਰਣਨ ਹੇਠਾਂ ਦਿੱਤਾ ਜਾਂਦਾ ਹੈ।

ਸੰਗਠਨ ਦੇ ਸਮਾਜਿਕ ਸੰਘਰਸ਼ ਲਈ ਬਣਾਏ ਗਏ 10 ਅੰਗਾਂ ਦੀ ਜਿਹਨਾਂ ਦਾ ਹਾਲੇ ਨਾਂ ਨਹੀਂ ਰੱਖਿਆ ਗਿਆ ਹੇਠਾਂ ਸੂਚੀ ਦਿੱਤੀ ਜਾਂਦੀ ਹੈ;

(1) ਜਾਗਰਿਤੀ ਜਥੇ
(2) ਬਾਮਸੇਫ ਸਹਿਕਾਰਤਾ
(3) ਸਮਾਚਾਰ ਸੇਵਾ ਤੇ ਪ੍ਰਕਾਸ਼ਨ
(4) ਸੰਸਦੀ ਸੰਪਰਕ ਭਾਗ
(5) ਕਾਨੂੰਨੀ ਸਹਾਇਤਾ ਅਤੇ ਸਲਾਹ
(6) ਵਿਦਿਆਰਥੀ
(7) ਨੌਜਵਾਨ
(8) ਇਸਤਰੀਆਂ
(9) ਸਨਅਤੀ ਕਾਮੇ
(10) ਖੇਤੀ ਮਜ਼ਦੂਰ

ਸਮਾਜਿਕ ਸੰਘਰਸ਼ ਲਈ ਬਣਾਏ ਇਹਨਾਂ 10 ਅੰਗਾਂ ਦੀ ਹੇਠਾਂ ਸੰਖੇਪ ਜਾਣਕਾਰੀ ਦਿੱਤੀ ਜਾਂਦੀ ਹੈ।

**(1) ਜਾਗ੍ਰਿਤੀ ਜਥੇ:**

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਪ੍ਰਚੱਲਿਤ ਬ੍ਰਾਹਮਣਵਾਦ ਢਾਂਚੇ ਤੋਂ ਪੀੜਤ ਹਨ। ਇਹ ਪੀੜਤ ਸਦੀਆਂ ਤੋਂ ਇਸੇ ਬਦਨਾਮ ਸਮਾਜਿਕ ਢਾਂਚੇ ਦੇ ਦਬਾਅ ਅਤੇ ਅਸਰ ਥੱਲੇ ਦੁੱਖ ਸਹਿ ਰਹੇ ਹਨ। ਸਦੀਆਂ ਲੰਬੀਆਂ ਔਕੜਾਂ ਦੀ ਝਾਲ ਨੇ ਉਹਨਾਂ ਵਿਚ ਮਾਨਸਿਕ ਗੁਲਾਮੀ ਭਰ ਦਿੱਤੀ ਹੈ। ਜੇ ਇਹਨਾਂ ਪੀੜਤ ਲੋਕਾਂ ਨੂੰ ਸਮਾਜਿਕ ਸੰਘਰਸ਼ ਅਤੇ ਸਮਾਜਿਕ ਤਬਦੀਲੀ ਲਈ ਤਿਆਰ ਕਰਨਾ ਹੈ ਤਾਂ ਇਹ ਜ਼ਰੂਰੀ ਹੈ ਕਿ ਇਹਨਾਂ ਨੂੰ ਜੁੱਗਾਂ ਪੁਰਾਣੀ ਗੁਲਾਮੀ ਤੋਂ ਛੁਟਕਾਰਾ ਦਿਵਾਇਆ ਜਾਵੇ। ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੇ ਠੀਕ ਕਿਹਾ ਸੀ ਕਿ ਜੇ ਇਕ ਗੁਲਾਮ ਨੂੰ ਦੱਸਿਆ ਜਾਵੇ ਕਿ ਉਹ ਗੁਲਾਮ ਹੈ ਤਾਂ ਉਹ ਇਸ ਪ੍ਰਤੀ ਬਗਾਵਤ ਕਰ ਉਠੇਗਾ।

ਜਾਗ੍ਰਿਤੀ ਜਥੇ ਇਹੀ ਕੁਝ ਕਰਨ ਲਈ ਤਿਆਰ ਕੀਤੇ ਗਏ ਹਨ। ਜਾਗ੍ਰਿਤੀ ਜਥੇ ਦਾ ਕੰਮ ਦਲਿਤ ਲੋਕਾਂ ਲਈ ਮਨੋਰੰਜਨ ਕਰਨ ਦੇ ਨਾਲ ਨਾਲ ਸਿੱਖਿਆ ਦੇਣੀ ਅਤੇ ਉਹਨਾਂ ਨੂੰ ਜਾਗਰਿਤ ਕਰਨਾ ਹੋਵੇਗਾ। ਇਸ ਦਿਸ਼ਾ ਵੱਲ ਦਲਿਤ ਅਤੇ ਸ਼ੋਸ਼ਿਤ ਸਮਾਜ ਲਈ ਵਿੱਦਿਆ, ਜਾਗਰਿਤੀ, ਗਿਆਨ-ਰੋਸ਼ਨੀ, ਜੋਸ਼ ਜਗਾਉਣ ਆਦਿਕ ਲਈ ਸਾਰੇ ਉਪਲਬਧ ਸਾਧਨਾਂ ਨੂੰ ਰਿਕਾਰਡ ਕਰਕੇ ਉਸ ਦੀ ਵਰਤੋਂ ਤੋਂ ਲਾਭ ਉਠਾਇਆ ਜਾਵੇਗਾ।

**(2) ਬਾਮਸੇਫ ਸਹਿਕਾਰਤਾ:**

ਅਨੁਸੂਚਿਤ ਜਾਤੀਆਂ, ਅਨੁਸੂਚਿਤ ਕਬੀਲੇ, ਦੂਜੀਆਂ ਪੱਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਸਮੂਦਾਵਾਂ ਦੇ ਲੋਕ ਸਭ ਤੋਂ ਵੱਧ ਸੰਪਤੀ ਰਹਿਤ ਲੋਕ ਹਨ। ਭਾਰਤ ਦੀ ਸਭ ਤੋਂ ਹੇਠਲੀ ਆਰਥਿਕ ਪੱਧਰ ਦੀ 20 ਫੀਸਦੀ ਵਸੋਂ ਦੀ ਕੁੱਲ ਪੂੰਜੀ ਇਕੱਲੇ ਬਿਰਲੇ ਦੀ ਪੂੰਜੀ ਤੋਂ ਵੀ ਘੱਟ ਹੈ। ਅੰਗਰੇਜ਼ਾਂ ਦੇ ਭਾਰਤ ਛੱਡਣ ਤੋਂ ਬਾਅਦ ਅਮੀਰ ਤੇ ਗਰੀਬ ਵਿਚ ਇਹ ਪਾੜਾ ਲਗਾਤਾਰ ਵੱਧ ਰਿਹਾ ਹੈ ਅਤੇ ਤਾਕਤ ਬ੍ਰਾਹਮਣ, ਬਾਣੀਆਂ ਅਤੇ ਵੱਡੇ ਜ਼ਿਮੀਦਾਰ ਦੀ ਤਿੱਕੜੀ ਦੇ ਹੱਥ ਵਿਚ ਇਕੱਠੀ ਹੁੰਦੀ ਜਾ ਰਹੀ ਹੈ। ਬਦਕਿਸਮਤੀ ਨਾਲ ਇਹ ਅਮੀਰ ਅਤੇ ਗਰੀਬ ਵਿਚ ਪਾੜਾ ਅੱਜ ਵੀ ਬੜੀ ਤੇਜ਼ੀ ਨਾਲ ਵਧਦਾ ਜਾ ਰਿਹਾ ਹੈ ਅਤੇ ਭਵਿੱਖ ਵਿਚ ਵੀ ਇਸ ਦੇ ਰੁਕਣ ਦੀ ਬਹੁਤ ਘੱਟ ਆਸ ਹੈ। ਇਹ ਅਸਮਾਨਤਾ ਪ੍ਰਚੱਲਿਤ ਲੋਕਰਾਜੀ ਢਾਂਚੇ ਵਿਚ ਹੋਰ ਵੀ ਵੱਧ ਖਤਰਨਾਕ ਹੈ, ਜਿੱਥੇ ਅਮੀਰ ਦਾ ਪੈਸਾ ਚਲਾਕੀ ਨਾਲ ਗਰੀਬ ਦੀ ਵੋਟ ਖਰੀਦਦਾ ਹੈ।

ਜੇ ਭਾਰਤ ਦੇ ਦਲਿਤ ਤੇ ਸ਼ੋਸ਼ਿਤ ਵਰਗ ਆਪਣੀ ਲੁੱਟ-ਖਸੁੱਟ ਦਾ ਖਾਤਮਾ ਕਰਨਾ ਚਾਹੁੰਦੇ ਹਨ ਤਾਂ ਉਹਨਾਂ ਨੂੰ ਆਪਣੀ ਆਰਥਿਕਤਾ ਉਸਾਰਨੀ ਪਵੇਗੀ। ਆਪਣੀ ਆਰਥਿਕਤਾ ਆਪ ਉਸਾਰਨ ਦਾ ਕੰਮ ਬਹੁਤ ਔਖਾ ਹੈ। ਪਰ ਇਸ ਤੱਥ ਨੂੰ ਵੇਖਦਿਆਂ ਕਿ ਇਹ 85 ਫੀਸਦੀ ਦਲਿਤ ਤੇ ਸ਼ੋਸ਼ਿਤ ਭਾਰਤੀ ਇਕ ਬਹੁਤ ਵੱਡੇ ਉਪਭੋਗ-ਕਰਤਾ ਹਨ, ਆਸ ਦੀ ਝਲਕ ਨਜ਼ਰ ਪੈਂਦੀ ਹੈ। ਜੋ ਕੁਝ ਉਹ ਕਮਾਉਂਦੇ ਹਨ ਉਹ ਬਿਨਾਂ ਕੁਝ ਪੂੰਜੀ ਬਚਾਏ ਸਾਰਾ ਹੀ ਖਰਚ ਕਰ ਦਿੰਦੇ ਹਨ। ਸਿਰਫ ਇਸ ਉਪਭੋਗ ਅਤੇ ਬਚਤ ਰਹਿਤ ਪੂੰਜੀ ਦੇ ਆਧਾਰ ਤੇ ਉਹ ਆਪਣੀ ਆਰਥਿਕਤਾ ਦੀ ਉਸਾਰੀ ਕਰ ਸਕਦੇ ਹਨ। ਬਾਮਸੇਫ ਸਹਿਕਾਰਤਾ ਇਹੀ ਕੁਝ ਕਰਨ ਲਈ ਬਣਾਈ ਗਈ ਹੈ।

**(3) ਸਮਾਚਾਰ ਸੇਵਾ ਅਤੇ ਪ੍ਰਕਾਸ਼ਨ :**

ਤਾਕਤ ਦੇ ਹੋਰ ਸਾਧਨਾਂ ਦੀ ਤਰ੍ਹਾਂ ਸਮਾਚਾਰ ਸੇਵਾ ਵੀ ਸਵਰਨ ਹਿੰਦੂ ਖਾਸ ਕਰਕੇ ਬ੍ਰਾਹਮਣ ਤੇ ਬਾਣੀਏ ਦੇ ਹੱਥ ਵਿਚ ਹੈ। ਉਹ ਸਮਾਚਾਰ ਸੇਵਾ ਦੀ ਤਾਕਤ ਨੂੰ ਪੱਛੜੇ ਅਤੇ ਘੱਟ ਗਿਣਤੀ ਵਰਗ ਨੂੰ ਦਬਾਉਣ ਅਤੇ ਪ੍ਰਚੱਲਿਤ ਸਮਾਜਿਕ ਢਾਂਚੇ ਨੂੰ ਕਾਇਮ ਰੱਖਣ ਲਈ ਵਰਤ ਰਹੇ ਹਨ। ਅਸੀਂ ਵੇਖਿਆ ਹੈ ਕਿ ਭੂਤਕਾਲ ਵਿਚ ਦਲਿਤ ਸ਼ੋਸ਼ਿਤ ਭਾਰਤੀਆਂ ਦੀ ਆਜ਼ਾਦੀ ਦੀ ਲਹਿਰ ਦੀਆਂ ਖ਼ਬਰਾਂ ਨੂੰ ਇਸ ਬ੍ਰਾਹਮਣ-ਬਾਣੀਆਂ ਸਮਾਚਾਰ ਸੇਵਾ ਨੇ ਬਿਲਕੁਲ ਲੁਪਤ ਰੱਖਿਆ।

ਸਿਰਫ ਇਹੀ ਨਹੀਂ ਜਦੋਂ ਸਾਡੀ ਜੱਦੋ ਜਹਿਦ ਵਧਦੀ ਹੈ ਤਾਂ ਇਹ ਬ੍ਰਾਹਮਣ ਬਾਣੀਆ ਸਮਾਚਾਰ ਸੇਵਾ ਬਲੈਕ-ਮੇਲ ਵੀ ਕਰ ਸਕਦੀ ਹੈ। ਇਸ ਲਈ ਆਪਣੇ ਵਿਚਾਰ ਦੱਸਣ ਲਈ ਆਪਣੇ ਮਿਸ਼ਨ ਨੂੰ ਵਧਾਉਣ ਲਈ ਬ੍ਰਾਹਮਣ-ਬਾਣੀਆ ਸਮਾਚਾਰ ਸੇਵਾ ਵੱਲੋਂ ਕੀਤੀ ਜਾਣ ਵਾਲੀ ਬਲੈਕਮੇਲ ਅਤੇ ਬਲੈਕਆਊਟ ਵਿਰੁੱਧ ਸੰਘਰਸ਼ ਕਰਕੇ ਇਸਨੂੰ ਖਤਮ ਕਰਨ ਲਈ ਇਹ ਬਹੁਤ ਹੀ ਜ਼ਰੂਰੀ ਹੈ ਕਿ ਦਲਿਤ ਅਤੇ ਸ਼ੋਸ਼ਿਤ ਭਾਰਤੀ ਆਪਣੀ ਸਮਾਚਾਰ ਸੇਵਾ ਦੀ ਤਾਕਤ ਆਪ ਪੈਦਾ ਕਰਨ। ਸਮਾਚਾਰ ਸੇਵਾ ਅਤੇ ਪ੍ਰਕਾਸ਼ਨ ਵਿਭਾਗ ਇਹੀ ਕੁਝ ਕਰਨ ਲਈ ਤਿਆਰ ਕੀਤਾ ਗਿਆ ਹੈ। ਪਿਛਲੇ ਇਕ ਸਾਲ ਵਿਚ ਇਸਨੇ ਕੁਝ ਉਨਤੀ ਕੀਤੀ ਹੈ ਅਤੇ ਆਉਣ ਵਾਲੇ 10 ਸਾਲਾਂ ਵਿਚ ਇਹ ਪੂਰਨ ਰੂਪ ਵਿਚ ਵਿਕਸਿਤ ਹੋ ਜਾਵੇਗਾ।

**(4) ਸੰਸਦੀ ਸੰਪਰਕ ਭਾਗ :**

ਜਦੋਂ ਅਸੀਂ ਅੱਜ ਦੇ ਸੰਸਦੀ ਢਾਂਚੇ ਵਿਚ ਵਿਸ਼ਵਾਸ ਰੱਖਣ ਦਾ ਫੈਸਲਾ ਕਰ ਹੀ ਲਿਆ ਹੈ ਤਾਂ ਇਹ ਜ਼ਰੂਰੀ ਹੈ ਕਿ ਪਾਰਲੀਮੈਂਟ ਅਤੇ ਰਾਜਕੀ ਲੈਜਿਸਲੇਟਰ ਵਿਚ ਸਾਡੇ ਆਪਣੇ ਸੰਸਦੀ ਮੈਂਬਰ ਅਤੇ ਰਾਜਾਂ ਦੀ ਲੈਜਿਸਲੇਟਰ ਅਸੈਂਬਲੀਆਂ ਦੇ ਮੈਂਬਰ ਹੋਣ। ਕਿਉਂਕਿ ਇਹ ਹਾਲੇ ਕੁਝ ਔਖਾ ਜਾਪਦਾ ਹੈ, ਇਸ ਲਈ ਦਲਿਤ ਸ਼ੋਸ਼ਿਤ ਭਾਰਤੀਆਂ ਨੂੰ ਵਰਤਮਾਨ ਸੰਸਦੀ ਮੈਂਬਰਾਂ ਅਤੇ ਰਾਜਾਂ ਦੀ ਲੈਜਿਸਲੇਟਿਵ ਅਸੈਂਬਲੀਆਂ ਦੇ ਮੈਂਬਰਾਂ ਦੇ ਗਰੁੱਪ ਨਾਲ ਹੀ ਸਬੰਧ ਰੱਖਣੇ ਚਾਹੀਦੇ ਹਨ। ਇਹ ਇਕ ਠੋਸ ਸਚਾਈ ਹੈ ਕਿ ਲੈਜਿਸਲੇਟਰਾਂ ਨੂੰ ਆਪਣੀ ਪਾਰਟੀ ਦੇ ਜ਼ਾਬਤੇ ਦੇ ਘੇਰੇ ਵਿਚ ਰਹਿਣਾ ਪੈਂਦਾ ਹੈ।

ਇਸ ਲਈ ਜੋ ਮਿਲਵਰਤਣ ਵੀ ਉਹਨਾਂ ਤੋਂ ਲੈਣੀ ਹੈ, ਉਹ ਇਸਦੀਆਂ ਹੱਦਾਂ ਦੇ ਅੰਦਰ ਹੀ ਹੋਣੀ ਚਾਹੀਦੀ ਹੈ। ਜਿਵੇਂ ਪੜ੍ਹੇ-ਲਿਖੇ ਮੁਲਾਜ਼ਮਾਂ ਤੋਂ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਘੇਰੇ ਵਿਚ ਰਹਿੰਦਿਆਂ ਕੁਝ ਕੰਮ ਲਿਆ ਜਾ ਸਕਦਾ ਹੈ, ਬਿਲਕੁਲ ਉਸੇ ਤਰ੍ਹਾਂ ਹੀ ਲੈਜਿਸਲੇਟਰ ਅਤੇ ਸੰਸਦੀ ਮੈਂਬਰ ਵੀ ਆਪਣੀ ਪਾਰਟੀ ਜ਼ਾਬਤੇ ਦੇ ਘੇਰੇ ਵਿਚ ਰਹਿੰਦਿਆਂ ਆਪਣੇ ਦਲਿਤ ਅਤੇ ਸ਼ੋਸ਼ਿਤ ਭਰਾਵਾਂ ਲਈ ਕੁਝ ਚੰਗਾ ਕੰਮ ਕਰ ਸਕਦੇ ਹਨ। ਸੰਸਦੀ ਸੰਪਰਕ ਭਾਗ ਤੋਂ ਇਸ ਢੰਗ ਨਾਲ ਕੰਮ ਕਰਨ ਦੀ ਆਸ ਕੀਤੀ ਜਾਂਦੀ ਹੈ।

**(5) ਕਾਨੂੰਨੀ ਸਹਾਇਤਾ ਤੇ ਸਲਾਹ :**

ਸਮਾਜ ਦੇ ਕਮਜ਼ੋਰ ਵਰਗ ਨੂੰ ਚੰਗੇ ਨਿਯਮਾਂ, ਉਪਨਿਯਮਾਂ ਅਤੇ ਕਾਨੂੰਨਾਂ ਦੀ ਕੋਈ ਕਮੀ ਨਹੀਂ। ਸਾਡਾ ਸੰਵਿਧਾਨ ਵੀ ਅਜਿਹੀਆਂ ਚੰਗੀਆਂ ਅਤੇ ਮਦਦਗਾਰ ਧਾਰਾਵਾਂ ਨਾਲ ਭਰਿਆ ਪਿਆ ਹੈ। ਸੰਵਿਧਾਨ ਲਾਗੂ ਹੋਣ ਤੋਂ ਬਾਅਦ ਵੀ ਕਈ ਚੰਗੇ ਐਕਟ ਅਤੇ ਕਾਨੂੰਨ ਪਾਸ ਹੋਏ ਹਨ। ਪ੍ਰੰਤੂ ਬਦਕਿਸਮਤੀ ਨਾਲ ਉਹ ਸਾਰੇ ਕਾਗ਼ਜ਼ਾਂ ਵਿਚ ਹੀ ਰਹਿ ਗਏ ਹਨ। ਨਿਯਮ, ਉਪਨਿਯਮ, ਕਾਨੂੰਨ ਅਤੇ ਸੰਵਿਧਾਨਕ ਧਾਰਾਵਾਂ ਦੇ ਹੁੰਦਿਆਂ ਹੋਇਆਂ ਵੀ ਕਮਜ਼ੋਰ ਵਰਗ ਔਕੜਾਂ ਸਹਿ ਰਹੇ ਹਨ। ਇਹਨਾਂ ਚੰਗੇ ਨਿਯਮਾਂ, ਉਪਨਿਯਮਾਂ ਨੂੰ ਲਾਗੂ ਕਰਾਉਣ ਅਤੇ ਚੰਗੇ ਕਾਨੂੰਨਾਂ ਅਤੇ ਸੰਵਿਧਾਨਕ ਧਾਰਾਵਾਂ ਨੂੰ ਜ਼ੋਰ ਨਾਲ ਲਾਗੂ ਕਰਵਾਉਣ ਲਈ ਸਮਾਜ ਦੇ ਕਮਜ਼ੋਰ ਵਰਗ ਨੂੰ ਕਾਨੂੰਨੀ ਮਦਦ ਦੀ ਬਹੁਤ ਲੋੜ ਹੈ। ਕਾਨੂੰਨੀ ਸਹਾਇਤਾ ਅਤੇ ਸਲਾਹ ਭਾਗ ਤੋਂ ਇਹ ਕੁਝ ਕੀਤੇ ਜਾਣ ਦੀ ਆਸ ਕੀਤੀ ਜਾਂਦੀ ਹੈ।

(6) ਵਿਦਿਆਰਥੀ
(7) ਨੌਜਵਾਨ
(8) ਇਸਤਰੀਆਂ

ਸੂਚੀ ਦੀ ਲੜੀ ਨੰ; 6, 7 ਅਤੇ 8 ਵਿਚ ਦਿੱਤੇ ਗਏ ਵਿਦਿਆਰਥੀ, ਨੌਜਵਾਨ ਅਤੇ ਮਹਿਲਾ ਭਾਗ ਨੂੰ ਥਾਂ ਦੀ ਥੁੜ ਕਰਕੇ ਇਕੱਠਿਆਂ ਹੀ ਅਧਿਐਨ ਕੀਤਾ ਜਾ ਰਿਹਾ ਹੈ। ਵਿਦਿਆਰਥੀ, ਨੌਜਵਾਨ ਅਤੇ ਮਹਿਲਾ ਪੜ੍ਹੇ ਲਿਖੇ ਮੁਲਾਜ਼ਮਾਂ ਦੇ ਪਰਿਵਾਰਾਂ ਵਿਚ ਆਮ ਮਿਲ ਜਾਂਦੇ ਹਨ। ਪੜ੍ਹੇ ਲਿਖੇ ਮੁਲਾਜ਼ਮ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਵਿਚ ਬੱਧੇ ਹੋਏ ਹਨ ਪਰ ਉਹਨਾਂ ਦੇ ਪਰਿਵਾਰ ਬੱਧੇ ਹੋਏ ਨਹੀਂ ਹਨ। ਇਸ ਲਈ ਪੜ੍ਹੇ ਲਿਖੇ ਮੁਲਾਜ਼ਮਾਂ ਦੀ ਜਥੇਬੰਦੀ ਬਾਮਸੇਫ ਜੇ ਸਮਾਜ ਨੂੰ ਉਤਸ਼ਾਹ ਦੇਣਾ ਚਾਹੁੰਦੀ ਹੈ ਤਾਂ ਇਸਨੂੰ ਸਭ ਤੋਂ ਵੱਧ ਪੜ੍ਹੇ-ਲਿਖੇ ਮੁਲਾਜ਼ਮਾਂ ਦੇ ਪਰਿਵਾਰਾਂ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪੜ੍ਹੇ ਲਿਖੇ ਮੁਲਾਜ਼ਮਾਂ ਦੇ ਪਰਿਵਾਰਾਂ ਨਾਲ ਸਬੰਧਤ ਵਿਦਿਆਰਥੀ, ਨੌਜਵਾਨ ਅਤੇ ਔਰਤਾਂ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਘੇਰੇ ਤੋਂ ਬਾਹਰ ਹਨ, ਇਸ ਲਈ ਉਹ ਕੋਈ ਵੀ ਸਮਾਜਿਕ ਜੱਦੋ ਜਹਿਦ ਅਤੇ ਸੰਘਰਸ਼ ਕਰਨ ਲਈ ਆਜ਼ਾਦ ਹਨ। ਇਹਨਾਂ ਤਿੰਨਾਂ ਅੰਗਾਂ ਤੋਂ ਅਜਿਹਾ ਕੀਤੇ ਜਾਣ ਦੀ ਆਸ ਕੀਤੀ ਜਾਂਦੀ ਹੈ।

**(9) ਸਨਅਤੀ ਕਾਮੇ**

**(10) ਖੇਤ ਮਜ਼ਦੂਰ**

ਇਹ ਦੋਵੇਂ ਸਨਅਤੀ ਕਾਮੇ ਅਤੇ ਖੇਤੀ ਮਜ਼ਦੂਰ ਅੰਗ ਸਿਵਲ ਸੇਵਾ ਪ੍ਰਸ਼ਾਸਨ ਨਿਯਮਾਂ ਦੇ ਘੇਰੇ ਤੋਂ ਬਿਲਕੁਲ ਬਾਹਰ ਹਨ। ਸਨਅਤੀ ਕਾਮੇ ਅਤੇ ਖੇਤੀ ਮਜ਼ਦੂਰਾਂ ਦੇ ਇਸ ਬਹੁਗਿਣਤੀ ਵਾਲੇ ਵਰਗ ਨੂੰ ਜੇ ਬਾਮਸੇਫ ਦੀਆਂ ਗਤੀਵਿਧੀਆਂ ਨਾਲ ਉਤਸ਼ਾਹਿਤ ਕੀਤਾ ਜਾਵੇ ਤਾਂ ਉਹ ਸਮਾਜਿਕ ਸੰਘਰਸ਼ ਅਤੇ ਜੱਦੋ ਜਹਿਦ ਲਈ ਬਹੁਤ ਲਾਭਦਾਇਕ ਸਿੱਧ ਹੋ ਸਕਦੇ ਹਨ। ਇਹ ਆਸ ਕੀਤੀ ਜਾਂਦੀ ਹੈ ਕਿ ਭਵਿੱਖ ਵਿਚ ਬਾਮਸੇਫ ਦੀ ਪ੍ਰੇਰਨਾ ਨਾਲ ਸਮਾਜਿਕ ਜੱਦੋ-ਜਹਿਦ ਲਈ ਇਹ ਦੋਵੇਂ ਅੰਗ ਸੰਗਠਿਤ ਕੀਤੇ ਜਾਣਗੇ।

### (IX) ਅਪਮਾਨ ਅਤੇ ਹਾਨੀ ਲਈ ਹਰ ਵੇਲੇ ਤਿਆਰ ਰਹੋ:

ਭੂਤਕਾਲ ਦਾ ਤਜਰਬਾ ਇਹ ਦੱਸਦਾ ਹੈ ਕਿ ਜੋ ਆਪਣੇ ਦਲਿਤ ਅਤੇ ਸ਼ੋਸ਼ਿਤ ਸਮਾਜ ਲਈ ਕੁਝ ਚੰਗਾ ਕਰਨਾ ਚਾਹੁੰਦੇ ਹਨ, ਉਹਨਾਂ ਨੂੰ ਕਈ ਤਰ੍ਹਾਂ ਨਾਲ ਅਪਮਾਨ ਅਤੇ ਸੱਟਾਂ ਸਹਿਣੀਆਂ ਪਈਆਂ। ਜੋ ਅਪਮਾਨ ਅਤੇ ਹਾਨੀ ਮਹਾਤਮਾ ਜਯੋਤੀਬਾ ਫੂਲੇ ਅਤੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਨੂੰ ਸਹਿਣੀ ਪਈ, ਉਹ ਅਸੀਂ ਸਾਰੇ ਜਾਣਦੇ ਹਾਂ। ਇਸ ਤੋਂ ਇਹ ਸਬਕ ਸਿੱਖਣਾ ਚਾਹੀਦਾ ਹੈ ਕਿ ਜਦੋਂ ਮਹਾਤਮਾ ਫੂਲੇ ਅਤੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਵਰਗੀਆਂ ਮਹਾਨ ਹਸਤੀਆਂ ਨੂੰ ਇੰਨਾ ਅਪਮਾਨ ਅਤੇ ਹਾਨੀ ਸਹਿਣ ਕਰਨੀ ਪਈ ਤਾਂ ਇਸ ਦਾ ਭਲੀ-ਭਾਂਤ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਨ੍ਹਾਂ ਤੋਂ ਹੇਠਾਂ ਵਾਲੇ ਲੋਕਾਂ ਨਾਲ ਕੀ ਵਤੀਰਾ ਹੋਵੇਗਾ। ਇਸ ਦਿਸ਼ਾ ਵਿਚ ਪਿਛਲੇ ਕੁਝ ਸਮੇਂ ਤੋਂ ਸਾਡਾ ਤਜਰਬਾ ਵੀ ਇਹੋ ਕੁਝ ਦਰਸਾਉਂਦਾ ਹੈ।

ਸਾਰੰਸ਼ ਇਹ ਹੈ ਕਿ ਇਸੇ ਕਾਰਨ ਕਰਕੇ ਹੀ ਅਸੀਂ ਬਾਬਾ ਸਾਹਿਬ ਡਾਕਟਰ ਬੀ. ਆਰ. ਅੰਬੇਡਕਰ ਦੇ ਸਮਾਜਿਕ ਕਾਰਜ-ਕਰਤਾਵਾਂ ਲਈ ਦਿੱਤੇ ਉਪਦੇਸ਼ ਅਨੁਸਾਰ ਚੱਲਣਾ ਚਾਹੁੰਦੇ ਹਾਂ। ਇਹ ਉਪਦੇਸ਼ ਹਮੇਸ਼ਾ ਬਾਮਸੇਫ ਦੇ ਕਲੰਡਰਾਂ ਤੇ ਲਿਖਿਆ ਹੁੰਦਾ ਹੈ ਅਤੇ ਉਹਨਾਂ ਕਾਰਜ-ਕਰਤਾਵਾਂ ਦੇ ਉਪਯੋਗ ਲਈ ਇੱਥੇ ਦੁਬਾਰਾ ਫਿਰ ਦਿੱਤਾ ਜਾਂਦਾ ਹੈ, ਜਿਹਨਾਂ ਨੂੰ ਅਪਮਾਨ ਅਤੇ ਹਾਨੀ ਸਹਿਣ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

"ਤੁਹਾਨੂੰ ਆਪਣੀ ਮੰਜ਼ਿਲ ਦੀ ਪਵਿੱਤਰਤਾ ਵਿਚ ਅਟੁੱਟ ਵਿਸ਼ਵਾਸ ਹੋਣਾ ਚਾਹੀਦਾ ਹੈ। ਤੁਹਾਡਾ ਮੰਤਵ ਉੱਤਮ ਅਤੇ ਤੁਹਾਡਾ ਮਿਸ਼ਨ ਗੌਰਵਮਈ ਤੇ ਸ਼ਾਨਦਾਰ ਹੈ। ਉਹ ਧੰਨ ਹਨ ਜੋ ਉਹਨਾਂ ਲੋਕਾਂ ਲਈ ਆਪਣੇ ਕਰਤੱਵ ਪ੍ਰਤੀ ਸੁਚੇਤ ਹਨ ਜਿਹਨਾਂ ਵਿਚ ਉਹਨਾਂ ਨੇ ਜਨਮ ਲਿਆ। ਉਹ ਮਹਾਨ ਹਨ ਜੋ ਗੁਲਾਮੀ ਦੇ ਖ਼ਾਤਮੇ ਲਈ ਆਪਣਾ ਸਮਾਂ, ਹੁਨਰ ਅਤੇ ਸਭ ਕੁਝ ਸਮਰਪਣ ਕਰਦੇ ਹਨ। ਉਹ ਲੋਕ ਵੀ ਧੰਨ ਹਨ, ਜਿਹੜੇ ਕਿ ਦੱਬੇ-ਕੁਚਲੇ ਲੋਕਾਂ ਨੂੰ ਮਨੁੱਖੀ ਅਧਿਕਾਰ ਦਿਵਾਉਣ ਤੇ ਭਾਰੀਆਂ ਔਕੜਾਂ, ਅਪਮਾਨ ਝੱਖੜ ਅਤੇ ਖ਼ਤਰਿਆਂ ਦੇ ਬਾਵਜੂਦ ਵੀ ਗੁਲਾਮੀ ਦੇ ਖ਼ਾਤਮੇ ਲਈ ਜੱਦੋ-ਜਹਿਦ ਜਾਰੀ ਰੱਖਦੇ ਹਨ।"

ਅਤੇ ਅਖੀਰ ਵਿਚ ਦਲਿਤ ਅਤੇ ਸ਼ੋਸ਼ਿਤ ਭਾਰਤੀਆਂ ਦੇ ਦੁਸ਼ਮਣ ਵੱਲੋਂ ਸੰਗਠਨ ਨੂੰ ਪਹੁੰਚਾਏ ਜਾ ਸਕਣ ਵਾਲੇ ਨੁਕਸਾਨ ਅਤੇ ਤਬਾਹੀ ਪ੍ਰਤੀ ਚਿਤਾਵਨੀ ਦਿੱਤੀ ਜਾ ਰਹੀ ਹੈ। ਇਹ ਨੁਕਸਾਨ ਜਾਂ ਤਬਾਹੀ ਘੁਸਪੈਠ ਰਾਹੀਂ ਜਾਂ ਕਾਰਜ-ਕਰਤਾਵਾਂ ਨੂੰ ਖਰੀਦ ਲੈਣ ਨਾਲ ਕੀਤੀ ਜਾ ਸਕਦੀ ਹੈ। ਇਸ ਦਾ ਮੈਨੂੰ ਡਰ ਹੈ ਕਿ ਬਾਮਸੇਫ ਲਈ ਹਾਲਤ ਬੜੀ ਤੇਜ਼ੀ ਨਾਲ ਨਾਜ਼ੁਕਤਾ ਵੱਲ ਵੱਧ ਰਹੇ ਹਨ।

ਇਸ ਲਈ ਮੇਰੀ ਸਾਰੇ ਮੈਂਬਰਾਂ, ਕਾਰਜ-ਕਰਤਾਵਾਂ, ਹਿਤੈਸ਼ੀਆਂ ਅਤੇ ਬਾਮਸੇਫ ਦੇ ਨਿਰਮਾਤਾਵਾਂ, ਜਿਹਨਾਂ ਨੇ ਇੰਨੇ ਲੰਮੇ ਸਮੇਂ ਤੱਕ ਬਾਮਸੇਫ ਦੇ ਨਿਰਮਾਣ ਲਈ ਦੁਖ ਝੱਲੇ, ਨੂੰ ਇਹ ਚਿਤਾਵਨੀ ਹੈ ਕਿ ਉਹ ਇਸ ਦੀ ਰੱਖਿਆ ਅਤੇ ਲੰਮੀ ਉਮਰ ਲਈ ਜਰੂਰ ਪ੍ਰਬੰਧ ਕਰਨ।

Read more: www.ambedkartimes.com

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦਾ 29ਵਾਂ ਸਥਾਪਨਾ ਦਿਵਸ ਮਨਾਇਆ ਗਿਆ

## ਗੁਰੂਘਰ ਦੇ 29ਵੇਂ ਸਥਾਪਨਾ ਦਿਵਸ (10 ਅਕਤੂਬਰ) ਦੀਆਂ ਤਸਵੀਰਾਂ ਤੇ ਵੇਰਵਾ ਦੇਖੋ ਅਗਲੇ ਅੰਕ ਵਿਚ

**ਸੈਕਰਾਮੈਂਟੋ (ਬਿਊਰੋ)** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ (ਸੈਕਰਾਮੈਂਟੋ) ਦਾ 29ਵਾਂ ਸਥਾਪਨਾ ਦਿਵਸ 8, 9, 10 ਅਕਤੂਬਰ 2021 ਨੂੰ ਸਾਧਸੰਗਤਿ ਦੇ ਸਹਿਯੋਗ ਨਾਲ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਸਟੇਜ ਸਕੱਤਰ ਸ਼੍ਰੀ ਬਲਜੀਤ ਸਿੰਘ ਕਾਹਮਾ ਨੇ "ਦੇਸ਼ ਦੋਆਬਾ" ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸ਼ੁੱਕਰਵਾਰ 8 ਅਕਤੂਬਰ 2021 ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਏ। ਸ਼ਨੀਵਾਰ 9 ਅਕਤੂਬਰ ਬਾਅਦ ਦੁਪਹਿਰ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਹੋਈ, ਜਿਸ ਉਪਰੰਤ ਸ਼ਾਮ 6:00 ਵਜੇ ਤੋਂ 8:30 ਵਜੇ ਤੱਕ ਕੀਰਤਨ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਭਾਈ ਜਗਜੀਤ ਸਿੰਘ ਯੋਗੀ ਜੀ ਦਾ ਕੀਰਤਨੀ ਜਥੇ ਨੇ ਸਾਧ-ਸੰਗਤਿ ਨੂੰ ਕੀਰਤਨ ਨਾਲ ਨਿਹਾਲ ਕੀਤਾ।

ਐਤਵਾਰ 10 ਅਕਤੂਬਰ ਨੂੰ ਰੱਖੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਾਏ ਗਏ ਜਿਨ੍ਹਾਂ ਵਿਚ ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਭਾਈ ਨਿਰਮਲ ਸਿੰਘ ਨਾਗਪੁਰੀ ਜੀ ਦਾ ਕੀਰਤਨੀ ਜਥੇ ਨੇ ਸਾਧਸੰਗਤਿ ਨੂੰ ਕੀਰਤਨ ਨਾਲ ਨਿਹਾਲ ਕੀਤਾ।

ਇਸ ਮੌਕੇ ਗੁਰੂਘਰ ਦੀ ਉਸਾਰੀ ਅਧੀਨ ਇਮਾਰਤ ਲਈ ਮਾਇਆ ਦਾ ਯੋਗਦਾਨ ਪਾਉਣ ਵਾਲੇ ਪਰਿਵਾਰਾਂ ਨੂੰ ਸਨ-ਮਾਨਿਤ ਵੀ ਕੀਤਾ ਗਿਆ। ਇਨ੍ਹਾਂ ਸਮਾਗਮਾਂ ਦੀ ਸੇਵਾ ਸ਼੍ਰੀ ਸ਼ੁਭਾਸ ਬੰਗਾ ਅਤੇ ਬੰਗਾ ਪਰਿਵਾਰ, ਸ਼੍ਰੀ ਅਵਤਾਰ ਜੱਸਲ ਅਤੇ ਜੱਸਲ ਪਰਿਵਾਰ ਅਤੇ ਸਮੂਹ ਸਾਧਸੰਗਤਿ ਵਲੋਂ ਹੋਈ।

ਸ਼ਨੀਵਾਰ ਨੂੰ ਸ੍ਰੀ ਨਿਸ਼ਾਨ ਸਾਹਿਬ ਜੀ ਦੀ ਸੇਵਾ ਸ਼੍ਰੀ ਪਿਰਥੀ ਪਾਲ ਸਿੰਘ, ਬੀਬੀ ਜਸਵੰਤ ਕੌਰ ਦੇ ਪਰਿਵਾਰ ਅਤੇ ਸਮੂਹ ਸਾਧਸੰਗਤਿ ਵਲੋਂ ਹੋਈ। ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧਸੰਗਤਿ ਦਾ ਇਨ੍ਹਾਂ ਸਮਾਗਮਾਂ ਵਿੱਚ ਪਰਿਵਾਰਾਂ ਸਮੇਤ ਹਾਜ਼ਰੀ ਭਰਨ ਲਈ ਧੰਨਵਾਦ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਪ੍ਰਬੰਧਕ ਕਮੇਟੀ ਵਲੋਂ ਅਦਾਰਾ ਦੇਸ਼ ਦੁਆਬਾ, ਅੰਬੇਦਕਰ ਟਾਈਮਜ਼ ਦਾ ਗੁਰੂਘਰ ਦੀ ਮੀਡੀਆ ਕਵਰੇਜ਼ ਲਈ ਧੰਨਵਾਦ ਕੀਤਾ ਗਿਆ।












Pictures by Prem K. Chumber Desh Doaba







# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਵਿਖੇ ਰੱਲ ਪਰਿਵਾਰ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ

ਸ਼੍ਰੀ ਹਰਬੰਸ ਸਿੰਘ ਰੱਲ ਅਤੇ ਬੀਬੀ ਮਨਜੀਤ ਕੌਰ ਰੱਲ ਦੇ ਸਪੁੱਤਰ ਸ਼੍ਰੀ ਰਾਜ ਰੱਲ, ਬੀਬੀ ਰੂਬੀ ਰੱਲ ਦੇ ਪਿਆਰੇ ਬੱਚੇ ਆਇਆਨਾਂ ਰੱਲ ਅਤੇ ਆਇਆਨ ਰੱਲ ਦੇ ਜਨਮ ਦਿਨ ਦੀਆਂ ਖੁਸ਼ੀਆਂ ਵਿੱਚ ਪਰਿਵਾਰ ਵਲੋਂ ਸਤਿਗੁਰੂ ਦਾ ਸ਼ੁਕਰਾਨਾ ਕਰਦੇ ਹੋਏ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ 15, 16 ਅਤੇ 17 ਅਕਤੂਬਰ 2021 ਨੂੰ ਹੋ ਰਹੀ ਹੈ।

ਸ਼ੁੱਕਰਵਾਰ 15 ਅਕਤੂਬਰ 2021 ਨੂੰ ਸ੍ਰੀ ਅਖੰਡ ਪਾਠ ਸਾਹਿਬ ਸਵੇਰੇ 10:00 ਵਜੇ ਆਰੰਭ ਹੋਣਗੇ।

ਸ਼ਨੀਵਾਰ 16 ਅਕਤੂਬਰ 2021 ਨੂੰ ਕੀਰਤਨ ਦੀਵਾਨ ਸ਼ਾਮ 6:00 ਵਜੇ ਤੋਂ 8:00 ਵਜੇ ਤੱਕ ਸਜਾਏ ਜਾਣਗੇ ਜਿਨ੍ਹਾਂ ਵਿਚ ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਭਾਈ ਸੁਖਦੇਵ ਸਿੰਘ ਦਾ ਕੀਰਤਨੀ ਜਥਾ ਸਾਧਸੰਗਤਿ ਨੂੰ ਕੀਰਤਨ ਨਾਲ ਨਿਹਾਲ ਕਰਨਗੇ। ਐਤਵਾਰ 17 ਅਕਤੂਬਰ 2021 ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਸਵੇਰੇ 10:00 ਵਜੇ ਪਏ ਜਾਣਗੇ ਜਿਸ ਉਪਰੰਤ ਕੀਰਤਨ ਦੀਵਾਨ 11:00 ਵਜੇ ਤੋਂ 1:00 ਵਜੇ ਤੱਕ ਸਜਾਏ ਜਾਣਗੇ ਜਿਨ੍ਹਾਂ ਵਿਚ ਗੁਰੂਘਰ ਦਾ ਹਜ਼ੂਰੀ ਰਾਗੀ ਜਥਾ ਅਤੇ ਭਾਈ ਲਖਵਿੰਦਰ ਸਿੰਘ ਦਾ ਕੀਰਤਨੀ ਜਥਾ (ਹਜ਼ੂਰੀ ਰਾਗੀ ਜਥਾ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ) ਸਾਧਸੰਗਤਿ ਨੂੰ ਕੀਰਤਨ ਨਾਲ ਨਿਹਾਲ ਕਰਨਗੇ। ਰੱਲ ਪਰਿਵਾਰ ਵਲੋਂ ਸਮੂਹ ਸਾਧਸੰਗਤਿ ਨੂੰ ਪਰਿਵਾਰਾਂ ਅਤੇ ਰਿਸ਼ਤੇਦਾਰਾਂ ਸਮੇਤ ਦਰਸ਼ਨ ਦੇਣ ਦੀ ਬੇਨਤੀ ਕੀਤੀ ਜਾਂਦੀ ਹੈ

ਸਥਾਨ:
ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ
6221 16th Street , Rio Linda, CA 95673
ਗੁਰੂਘਰ ਦੀ ਨਵੀ ਇਮਾਰਤ ਦੀ ਉਸਾਰੀ ਅਧੀਨ ਹੈ, ਸੇਵਾ ਪ੍ਰਾਪਤੀ ਅਤੇ ਹੋਰ&; ਜਾਣਕਾਰੀ ਲਈ ਸੰਪਰਕ:
ਗੁਰੂਘਰ ਫ਼ੋਨ: (916) 992-1710



# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓ ਲਿੰਡਾ ਦਾ 29ਵਾਂ ਸਥਾਪਨਾ ਦਿਵਸ ਮਨਾਇਆ ਗਿਆ














Pictures by Prem K. Chumber Desh Doaba





# ਲਖੀਮਪੁਰ ਖੀਰੀ ਅਤੇ ਹਨੂਮਾਨਗੜ੍ਹ ਘਟਨਾਵਾਂ ਜੋੜਕੇ ਨਹੀਂ ਦੇਖ ਸਕਦੇ

## ਲਖੀਮਪੁਰ ਵਿੱਚ ਭਾਜਪਾ ਦੇ ਕੇਂਦਰ ਗੇ ਗ੍ਰਿਹ ਰਾਜ ਮੰਤਰੀ ਦੇ ਪੁੱਤਰ ਦਾ ਸਾਥੀਆਂ ਸਮੇਤ ਚਾਰ ਅੰਦੋਲਨਕਾਰੀ ਕਿਸਾਨਾਂ ਉੱਤੇ ਕਾਰ ਚੜਾਕੇ ਕੀਤੀ ਗਈ ਮੌਤ ਦੀ ਘਟਨਾ ਹੈ, ਹਨੂਮਾਨਗੜ ਪ੍ਰਵਾਰਿਕ ਰਿਸ਼ਤਿਆਂ ਦੇ ਸਬੰਧਾਂ ਦੇ ਕਾਰਨ ਹੋਇਆ ਕਤਲ ਦਾ ਮਾਮਲਾ ਹੈ।



ਹਰਦੀਪ ਸਿੰਘ ਚੁੰਬਰ
91-94636-01616

ਉਤਰ ਪ੍ਰਦੇਸ਼ ਵਿਚ ਲਖੀਮਪੁਰ ਖੀਰੀ (ਜਿਸ ਨੂੰ ਬਹੁਤਾ ਚੋਟੀਦੇ ਅਖਬਾਰ ਖੇੜੀ ਹੀ ਲਿਖੀ ਜਾ ਰਹੇ ਹਨ) ਦਾ ਮਾਮਲਾ ਕੇਂਦਰੀ ਗ੍ਰਹਿ ਰਾਜ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਅਸ਼ੀਸ਼ ਮਿਸ਼ਰਾ ਦੇ ਤਿੰਨ ਖੇਤੀ ਕਾਨੂੰਨਾਂ ਦਾ ਵਿਰੋਧ ਕਰ ਰਹੇ ਕਿਸਾਨਾਂ' ਤੇ ਕਾਰ ਚੜਾਉਣ ਦੇ ਸਬੰਧ ਨਾਲ ਮਾਮਲਾ ਜਹੜਿਆ ਹੋਇਆ ਹੈ। ਇਸ ਘਟਨਾ ਵਿੱਚ ਚਾਰ ਕਿਸਾਨਾਂ ਦੀ ਮੌਤ ਹੋ ਗਈ ਸੀ। ਇੱਕ ਪੱਤਰਕਾਰ ਦੀ ਵੀ ਮੌਤ ਹੋ ਗਈ ਸੀ।

ਅਜੈ ਮਿਸ਼ਰਾ ਨੇ ਕੁਝ ਸਮਾਜ ਵਿਰੋਧੀ ਅਨਸਰਾਂ ਨੂੰ ਜ਼ਿੰਮੇਵਾਰ ਠਹਿਰਾਇਆ ਜਿਨ੍ਹਾਂ ਨੇ ਆਪਣੇ ਆਪ ਨੂੰ ਕਿਸਾਨਾਂ ਦਾ ਭੇਸ ਬਣਾ ਕੇ ਇਸ ਕਾਰ ਉੱਤੇ ਹਮਲਾ ਕਰਨ ਦੇ ਦੋਸ਼ ਲਾਉਂਦੇ ਘਟਨਾ ਲਈ ਜ਼ਿੰਮੇਵਾਰ ਠਹਿਰਾਇਆ ਸੀ। ਉਸ ਨੇ ਕਿਹਾ ਕਿ ਕੁਝ ਲੋਕਾਂ ਨੇ ਉਸ ਦੇ ਬੇਟੇ ਦੇ ਕਾਫਲੇ 'ਤੇ ਹਮਲਾ ਕਰ ਦਿੱਤਾ ਅਤੇ ਉਸ ਦੇ ਡਰਾਈਵਰ ਨੂੰ ਜ਼ਖਮੀ ਕਰ ਦਿੱਤਾ ਸੀ। ਖੇਤੀ ਬਿਲਾਂ ਦੇ ਵਿਰੋਧ ਦੇ ਵਿੱਚਕਿਸਾਨ ਅੰਦੋਲਨ ਨੂੰ ਚਲਦੇ ਸਾਲ ਤੋਂ ਉਪਰ ਦਾ ਸਮਾਂ ਹੋ ਚੁੱਕਾ ਹੈ। 10 ਮਹੀਨਿਆਂ ਤੋਂ ਕਿਸਾਨ ਦਿੱਲੀ ਦੇ ਬਾਡਰ ਉੱਤੇ ਸੜਕਾਂ ਉੱਤੇ ਬੈਠੇ ਹਨ। ਇਸ ਹਾਲਾਤ ਵਿੱਚ ਕਿਸਾਨ ਅੰਦੋਲਨ ਵਿੱਚ ਲਖੀਮਪੁਰ ਵਿੱਚ ਚਾਰ ਕਿਸਾਨਾਂ ਦੀ ਘਟਨਾ ਵਿੱਚ ਮੌਤ ਇੱਕ ਅਜਿਹੀ ਘਟਨਾ ਹੈ ਜਿਸ ਦਾ ਦੇਸ਼ ਵਿਆਪੀ ਅਸਰ ਹੋਣਾ ਸੁਭਾਵਕ ਹੈ।।

ਰਾਜਸਥਾਨ ਦੇ ਹਨੂੰਮਾਨਗੜ੍ਹ ਜ਼ਿਲ੍ਹੇ ਵਿੱਚ ਅਨੁਸੂਚਿਤ ਜਾਤੀ (ਐਸਸੀ) ਭਾਈਚਾਰੇ ਦੇ ਇੱਕ 29 ਸਾਲਾ ਵਿਅਕਤੀ ਨੂੰ ਕਥਿਤ ਤੌਰ 'ਤੇ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਕਿਉਂਕਿ ਪੁਲਿਸ ਦਾ ਮੰਨਣਾ ਹੈ ਕਿ ਇੱਕ ਮੁਲਜ਼ਮ ਦੀ ਪਤਨੀ ਨਾਲ ਸਬੰਧ ਸਨ।

ਹਨੂਮਾਨਗੜ੍ਹ ਪੁਲਿਸ ਨੇ ਸ਼ਨੀਵਾਰ ਰਾਤ ਨੂੰ ਟਵੀਟ ਕਰਕੇ ਇਸ ਮਾਮਲੇ ਦੇ ਮੁੱਖ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਚਾਰ ਹੋਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਦੇ ਅਨੁਸਾਰ, ਮੁਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਦੋਸ਼ੀ ਨੇ ਪੀੜਤ 29 ਸਾਲਾ ਜਗਦੀਸ਼ ਮੇਘਵਾਲ 'ਤੇ ਹੋਏ ਹਮਲੇ ਦੀ ਵੀਡੀਓਗ੍ਰਾਫੀ ਕੀਤੀ ਸੀ, ਜਿਸ ਨੂੰ ਸੋਸ਼ਲ ਮੀਡੀਆ' ਤੇ ਵਿਆਪਕ ਤੌਰ 'ਤੇ ਪ੍ਰਸਾਰਿਤ ਕੀਤਾ ਜਾ ਰਿਹਾ ਹੈ।

ਮੇਘਵਾਲ ਦੇ ਪਿਤਾ ਬਨਵਾਰੀ ਲਾਲ ਦੀ ਸ਼ਿਕਾਇਤ 'ਤੇ ਦਰਜ ਐਫਆਈਆਰ' ਚ ਕਿਹਾ ਗਿਆ ਹੈ ਕਿ ਦੋਸ਼ੀ ਨੇ ਵੀਰਵਾਰ ਨੂੰ ਹਨੂਮਾਨਗੜ੍ਹ ਦੇ ਪ੍ਰੇਮਪੁਰਾ ਪਿੰਡ 'ਚ ਲਾਸ਼ ਨੂੰ ਪਰਿਵਾਰ ਦੇ ਘਰ ਦੇ ਬਾਹਰ ਸੁੱਟ ਦਿੱਤਾ ਸੀ। ਐਫਆਈਆਰ ਵਿੱਚ 11 ਲੋਕਾਂ ਦੇ ਨਾਂ ਸ਼ਾਮਲ ਹਨ, ਜਿਨ੍ਹਾਂ ਵਿੱਚ ਔਰਤ ਵੀ ਸ਼ਾਮਲ ਹੈ ਜਿਸ ਨਾਲ ਪੁਲਿਸ ਦਾ ਮੰਨਣਾ ਹੈ ਕਿ ਕਥਿਤ ਤੌਰ 'ਤੇ ਉਸ ਦਾ ਸਬੰਧ ਸੀ, ਇਸ ਮਾਮਲੇ ਵਿੱਚ ਦੋਸ਼ੀ ਵਜੋਂ।

ਵੀਰਵਾਰ ਨੂੰ, ਐਫਆਈਆਰ ਵਿੱਚ ਕਿਹਾ ਗਿਆ ਹੈ, ਦੋਸ਼ੀ ਮੇਘਵਾਲ ਦੇ ਨਾਲ ਗੁਆਂਢੀ ਗੰਗਾਨਗਰ ਜ਼ਿਲ੍ਹੇ ਦੇ ਸੂਰਤਗੜ੍ਹ ਗਿਆ, ਜਿੱਥੇ ਉਹ ਕਿਸੇ ਕੰਮ 'ਤੇ ਗਿਆ ਸੀ, ਅਤੇ ਵਾਪਸ ਜਾਂਦੇ ਸਮੇਂ ਉਸਨੂੰ ਅਗਵਾ ਕਰ ਲਿਆ। ਸ਼ਿਕਾਇਤ ਅਨੁਸਾਰ ਉਨ੍ਹਾਂ ਨੇ ਕਥਿਤ ਤੌਰ 'ਤੇ ਉਸ ਦੀ ਕੁੱਟਮਾਰ ਕੀਤੀ। ਹਨੂਮਾਨਗੜ੍ਹ ਦੇ ਪੀਲੀਬਾਂਗਾ ਪੁਲਿਸ ਸਟੇਸ਼ਨ ਦੇ ਐਸਐਚਓ ਇੰਦਰ ਕੁਮਾਰ ਨੇ ਕਿਹਾ, "ਪਹਿਲੀ ਨਜ਼ਰ ਵਿੱਚ, ਇਸਦਾ



ਕਾਰਨ ਮੇਘਵਾਲ ਅਤੇ ਇੱਕ ਮੁਲਜ਼ਮ ਦੀ ਪਤਨੀ ਦੇ ਵਿੱਚ ਸਬੰਧ ਹੋਣ ਦਾ ਜਾਪਦਾ ਹੈ। 7 ਅਕਤੂਬਰ ਨੂੰ ਪਤੀ ਦੇ ਰਿਸ਼ਤੇਦਾਰਾਂ ਸਮੇਤ ਮੁਲਜ਼ਮ ਨੇ ਮੇਘਵਾਲ ਨੂੰ ਦੇਖਿਆ ਅਤੇ ਉਸ 'ਤੇ ਹਮਲਾ ਕਰਨ ਤੋਂ ਬਾਅਦ ਉਸ ਨੂੰ ਉਸ ਦੇ ਘਰ ਦੇ ਕੋਲ ਛੱਡ ਦਿੱਤਾ। "

ਐਸਐਚਓ ਨੇ ਦੱਸਿਆ ਕਿ ਮੁਲਜ਼ਮ ਓਧ ਰਾਜਪੂਤ ਭਾਈਚਾਰੇ ਦੇ ਹਨ, ਜੋ ਕਿ ਓਬੀਸੀ ਸ਼੍ਰੇਣੀ ਵਿੱਚ ਆਉਂਦੇ ਹਨ। ਮੇਘਵਾਲ ਦੇ ਪਰਿਵਾਰ ਨੇ ਔਰਤ ਦਾ ਨਾਂ ਦੋਸ਼ੀਆਂ ਵਿੱਚੋਂ ਇੱਕ ਦੱਸਿਆ ਹੈ। ਉਸ ਦੇ ਪਤੀ, ਮੁਕੇਸ਼ ਅਤੇ ਹੋਰ ਰਿਸ਼ਤੇਦਾਰ ਇਸ ਮਾਮਲੇ ਵਿੱਚ ਦੋਸ਼ੀ ਹਨ। ਅਸੀਂ ਤਿੰਨ ਲੋਕਾਂ ਨੂੰ ਹਿਰਾਸਤ ਵਿੱਚ ਲਿਆ ਹੈ ਅਤੇ ਜਾਂਚ ਜਾਰੀ ਹੈ, "ਉਸਨੇ ਕਿਹਾ। ਪੁਲਿਸ ਨੇ ਦੱਸਿਆ ਕਿ ਦੋਵੇਂ ਪਰਿਵਾਰ ਪ੍ਰੇਮਪੁਰਾ ਪਿੰਡ ਵਿੱਚ ਰਹਿੰਦੇ ਹਨ।

ਬਨਵਾਰੀ ਲਾਲ ਨੇ ਕਿਹਾ, "ਦੋਸ਼ੀ ਨੇ ਕੁਝ ਦਿਨ ਪਹਿਲਾਂ ਮੇਰੇ ਬੇਟੇ ਨੂੰ ਧਮਕੀ ਦਿੱਤੀ ਸੀ।" ਐਫਆਈਆਰ ਆਈਪੀਸੀ ਦੀ ਧਾਰਾ 302 (ਕਤਲ), 365 (ਵਿਅਕਤੀ ਨੂੰ ਬੰਦੀ ਬਣਾਉਣ ਦੇ ਇਰਾਦੇ ਨਾਲ ਅਗਵਾ ਕਰਨਾ ਜਾਂ ਅਗਵਾ ਕਰਨਾ), 147 (ਦੰਗਿਆਂ ਦੀ ਸਜ਼ਾ), 149 (ਗੈਰਕਾਨੂੰਨੀ ਵਿਧਾਨ ਸਭਾ ਦਾ ਹਰ ਮੈਂਬਰ ਸਾਂਝੀ ਵਸਤੂ ਦੇ ਮੁਕੱਦਮੇ ਵਿੱਚ ਕੀਤੇ ਗਏ ਅਪਰਾਧ ਲਈ ਦੋਸ਼ੀ) ਦੇ ਅਧੀਨ ਦਰਜ ਕੀਤਾ



ਦਲਿਤ ਦੀ ਹੱਤਿਆ 'ਤੇ ਚੁੱਪ ਕਿਉਂ ਹੈ ਕਾਂਗਰਸ: ਮਾਇਆਵਤੀ

ਲਖਨਊ: ਬਹੁਜਨ ਸਮਾਜ ਪਾਰਟੀ ਦੀ ਮੁਖੀ ਮਾਇਆਵਤੀ ਨੇ ਐਤਵਾਰ ਨੂੰ ਰਾਜਸਥਾਨ ਦੇ ਹਨੂੰਮਾਨਗੜ੍ਹ ਵਿੱਚ ਦਲਿਤ ਵਿਅਕਤੀ ਦੀ ਕੁੱਟਮਾਰ ਕਰ ਕੇ ਉਸ ਨੂੰ ਮਾਰ ਦੇਣ ਦੀ ਘਟਨਾ ਨੂੰ 'ਨਿੰਦਣਯੋਗ' ਕਰਾਰ ਦਿੱਤਾ ਅਤੇ ਕਾਂਗਰਸ ਦੀ ਚੁੱਪੀ 'ਤੇ ਸਵਾਲ ਖੜ੍ਹੇ ਕੀਤੇ। ਹਿੰਦੀ ਵਿੱਚ ਲੜੀਵਾਰ ਟਵੀਟ ਕਰਦਿਆਂ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਨੇ ਕਿਹਾ, 'ਰਾਜਸਥਾਨ ਦੇ ਹਨੂੰਮਾਨਗੜ੍ਹ ਵਿੱਚ ਦਲਿਤ ਦੀ ਕੁੱਟਮਾਰ ਕਰ ਕੇ ਉਸ ਨੂੰ ਮਾਰ ਦਿੱਤਾ ਗਿਆ। ਇਹ ਬਹੁਤ ਹੀ ਦੁਖਦਾਈ ਅਤੇ ਨਿੰਦਣਯੋਗ ਹੈ, ਪਰ ਕਾਂਗਰਸ ਹਾਈ ਕਮਾਂਡ ਇਸ ਬਾਰੇ ਚੁੱਪ ਕਿਉਂ ਹੈ।' ਰਾਜਸਥਾਨ ਪੁਲੀਸ ਨੇ ਦੱਸਿਆ ਕਿ 7 ਅਕਤੂਬਰ ਨੂੰ ਹਨੂੰਮਾਨਗੜ੍ਹ ਵਿੱਚ ਇੱਕ ਦਲਿਤ ਵਿਅਕਤੀ ਨੂੰ ਉਸ ਦੇ ਪ੍ਰੇਮ ਸਬੰਧਾਂ ਕਾਰਨ ਕੁੱਟ-ਕੁੱਟ ਕੇ ਮਾਰ ਦਿੱਤਾ ਗਿਆ ਸੀ। ਇਸ ਮਾਮਲੇ ਸਬੰਧੀ ਤਿੰਨ ਵਿਅਕਤੀਆਂ ਨੂੰ ਸ਼ਨਿੱਚਰਵਾਰ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਮਾਇਆਵਤੀ ਨੇ ਕਿਹਾ, 'ਕੀ ਛੱਤੀਸਗੜ੍ਹ ਤੇ ਪੰਜਾਬ ਦੇ ਮੁੱਖ ਮੰਤਰੀ ਉੱਥੇ ਜਾਣਗੇ ਅਤੇ ਪੀੜਤ ਦੇ ਪਰਿਵਾਰ ਨੂੰ ਪੰਜਾਹ ਲੱਖ ਦੀ ਮਦਦ ਦੇਣਗੇ? ਬਸਪਾ ਜਵਾਬ ਮੰਗਦੀ ਹੈ, ਨਹੀਂ ਤਾਂ ਦਲਿਤਾਂ ਦੇ ਨਾਂ 'ਤੇ ਮਗਰਮੱਛ ਦੇ ਹੰਝੂ ਵਹਾਉਣੇ ਬੰਦ ਕਰ ਦੇਣੇ ਚਾਹੀਦੇ ਹਨ।' -ਪੀਟੀਆਈ

ਗਿਆ ਹੈ, 120-ਬੀ (ਅਪਰਾਧਕ ਸਾਜ਼ਿਸ਼ ਦੀ ਸਜ਼ਾ), ਐਸਸੀ/ਐਸਟੀ (ਅੱਤਿਆਚਾਰ ਰੋਕਥਾਮ) ਐਕਟ ਦੀਆਂ ਧਾਰਾਵਾਂ ਦੇ ਨਾਲ। ਜਿਵੇਂ ਹੀ ਇਹ ਖ਼ਬਰ ਸਾਹਮਣੇ ਆਈ, ਵਿਰੋਧੀ ਧਿਰ ਭਾਜਪਾ ਨੇ ਅਸ਼ੋਕ ਗਹਿਲੋਤ ਦੀ ਅਗਵਾਈ ਵਾਲੀ ਕਾਂਗਰਸ ਰਾਜ ਸਰਕਾਰ ਦੀ ਨਿੰਦਾ ਕੀਤੀ।

ਘਟਨਾ ਦਾ ਜਿਕਰ ਕਰੀਏ ਤਾਂ 14 ਸਤੰਬਰ 2020 ਨੂੰ ਉੱਤਰ ਪ੍ਰਦੇਸ਼ ਦੇ ਹਾਥਰਸ ਵਿੱਚ ਇੱਕ 19 ਸਾਲਾ ਦਲਿਤ ਔਰਤ ਨਾਲ ਸਮੂਹਿਕ ਬਲਾਤਕਾਰ ਅਤੇ ਬੇਰਹਿਮੀ ਨਾਲ ਕੀਤੇ ਗਏ 115 ਮਹੀਨਿਆਂ ਬਾਅਦ, ਅਤੇ ਇੱਕ ਮਹੀਨੇ ਬਾਅਦ ਜਦੋਂ ਉਸਨੇ ਦਿੱਲੀ ਦੇ ਇੱਕ ਹਸਪਤਾਲ ਵਿੱਚ ਦਮ ਤੋੜ ਦਿੱਤਾ। ਉਤਰ ਪ੍ਰਦੇਸ਼ ਦੀ ਪੁਲੀਸ ਨੇ ਉਸ ਨੂੰ ਜਬਰਦਸਤੀ ਰਾਜ ਦੇ ਸਮੇਂ ਪ੍ਰਿਵਾਰ ਦੇ ਮੈਂਬਰਾਂ ਦੀ ਗੈਰ ਮੌਜੂਦਗੀ ਵਿੱਚ ਸੰਸਕਾਰ ਕਰ ਦਿਤਾ।

ਰਾਹੁਲ ਅਤੇ ਪ੍ਰਿਯੰਕਾ ਦੇ ਕਾਫਲੇ ਨੂੰ ਯੂਪੀ-ਦਿੱਲੀ ਸਰਹੱਦ 'ਤੇ ਰੋਕਿਆ ਗਿਆ ਸੀ, ਕਿਉਂਕਿ ਹਥਰਸ ਵਿੱਚ ਧਾਰਾ 144 ਲਾਗੂ ਕੀਤੀ ਗਈ ਸੀ। ਫਿਰ ਉਨ੍ਹਾਂ ਨੇ ਪੈਦਲ 100 ਕਿਲੋਮੀਟਰ ਤੋਂ ਵੱਧ ਦੀ ਦੂਰੀ ਤੈਅ ਕਰਨ ਦਾ ਫੈਸਲਾ ਕੀਤਾ, ਪਰ ਯੂਪੀ ਪੁਲਿਸ ਨੇ ਉਨ੍ਹਾਂ ਨੂੰ ਯਮੁਨਾ ਐਕਸਪ੍ਰੈਸਵੇਅ 'ਤੇ ਵਾਰ -ਵਾਰ ਰੋਕਿਆ। ਬਾਅਦ ਵਿੱਚ ਉਨ੍ਹਾਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਅਤੇ ਵਾਪਸ ਦਿੱਲੀ ਲਿਜਾਇਆ ਗਿਆ।

ਆਖਿਰਕਾਰ ਰਾਹੁਲ ਅਤੇ ਪ੍ਰਿਯੰਕਾ ਨੂੰ ਪੀੜਤ ਪਰਿਵਾਰ ਨੂੰ ਮਿਲਣ ਦੀ ਇਜਾਜ਼ਤ ਦੇ ਦਿੱਤੀ ਗਈ। ਦੋ ਕਾਂਗਰਸੀ ਨੇਤਾਵਾਂ ਦੇ ਨਾਲ ਪਾਰਟੀ ਦੇ ਤਿੰਨ ਹੋਰ ਨੁਮਾਇੰਦਿਆਂ ਨੂੰ ਇਜਾਜ਼ਤ ਦੇ ਦਿੱਤੀ ਗਈ ਸੀ। ਮੀਡੀਆ ਨੂੰ ਪਿੰਡ ਵਿੱਚ ਦਾਖਲ ਹੋਣ ਦੇਣ ਲਈ ਢਿੱਲ ਦਿੱਤੀ ਗਈ ਸੀ।

ਅਗਲੇ ਕੁਝ ਦਿਨਾਂ ਵਿੱਚ, ਸਮਾਜਵਾਦੀ ਪਾਰਟੀ ਦਾ ਇੱਕ ਵਫ਼ਦ, ਰਾਸ਼ਟਰੀ ਲੋਕ ਦਲ (ਆਰਐਲਡੀ) ਦੇ ਉਪ ਪ੍ਰਧਾਨ ਜਯੰਤ ਚੌਧਰੀ ਅਤੇ ਭੀਮ ਆਰਮੀ ਦੇ ਮੁਖੀ ਚੰਦਰਸ਼ੇਖਰ ਆਜ਼ਾਦ ਨੇ ਪੀੜਤ ਦੇ ਘਰ ਜਾ ਕੇ ਉਨ੍ਹਾਂ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਕਾਂਗਰਸ ਨੇਤਾ ਰਾਹੁਲ ਅਤੇ ਪ੍ਰਿਯੰਕਾ ਨੇ ਵੀ ਪੀੜਤ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਯੂਪੀ ਸਰਕਾਰ ਉੱਤੇ ਹਮਲੇ ਕਰਦੇ ਮਾਮਲੇ ਦੀ ਸੀਬੀਆਈ ਜਾਂਚ ਦੀ ਸਿਫਾਰਸ਼ ਕੀਤੀ ਸੀ। ਚਾਰ ਵਾਰ ਯੂਪੀ ਦੇ ਮੁੱਖ ਮੰਤਰੀ ਰਹਿਣ ਵਾਲੀ ਪਾਰਟੀ ਦੇ ਨੇਤਾ ਦਾ ਹਾਥਰਸ ਕੇਸ ਵਿੱਚ ਅਹਿਮ ਰੋਲ ਨਾ ਹੋਣਾ ਖਟਕਦਾ ਰਿਹਾ।

ਹਾਲਾਂਕਿ ਇਹ ਉਹਨਾ ਦੇ ਆਪਣੇ ਰਾਜ ਦਾ ਮਸਲਾ ਸੀ। ਔਰਤ ਅਤੇ ਐਸਸੀ ਨੇਤਾ ਹੋਣ ਦੇ ਨਾਤੇ ਐਸਸੀ ਔਰਤ ਨਾਲ ਦਰਿੰਦਗੀ ਹੋਣ ਦੇ ਕਾਰਨ ਉਹਨਾ ਦਾ ਮਾਮਲੇ ਵਿੱਚ ਉਹਨਾ ਦੇ ਰਾਜਨੀਤਿਕ ਕੱਦ ਅਨੁਸਾਰ ਦਖਲ ਦੇਣਾ ਬਣਦਾ ਸੀ।

ਰਾਜਸਥਾਨ ਦੀ ਘਟਨਾ ਨਾਜਾਇਜ ਪ੍ਰੇਮ ਸਬੰਧਾਂ ਕਾਰਨ ਹੋਏ ਕਤਲ ਦਾ ਮਾਮਲਾ ਹੈ। ਇਸ ਘਟਨਾ ਨੂੰ ਉੱਰ ਪ੍ਰਦੇਸ਼ ਦੇ ਲਖੀਮਪੁਰ ਕਿਸਾਨਾਂ ਦੇ ਬਰਾਬਰੀ ਨਾਲ ਦੇਖਣਾ ਸਹੀ ਨਹੀਂ। ਬੇਸ਼ਕ ਇਸ ਕਤਲ ਦੀ ਵਾਰਦਾਤ ਦੀ ਵੀ ਪੂਰਨ ਪੁਣਸ਼ਾਣ ਕਰਕੇ ਇਨਸਾਫ ਹੋਣਾ ਚਾਹੀਦਾ ਹੈ। ਪਰ ਪੰਜਾਬ ਅਤੇ ਛੱਤੀਛਗੜ ਦੇ ਮੁੱਖਮੰਤਰੀਆਂ ਦਾ ਰਾਜਸਥਾਨ ਜਾਣ ਦਾ ਮਾਮਲਾ ਬਣਾਕੇ ਉਸ ਨੂੰ ਟਵੀਟ ਕਰਕੇ ਤੂਲ ਦੇਣਾ ਭੈਣ ਮਾਇਆਵਤੀ ਦਾ ਕੱਦ ਛੋਟਾ ਕਰਦਾ ਹੈ। ਇਸ ਗੱਲ ਦਾ ਉਹਨਾ ਨੂੰ ਧਿਆਨ ਰਖਣਾ ਬਣਦਾ ਹੈ।

# ਸਮਰਪਿਤ ਹਾਂ ਅਸੀਂ ਸਾਰੇ, ਦਿਖਾਵੇ ਨੂੰ!!



ਅਸ਼ੋਕ ਸੋਨੀ
91-98727-05078

ਇਕ ਛੋਟੀ ਜਿਹੀ ਕਹਾਣੀ ਸੁਣਾਉਂਦਾ ਆਂ, ਕਿਸੇ ਪਿੰਡ ਚ ਸੁਰਿੰਦਰ ਸਿੰਘ ਉਰਫ ਛਿੰਦਾ ਨਾਮ ਦਾ ਸ਼ਖਸ ਸੀ, ਘਰ ਦੇ ਹਾਲਾਤ ਤਾਂ ਨਰਮ ਈ ਰਹਿੰਦੇ ਸਨ ਪਰ ਛਿੰਦਾ ਦਿਖਾਵਾ ਕਰਨ ਦੀ ਬੀਮਾਰੀ ਤੋਂ ਪੀੜ੍ਹਤ ਸੀ। ਕਿਸੇ ਛੜੇ ਦਾ ਰਿਸ਼ਤਾ, ਛਿੰਦੇ ਨੇਂ ਆਪਣੀ ਕਰਾਮਾਤ ਨਾਲ ਸਿਰੇ ਚਾੜ੍ਹ ਦਿੱਤਾ ਤਾਂ ਅਗਲਿਆਂ ਨੇ ਵੀ ਸੋਨੇ ਦਾ ਕੜਾ ਪਾ ਕੇ ਛਿੰਦੇ ਦਾ ਮੁੱਲ ਤਾਰਤਾ, ਪਰ ਤੂੰਬਾ ਮੱਝ ਦੇ ਈ ਪੱਚਦਾ ਏ, ਬਕਰੀਆਂ ਦੇ ਢਿੱਡੋਂ ਤੂੰਬੇ ਦੀਆਂ ਡਕਾਰਾਂ ਨ੍ਹੀਂ ਆਉਂਦੀਆਂ। ਛਿੰਦਾ ਜਬਰਦਸਤ ਉਤਸ਼ਾਹ ਚ ਆ ਗਿਆ ਕਿ ਪਿੰਡ ਚ ਮੇਰਾ ਪਾਇਆ ਕੜਾ ਦਿੱਸੇ ਤੇ ਲੋਕ ਮੈਨੂੰ ਪੁੱਛਣ ਤੇ ਮੈਂ ਦੱਸਾ ਕਿ ਸੋਨੇ ਦਾ ਏ।

ਪਿੰਡ ਆ ਗਿਆ ਛਿੰਦਾ, ਠੰਡ ਇੰਨੀ,, ਓ ਹੋ ਹੋ,, ਰਹਿ ਰੱਬ ਦਾ ਨਾਂ, ਸੱਥ ਚ ਸਾਰੇ ਧੂਣੀ ਤਪੀ ਜਾਣ ਪਰ ਛਿੰਦਾ ਅੱਧੀ ਬਾਹਾਂ ਦੇ ਕੁੜਤੇ ਚ ਈ ਜਾ ਕੇ ਲੱਗ ਗਿਆ ਗੱਪਾਂ ਠੋਕਣ, ਜੇ ਕੰਬਲ ਉਪਰ ਲੈ ਲਿੰਦਾ ਤਾਂ ਕੜਾ ਸਵਾਹ ਦਿੱਸਣਾ ਸੀ, ਚੱਲੋ ਜੀ ਨਾਲੇ ਛਿੰਦਾ ਠੁਰੀ ਜਾਵੇ ਤੇ ਕੜੇ ਆਲੇ ਹੱਥ ਨੂੰ, ਧੱਕੇ ਨਾਲ ਈ ਬੇਲੋੜਾ ਹਿਲਾ-ਹਿਲਾ ਕੇ ਗੱਲਾਂ ਕਰੀ ਜਾਵੇ ਪਰ ਬਦਕਿਸਮਤੀ ਨਾਲ ਕਿਸੇ ਨੇਂ ਛਿੰਦੇ ਨੂੰ ਕੜੇ ਬਾਰੇ ਨਾਂ ਪੁੱਛਿਆ, ਛਿੰਦਾ ਇੰਨੀ ਠੰਡ ਚ ਪੂਰੇ ਪਿੰਡ ਚ ਚੱਕਰ ਲਾ-ਲਾ ਗੱਲਾਂ ਮਾਰ ਆਇਆ ਪਰ ਕਿਸੇ ਵੀ ਮਾਂ ਦੇ ਪੁੱਤ ਨੇਂ, ਕੜੇ ਬਾਰੇ ਨਾਂ ਪੁੱਛਿਆ। ਅਖੀਰ ਛਿੰਦੇ ਨੇ ਚੱਕਿਆ ਤੇਲ ਆਲਾ ਗੈਲਣ ਤੇ ਛਿੜਕ ਕੇ ਤੇਲ, ਆਪਣੇ ਘਰ ਨੂੰ ਈ ਅੱਗ ਲਾ ਦਿੱਤੀ, ਪੂਰਾ ਪਿੰਡ ਭੱਜਾ ਆਇਆ, ਕੜੀ ਮੁਸ਼ੱਕਤ ਤੋਂ ਬਾਅਦ ਪੂਰੇ ਪਿੰਡ ਨੇ ਮਸਾਂ ਅੱਗ ਤੇ ਕਾਬੂ ਪਾਇਆ, ਛਿੰਦਾ ਨੂੰ ਪਿੰਡ ਦੇ ਬਜ਼ੁਰਗ ਸਾਬਕਾ ਸਰਪੰਚ ਬੋਹੜ ਸਿੰਘ ਨੇ ਪੁੱਛਿਆ,"ਛਿੰਦੇ ਕਿੰਨਾ ਕੁ ਨੁਕਸਾਨ ਹੋਇਆ ਏ"? ਛਿੰਦੇ ਦੇ ਮੰਨ੍ਹ ਦੀ ਹੋ ਗਈ ਤੇ ਉਦਾਸੀ ਦੀ ਏਕਟਿੰਗ ਕਰਦਾ ਬੋਲਿਆ,"ਸਰਪੰਚ ਸਾਬ੍ਹ, ਸੱਭ ਕੁਝ ਸੜ ਗਿਆ, ਬਸ ਆਹ ਕੜਾ ਬਚਿਆ ਏ, ਸੋਨੇ ਦਾ ਏ, ਇਕ ਤੋਲੇ ਦਾ"। ਮੂਰਖਾਂ ਦੇ ਸਰਤਾਜ ਛਿੰਦੇ ਦੇ ਚਿਹਰੇ ਤੇ ਜੇਤੂ ਮੁਸਕਾਨ ਸੀ।

ਆਹ ਤਾਂ ਸੀ ਗੱਲ ਛਿੰਦੇ ਦੀ, ਪਰ ਤੁਸੀਂ ਸੋਚੋ ਕਿ ਆਪਣੇ ਸਭ ਦੇ ਅੰਦਰ ਵੀ, ਕਿਸੇ ਕੋਨੇ ਚ, ਕੋਈ ਲੁਕਿਆ ਛਿੰਦਾ



ਤਾਂ ਨ੍ਹੀਂ ਬੈਠਾ, ਜੀ ਹਾਂ , ਇਹ ਛੁਪਿਆ ਉੱਲੂ ਸਾਡੇ ਸਭ ਵਿੱਚ ਮੌਜੂਦ ਏ। ਦਿਖਾਵੇ ਲਈ ਆਪਾਂ ਆਪਣੀ ਔਕਾਤ ਚੋਂ ਬਾਹਰ ਜਾ ਕੇ, ਵੱਡੀਆਂ ਕੋਠੀਆਂ ਪਾਉਂਦੇ ਆਂ, ਵੱਡੀਆਂ ਗੱਡੀਆਂ, ਵਿਆਹਾਂ ਤੇ ਬੇਲੋੜੇ ਖਰਚੇ, ਮਹਿੰਗੇ ਮੋਬਾਈਲ, ਬ੍ਰਾਂਡੇਡ ਕੱਪੜੇ ਵਗੈਰਾ, ਫਾਲਤੂ ਸ਼ਾਪਿੰਗ ਬਸ ਕੀ-ਕੀ ਦੱਸਾਂ, ਦਰਅਸਲ ਲੋਕਾਂ ਦੇ ਦੇਖਾ-ਦੇਖੀ ਆਪਾਂ ਸਾਰੇ ਹੀਣਭਾਵਨਾ ਦੇ ਸ਼ਿਕਾਰ ਹੋ ਗਏ ਆਂ, ਜਿਸ ਕਰਕੇ ਆਹ ਅਨਮੋਲ ਜਿੰਦਗੀ ਆਪਾਂ, ਕਿਸ਼ਤਾਂ ਭਰਨ ਲਈ ਈ ਜੀਣ ਲੱਗ ਪੈਂਦੇ ਆਂ। ਜਿਆਦਾਤਰ,, ਮੁਲਾਜ਼ਮ ਆਪਣੀ ਤਨਖਾਹ ਦੇਖ ਇਸ ਜਾਲ ਚ ਫੱਸ ਜਾਂਦੇ ਨੇ ਉਥੇ ਹੀ, ਕਿਸਾਨ ਕੱਚੀ ਫਸਲ ਦੇਖ ਤੇ ਵਪਾਰੀ ਪਿਛਲਾ ਮੁਨਾਫਾ ਦੇਖ, ਬਾਕੀ ਔਕਾਤ ਤੋਂ ਵੱਧ ਕੇ ਖਰੀਦੀ ਕੋਈ ਵੀ ਚੀਜ ਸਿਰਫ ਸਾਂਭੀ ਹੀ ਜਾ ਸਕਦੀ ਏ, ਵਰਤੀ ਨ੍ਹੀਂ ਜਾ ਸਕਦੀ।

ਸਰਕਾਰੀ ਮਹਿਕਮਿਆਂ ਚ ਦਿਖਾਵੇ ਦੀ ਪ੍ਰਵਿਰਤੀ ਜਿਆਦਾਤਰ, ਬੰਦੇ ਦੇ ਰੈਂਕ ਅਨੁਸਾਰ ਵੱਧਦੇ ਕ੍ਰਮ ਚ ਚਲਦੀ ਏ, ਜਿੱਥੇ ਵਾਰ-ਵਾਰ ਆਪਣਾ ਵੱਡੇ ਅਹੁਦੇ ਦੇ ਦਿਖਾਵੇ ਲਈ ਨਿਰੰਤਰ, ਅਭਿਨੈ ਜਾਰੀ ਰਹਿੰਦਾ ਏ ਤਾਂ ਉੱਥੇ ਈ ਵੱਡੇ-ਵੱਡੇ ਰਾਜਨੇਤਾਵਾਂ, ਅਭਿਨੇਤਾਵਾਂ, ਖਿਲਾੜੀਆਂ, ਲੇਖਕਾਂ ਤੇ ਪੱਤਰਕਾਰਾਂ ਦੇ ਵਿੱਚ ਦਾ ਛਿੰਦਾ, ਕਈ ਵਾਰ ਸ਼ਰੇਆਮ ਈ ਦਿ-ਖਾਈ ਦੇ ਜਾਂਦਾ ਏ। ਅਸਲ ਚ ਦਿਖਾਵਾ ਹੁਣ ਇਕ ਵੱਡੀ ਮਹਾਂਮਾਰੀ ਦਾ ਰੂਪ ਧਾਰਣ ਕਰ ਚੁੱਕਾ ਏ।

ਅਖੌਤੀ ਸਮਾਜਸੇਵੀਆਂ ਤੇ ਛੁਟਭਈਏ ਲੀਡਰਾਂ ਦਾ ਛਿੰਦਾ, ਉਨਾਂ ਵੱਲੋਂ ਕੀਤੇ ਮਾਮੂਲੀ ਕੰਮਾਂ ਦੀਆਂ ਵੱਡੀਆਂ ਤਸਵੀਰਾਂ ਦੇ ਵਿੱਚੋਂ ਝਾਕਦਾ ਰਹਿੰਦਾ ਏ, ਤਾਂ ਉੱਥੇ ਈ ਆਪਣੀ ਠੁੱਕ ਬਣਾਉਣ ਲਈ ਦਾਨ ਕਰਨ ਆਲਿਆਂ ਦਾ ਛਿੰਦਾ ਵੀ ਪੱਥਰਾਂ ਤੇ ਲਿੱਖੇ ਨਾਮਾਂ ਵਿਚੋਂ ਸਾਫ ਦਿਖਾਈ ਦਿੰਦਾ ਏ। ਹਾਲਾਂਕਿ ਬਹੁਤ ਸਾਰੇ ਸਮਾਜ ਭਲਾਈ ਦੇ ਨੈਤਿਕ ਕੰਮਾਂ ਦਾ ਸਰਵਜਨਕ ਦਿਖਾਵਾ ਕਰਨਾ ਲਾਜ਼ਮੀ ਏ ਤਾਂ ਜੋ ਹੋਰ ਲੋਕ ਵੀ ਪ੍ਰੇਰਿਤ ਹੋਣ । ਬਾਕੀ ਮਤਲਬ ਦੇ ਇਸ ਕਾਲੇ ਦੌਰ ਚ ਸਾਡੇ ਜਿਆਦਾਤਰ ਮਿੱਤਰ, ਰਿਸ਼ਤੇਦਾਰ ਸਾਡਾ ਫਿਕਰ ਤਾਂ ਭਾਂਵੇ ਘੱਟ-ਵੱਧ ਈ ਕਰਦੇ ਹੋਣ ਪਰ ਮਦਦ ਕਰਨ ਦਾ ਦਿਖਾਵਾ ਕਰਨ ਆਲੀ ਹਨੇਰੀ ਲਿਆ ਦਿੰਦੇ ਨੇਂ। ਮੈਂ ਤਾਂ ਇਸ ਬੀਮਾਰੀ ਚੋਂ ਨਿਕਲਣ ਲਈ ਯਤਨਸ਼ੀਲ ਆਂ ਤੇ ਆਸ ਕਰਦਾ ਹਾਂ ਕਿ ਤੁਸੀਂ ਵੀ ਜਲਦੀ ਈ ਇਸ ਰੋਗ ਤੋਂ ਨਿਜਾਤ ਪਾ ਲਵੋਂਗੇ।

# ਸਿੱਧੂ ਦੇ ਖਿਲਾਫ ਐਸਸੀ ਐਸਟੀ ਐਕਟ ਅਧੀਨ ਮੁਕੱਦਮਾ ਹੋਵੇ

## ਸਿੱਧੂ ਵਲੋਂ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦਾ ਉਡੀਕ ਵਿੱਚ ਗਾਲ ਦੇਣਾ ਗਲਤ, ਪੰਜਾਬ ਦੇ ਐਸਸੀ ਭਾਈਚਾਰਾ ਦੀਆਂ ਭਾਵਨਾਵਾਂ ਨੂੰ ਸੱਟ, ਐਸਸੀ ਸਮਾਜ ਵਿੱਚ ਸਖਤ ਨਰਾਜਗੀ

ਨਵਜੋਤ ਸਿੱਧੂ ਦੀ ਨਾਰਾਜ਼ਗੀ ਨੇ ਕਾਂਗਰਸ ਨੂੰ ਉਸ ਸਮੇਂ ਸ਼ਰਮਿੰਦਾ ਕੀਤਾ ਜਦੋਂ ਪਾਰਟੀ ਹਾਈਕਮਾਂਡ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਪਣਾ ਘਰ ਸਥਾਪਤ ਕਰਨ 'ਤੇ ਧਿਆਨ ਕੇਂਦਰਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸੱਤਾਧਾਰੀ ਪਾਰਟੀ ਲਈ ਤਾਜ਼ਾ ਸਿਰਦਰਦੀ ਵੀਰਵਾਰ ਨੂੰ ਹੋਈ ਜਦੋਂ ਸਿੱਧੂ ਨੇ - ਜਿਨ੍ਹਾਂ ਨੇ ਅਜੇ ਤੱਕ ਕਾਂਗਰਸ ਦੀ ਪੰਜਾਬ ਇਕਾਈ ਦੇ ਮੁਖੀ ਵਜੋਂ ਆਪਣਾ ਅਸਤੀਫਾ ਵਾਪਸ ਨਹੀਂ ਲਿਆ - ਨੇ ਕਿਸਾਨਾਂ ਦੀ ਬੇਰਹਿਮੀ ਨਾਲ ਹੱਤਿਆ ਦੇ ਵਿਰੋਧ ਵਿੱਚ ਪਾਰਟੀ ਵਰਕਰਾਂ ਨੂੰ ਮੋਹਾਲੀ ਤੋਂ ਯੂਪੀ ਦੇ ਲਖੀਮਪੁਰ ਖੀਰੀ ਵੱਲ ਲਿਜਾਣ ਦਾ ਫੈਸਲਾ ਕੀਤਾ।

ਦਲ ਦੇ ਦ੍ਰਿਸ਼ਾਂ ਵਿੱਚ ਜਦੋਂ ਉਹ ਆਪਣੇ ਰੋਸ ਮੁਜ਼ਾਹਰੇ ਲਈ ਤਿਆਰ ਹੀ ਸਨ, ਸਿੱਧੂ, ਜਿਨ੍ਹਾਂ ਨੇ ਅੱਜ ਕੇਂਦਰੀ ਮੰਤਰੀ ਅਜੈ ਮਿਸ਼ਰਾ ਦੇ ਪੁੱਤਰ ਦੀ ਗ੍ਰਿਫਤਾਰੀ ਦੀ ਮੰਗ ਨੂੰ ਲੈ ਕੇ ਵਰਤ ਸ਼ੁਰੂ ਕੀਤਾ ਸੀ, ਪ੍ਰੇਸ਼ਾਨ ਨਜ਼ਰ ਆ ਰਹੇ ਸਨ ਕਿਉਂਕਿ ਉਨ੍ਹਾਂ ਨੂੰ ਮੁੱਖ ਮੰਤਰੀ ਚਰਨਜੀਤ ਚੰਨੀ ਦੇ ਆਉਣ ਦੀ ਉਡੀਕ ਕਰਨੀ ਪਈ ਸੀ।

ਪਿਛਲੇ ਮਹੀਨੇ ਅਸਤੀਫਾ ਦੇਣ ਦੀ ਧਮਕੀ ਨੇ ਕਾਂਗਰਸ ਲਈ ਸਿਰਦਰਦੀ ਬਨਾਉਣ ਦੀ ਕੋਸ਼ਿਸ਼ ਕੀਤੀ ਸੀ, ਖਾਸ ਕਰਕੇ ਜਦੋਂ ਪਾਰਟੀ ਨੇ ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਨਾਲ ਉਸ ਦੇ ਜਨਤਕ ਝਗੜੇ ਵਿੱਚ ਕੇਂਦਰ ਨੇ ਉਸਦੇ ਪੱਖ ਦਾ ਸਮਰਥਨ ਕੀਤਾ ਸੀ। ਹੁਣ ਉਹ ਆਪਣੀ ਪਾਰਟੀ ਦੀ ਆਲੋਚਨਾ ਕਰਦੇ ਹੋਏ ਕੈਮਰੇ ਵਿੱਚ ਫਸ ਗਿਆ ਹੈ। ਦਿਖਾਈ ਗਈ ਵੀਡੀਓ ਵਿੱਚ ਸਿੱਧੂ ਦੇ ਨੇੜਲੇ ਸਹਿਯੋਗੀ ਅਤੇ ਕੈਬਨਿਟ ਮੰਤਰੀ ਪ੍ਰਗਟ ਸਿੰਘ ਇਹ ਕਹਿ ਕੇ ਸ਼ਾਂਤ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਕਿ ਚੰਨੀ ਛੇਤੀ ਹੀ ਉਨ੍ਹਾਂ ਵਿੱਚ ਸ਼ਾਮਲ ਹੋ ਜਾਣਗੇ। ਪੰਜਾਬ ਕਾਂਗਰਸ ਦੇ ਕਾਰਜਕਾਰੀ ਪ੍ਰਧਾਨ ਸੁਖਵਿੰਦਰ ਸਿੰਘ ਡੈਨੀ ਨੇ ਸਿੱਧੂ ਨੂੰ ਦੱਸਿਆ ਕਿ ਮਾਰਚ ਸਫਲ ਹੋਵੇਗਾ। ਪ੍ਰਤੀਕਰਮ ਕੌੜਾ ਲੱਗਦਾ ਹੈ; ਉਹ ਕਹਿੰਦਾ ਹੈ: "ਸਫਲਤਾ ਕਿੱਥੇ ਹੈ? ਜੇ ਭਗਵੰਤ ਸਿੱਧੂ ਦੇ ਪੁੱਤਰ (ਉਸਦੇ ਪਿਤਾ ਦਾ ਹਵਾਲਾ) ਨੂੰ ਅਗਵਾਈ ਕਰਨ ਦੀ ਇਜਾਜ਼ਤ ਦਿੱਤੀ ਜਾਂਦੀ, (ਕਹਿਣਾ ਸੀ ਉਸ ਨੂੰ ਮੁੱਖ ਮੰਤਰੀ ਬਣਾਇਆ ਜਾਂਦਾ)ਤਾਂ ਤੁਸੀਂ ਵੇਖਿਆ ਹੁੰਦਾ ... ਕਾਂਗਰਸ ਮਰਨ ਦੀ ਅਵਸਥਾ ਵਿੱਚ ਹੈ ..." ਇਸ ਦੇ ਨਾਲ ਹੀ ਉਹ ਭੈਣ ਦੀ ਗਾਲ ਕਢਦੇ ਹਨ।

ਸਾਰੇ ਹੀ ਵਿਰੋਧੀ ਦਲ ਨੇ ਵੀ ਇਸ ਟਿੱਪਣੀ (ਗਾ਼ਲ ਕਢਣ) ਦੀ ਨਿੰਦਾ ਕਰ ਰਹੇ ਹਨ। ਜਿਸ ਨੇ ਕਿਹਾ ਹੈ ਕਿ ਇਹ




ਸਿੱਧੂ ਦੇ ਦਲਿਤ ਭਾਈਚਾਰੇ ਪ੍ਰਤੀ ਸਤਿਕਾਰ ਦੀ ਘਾਟ ਨੂੰ ਦਰਸਾਉਂਦਾ ਹੈ। ਅਕਾਲੀਆਂ ਨੇ ਇਹ ਵੀ ਘੋਸ਼ਣਾ ਕੀਤੀ ਹੈ ਕਿ ਇਸ ਟਿੱਪਣੀ ਨਾਲ ਕਾਂਗਰਸ ਦੇ "ਜਾਤੀ ਕਾਰਡ" ਦਾ ਖੁਲਾਸਾ ਹੋਇਆ ਸੀ - ਚੋਣਾਂ ਤੋਂ ਪਹਿਲਾਂ - ਬੇਨਕਾਬ ਹੋ ਗਿਆ ਸੀ।

"ਉਹ ਲੋਕ ਜੋ ਆਪਣੀ ਇੱਛਾਵਾਂ ਨੂੰ ਲੋਕ ਭਲਾਈ ਤੋਂ ਉੱਪਰ ਰੱਖਦੇ ਹਨ ਉਹ ਰਾਜ ਨੂੰ ਕੋਈ ਦਿਸ਼ਾ ਨਹੀਂ ਦੇ ਸਕਦੇ। ਉਹ ਖੁੱਲੇ ਖੜ੍ਹੇ ਹਨ ... ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਪੰਜਾਬੀਆਂ ਨੂੰ ਦੱਸਣਾ ਚਾਹੀਦਾ ਹੈ ਕਿ ਉਸਨੇ ਅਨੁਸੂਚਿਤ ਜਾਤੀ ਦਾ ਮੁੱਖ ਮੰਤਰੀ ਬਣਾ ਕੇ ਉਨ੍ਹਾਂ ਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਿਉਂ ਕੀਤੀ। ਸਿੱਧੂ ਅਤੇ ਅਮਰਿੰਦਰ ਸਿੰਘ ਨੇ ਪਿਛਲੇ ਕੁਝ ਮਹੀਨਿਆਂ ਤੋਂ ਲਗਾਤਾਰ ਜਨਤਕ ਅਤੇ ਦੁਸ਼ਮਣੀ ਭਰੀ ਲੜਾਈ ਛੇੜੀ ਹੋਈ ਹੈ, ਜਿਸ ਦੇ ਸਿੱਟੇ ਵਜੋਂ ਸਿੱਧੂ ਨੇ ਆਪਣੇ ਆਪ ਨੂੰ "ਅਪਮਾਨਿਤ" ਮੰਨਦਿਆ ਅਸਤੀਫਾ ਦੇ ਦਿੱਤਾ। ਸਾਬਕਾ ਮੁੱਖਮੰਤਰੀ ਅਮਰਿੰਦਰ ਸਿੰਘ ਨੇ ਕਾਂਗਰਸ ਨੂੰ ਸ੍ਰੀ ਸਿੱਧੂ 'ਤੇ ਭਰੋਸਾ ਨਾ ਕਰਨ ਦੀ ਵਾਰ-ਵਾਰ ਚੇਤਾਵਨੀ ਦਿੱਤੀ ਸੀ।
ਬ੍ਰਾਹਮਣਵਾਦ ਕੀ ਹੈ, ਇਸ ਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸ਼ਬਦਾਂ ਵਿਚ ਸਪਸ਼ਟ ਰੂਪ ਵਿਚ ਸਮਝਿਆ ਜਾ ਸਕਦਾ ਹੈ। ਆਪਣੀ ਇਕ ਸਭ ਤੋਂ ਅਹਿਮ ਲਿਖਤ 'ਜਾਤ-ਪਾਤ ਦਾ ਬੀਜ ਨਾਸ' ਵਿਚ ਜਾਤਪਾਤ ਦੇ ਕਾਰਨਾਂ ਦੀ ਨਿਸ਼ਾਨਦੇਹੀ ਕਰਦਿਆਂ ਡਾ. ਅੰਬੇਡਕਰ ਨੇ ਦੱਸਿਆ ਹੈ; "ਜਾਤ ਇਕ ਧਾਰਨਾ ਹੈ ਅਤੇ ਮਨ ਦੀ ਇਕ ਅਵਸਥਾ ਹੈ। ਇਸ ਲਈ ਜਾਤਪਾਤ ਦੇ ਖਾਤਮੇ ਦਾ ਅਰਥ ਕਿਸੇ ਠੋਸ ਰੁਕਾਵਟ ਨੂੰ ਖਤਮ ਕਰਨਾ ਨਹੀਂ। ਇਸ ਦਾ ਅਰਥ ਮਨੁਖੀ ਮਨ ਵਿਚ ਬਣੀਆਂ ਧਾਰਨਾਵਾਂ ਨੂੰ ਬਦਲਣਾ ਹੈ। ਜਾਤਪਾਤ ਬੁਰੀ ਹੋ ਸਕਦੀ ਹੈ। ਇਹ ਇਨਸਾਨਾਂ ਕੋਲੋਂ ਵਹਿਸ਼ੀ ਕੰਮ ਕਰਵਾ ਸਕਦੀ ਹੈ। ਫਿਰ ਵੀ ਇਹ ਮੰਨਣਾ ਪਵੇਗਾ ਕਿ ਜੇ ਹਿੰਦੂ ਜਾਤਪਾਤ ਦੀ ਪਾਲਣਾ ਕਰਦੇ ਹਨ, ਤਾਂ ਇਸ ਕਰਕੇ ਨਹੀਂ ਕਿ ਉਹ ਵਹਿਸ਼ੀ ਜਾਂ ਪਾਗਲ ਹਨ, ਸਗੋਂ ਇਸ ਕਰਕੇ ਕਿ ਉਹ ਪਕੇ ਧਾਰਮਿਕ ਹਨ। ਜੇ ਲੋਕ ਜਾਤਪਾਤ ਦੀ ਪਾਲਣਾ ਕਰਦੇ ਹਨ ਤਾਂ ਇਸ ਦਾ ਅਰਥ ਇਹ ਨਹੀਂ ਕਿ ਲੋਕ ਹੀ ਗਲਤ ਹਨ। ਗਲਤ ਹੈ ਉਹਨਾਂ ਦਾ ਧਰਮ, ਜੋ ਉਹਨਾਂ ਦੇ ਮਨਾਂ ਅੰਦਰ ਜਾਤਪਾਤ ਦੀਆਂ ਧਾਰਨਾਵਾਂ ਭਰਦਾ ਹੈ। ਜੇ ਇਹ ਗੱਲ ਠੀਕ ਹੈ ਤਾਂ ਸਾਫ ਜਾਹਿਰ ਹੈ ਕਿ ਦੁਸ਼ਮਣ ਲੋਕ ਨਹੀਂ ਸਗੋਂ ਉਹ ਸ਼ਾਸਤਰ ਹਨ, ਜੋ ਲੋਕਾਂ ਨੂੰ ਜਾਤਪਾਤ ਦਾ ਧਰਮ ਸਿਖਾਉਂਦੇ ਹਨ। ਇਹ ਸਾਸ਼ਤਰ ਹੀ ਹਨ ਜੋ ਜਾਤਪਾਤ ਦਾ ਧਰਮ ਉਪਦੇਸ਼ ਦੇਂਦੇ ਹਨ। ਹਰ ਇਕ ਇਸਤਰੀ ਪੁਰਸ਼ ਨੂੰ ਇਨ੍ਹਾਂ ਧਾਰਮਿਕ ਸ਼ਾਸਤਰਾਂ ਦੀ ਗੁਲਾਮੀ ਤੋਂ ਮੁਕਤ ਕਰ ਦਿਓ ਤੇ ਸਾਸ਼ਤਰਾਂ ਉਤੇ ਆਧਾਰਿਤ ਅੰਧ-ਵਿਸ਼ਵਾਸਾਂ ਨੂੰ ਉਨ੍ਹਾਂ ਦੇ ਦਿਮਾਗਾਂ ਵਿਚੋਂ ਕਢ ਦਿਓ, ਤਾਂ ਇਹ ਇਸਤਰੀ ਪੁਰਸ਼ ਕਿਸੇ ਦੇ ਕਹੇ ਬਗੈਰ ਹੀ ਆਪਸ ਵਿਚ ਸਾਂਝਾ ਲੰਗਰ ਅਤੇ ਜਾਤਪਾਤ ਤੋੜ ਕੇ ਵਿਆਹ ਕਰਨ ਲੱਗ ਪੈਣਗੇ।'' ਇਥੇ ਸਪਸ਼ਟ ਕਰਨ ਵਾਲੀ ਗੱਲ ਇਹ ਹੈ ਕਿ ਧਰਮ ਗ੍ਰੰਥਾਂ ਜਾਂ ਕਿਤਾਬਾਂ ਵਿਚ ਦਰਜ ਧਾਰਨਾਵਾਂ ਜਾਂ ਮੰਦਰਾਂ-ਗੁਰਦੁਆਰਿਆਂ ਵਿਚ ਕੀਤਾ ਜਾ ਰਿਹਾ ਕਰਮਕਾਂਡ ਹੀ ਸਿਰਫ ਧਰਮ ਨਹੀਂ ਹੁੰਦਾ, ਸਗੋਂ ਮਨੁਖੀ ਚੇਤਨਾ ਵਿਚ ਉਕਰੀਆਂ ਹੋਈਆਂ ਧਾਰਨਾਵਾਂ ਵੀ ਧਰਮ ਦਾ ਆਧਾਰ ਹੁੰਦੀਆਂ ਹਨ। ਮਨੁੱਖੀ ਚੇਤਨਾ ਵਿਚ ਉਕਰੀਆਂ ਹੋਈਆਂ ਘਟਨਾਵਾਂ ਤੇ ਇਨ੍ਹਾਂ ਧਾਰਨਾਵਾਂ ਅਨੁਸਾਰ ਇਨ੍ਹਾਂ ਘਟਨਾਵਾਂ ਦੀ ਕੀਤੀ ਜਾਂਦੀ ਵਿਆਖਿਆ ਵੀ ਧਰਮ ਦਾ ਆਧਾਰ ਹੁੰਦੀ ਹੈ। ਇਹ ਧਾਰਨਾਵਾਂ ਕਿਸੇ ਫਿਲਾਸਫੀ ਦੀ ਦੇਣ ਹੁੰਦੀਆਂ ਹਨ। ਇਹ ਫਿਲਾਸਫੀ ਇਸ ਬ੍ਰਹਿਮੰਡ, ਇਸ ਧਰਤੀ ਤੇ ਧਰਤੀਆਂ ਉਤਲੇ ਮਨੁਖਾਂ ਦੇ ਆਪਸੀ ਰਿਸ਼ਤਿਆਂ ਨੂੰ ਸਮਝਣ ਦਾ ਇਕ ਦ੍ਰਿਸ਼ਟੀਕੋਣ ਹੈ। ਸਾਸ਼ਤਰਾਂ ਦਾ ਧਰਮ ਵੀ ਇਕ ਫਿਲਾਸਫੀ ਹੈ, ਇਕ ਦ੍ਰਿਸ਼ਟੀਕੋਣ, ਜਿਸ ਨੂੰ ਡਾ. ਅੰਬੇਡਕਰ ਨੇ ਬ੍ਰਾਹਮਣਵਾਦ ਦਾ ਨਾਂ ਦਿਤਾ ਹੈ। ਇਹ ਸੋਚ ਪ੍ਰਬੰਧ ਮਨੁੱਖੀ ਚੇਤਨਾ ਦਾ ਹਿੱਸਾ ਹੈ। ਇਹ ਸੋਚ ਪ੍ਰਬੰਧ ਮਨੁਖੀ ਚੇਤਨਾ ਨੂੰ ਕੁਦਰਤੀ ਹਕੀਕਤ ਨਾਲ ਨਹੀਂ ਸਗੋਂ ਕਾਲਪਨਿਕ ਤੇ ਭਰਮਾਊ ਬ੍ਰਾਹਮਣੀ ਧਾਰਨਾਵਾਂ ਨਾਲ ਜੋੜਨਾ ਹੈ। ਬ੍ਰਾਹਮਣਵਾਦ ਖੁਦ ਪਰਜੀਵੀ ਹੋਣ ਕਰਕੇ ਨਾ ਸਿਰਫ ਹਰ ਕਿਸਮ ਦੇ ਲੁਟੇਰੇ ਆਰਥਿਕ ਰਿਸ਼ਤਿਆਂ ਦੀ ਪੈਰਵਾਈ ਕਰਦਾ ਹੈ, ਸਗੋਂ ਉਨ੍ਹਾਂ ਦੀ ਡਟ ਕੇ ਵਕਾਲਤ ਕਰਦਾ ਹੈ ਅਤੇ ਮੋੜਵੇਂ ਰੂਪ ਵਿਚ ਲੁਟੇਰੇ ਆਰਥਿਕ ਰਿਸ਼ਤਿਆਂ ਨੂੰ ਵਿਚਾਰਧਾਰਕ ਆਧਾਰ ਮੁਹੱਈਆ ਕਰਦਾ ਹੈ। ਬ੍ਰਾਹਮਣਵਾਦ ਗੁਲਾਮਦਾਰੀ ਯੁਗ ਵਿੱਚ ਗੁਲਾਮ ਮਾਲਕਾਂ ਦੀ ਪੈਰਵਾਈ ਕਰਦਾ ਰਿਹਾ ਹੈ ਅਤੇ ਜਾਗੀਰੂ-ਰਜਵਾੜਾਸ਼ਾਹੀ ਯੁਗ ਵਿੱਚ ਰਜਵਾੜਾਸ਼ਾਹੀ ਦਾ ਸਿਧਾਂਤਕ ਵਕੀਲ ਰਿਹਾ ਹੈ। ਅੱਜ ਇਹ ਬ੍ਰਾਹਮਣਵਾਦ ਅਰਧ ਜਾਗੀਰੂ ਅਰਧ ਸਾਮਰਾਜੀ ਆਰਥਿਕ ਰਿਸ਼ਤਿਆਂ ਦੀ ਹੀ ਨਹੀਂ ਸਗੋਂ ਸਾਮਰਾਜੀ (ਪੂੰਜੀਵਾਦੀ) ਆਰਥਿਕ ਰਿਸ਼ਤਿਆਂ ਦੀ ਵੀ ਪੁਸ਼ਤਪਨਾਹੀ ਕਰ ਰਿਹਾ ਹੈ। ਇਸੇ ਕਰਕੇ ਸਾਮਰਾਜੀ ਪੂੰਜੀਵਾਦੀ ਦਾ ਪੈਰੋਕਾਰ ਸਮੁੱਚਾ ਮੀਡੀਆ (ਸਾਰੇ ਟੀ. ਵੀ. ਚੈਨਲ, ਸਮੇਤ 'ਧਰਮ ਨਿਰਪੱਖ' ਸਰਕਾਰੀ ਚੈਨਲਾਂ ਦੇ, ਅਖ਼ਬਾਰਾਂ ਤੇ ਮੈਗਜ਼ੀਨ) 24 ਘੰਟੇ ਇਸੇ ਬ੍ਰਾਹਮਣਵਾਦ ਦਾ ਪ੍ਰਚਾਰ ਕਰਦਾ ਨਜ਼ਰ ਆਉਂਦਾ ਹੈ।

ਬ੍ਰਾਹਮਣਵਾਦ ਹੋਰ ਕੁਝ ਨਹੀਂ ਸਗੋਂ ਠੋਸ ਕੁਦਰਤੀ ਹਕੀਕਤ ਨੂੰ ਉਲਟੇ ਸਿਰ ਖੜ੍ਹਾ ਕਰਨ ਦਾ ਇਕ ਫਲਸਫ਼ਾ ਹੈ। ਇਹ ਕੁਦਰਤੀ ਹਕੀਕਤ ਦੀ ਵਿਆਖਿਆ ਠੋਸ ਅਸਲੀਅਤ ਉੱਤੇ ਆਧਾਰਿਤ ਨਹੀਂ ਸਗੋਂ ਆਪਣੇ ਦਿਮਾਗਾਂ ਵਿਚ ਬਣੀਆਂ ਕਾਲਪਨਿਕ ਧਾਰਨਾਵਾਂ ਵਿਚੋਂ ਕਰਦਾ ਹੈ। ਇਹ ਇਸ ਸੰਸਾਰ ਦੀ ਵਿਆਖਿਆ ਕਿਸੇ ਕਾਲਪਨਿਕ ਨਰਕ-ਸੁਰਗ, ਪੁਨਰ ਜਨਮ, ਪੁੰਨ-ਪਾਪ, ਕਾਲਪਨਿਕ ਦੇਵੀ-ਦੇਵਤਿਆਂ ਬ੍ਰਹਮਾਂ, ਵਿਸ਼ਨੂੰ, ਮਹੇਸ਼, ਗਣੇਸ਼ ਆਦਿ ਤੇ ਮਨੁੱਖਾਂ ਦੀ ਜਮਾਂਦਰੂ ਨਾਬਰਾਬਰੀ ਦੇ ਸਿਧਾਂਤ ਨੂੰ ਮੰਨ ਕੇ ਕਰਦਾ ਹੈ। ਠੋਸ ਕੁਦਰਤੀ ਹਕੀਕਤ ਜਾਂ ਮਨੁੱਖ ਤੇ ਕੁਦਰਤ ਦੇ ਰਿਸ਼ਤੇ ਦੀ ਕੀਤੀ ਗਈ ਇਹ ਕਲਪਨਾਮਈ ਵਿਆਖਿਆ ਅੱਜ ਸਾਮਰਾਜੀ ਪੂੰਜੀਵਾਦ ਦੇ ਦੌਰ ਵਿਚ ਆ ਕੇ ਹੋਰ ਵੀ ਭਿਅੰਕਰ ਰੂਪ ਧਾਰਨ ਕਰ ਗਈ ਹੈ। ਅੱਜ ਇਹੀ ਬ੍ਰਾਹਮਣਵਾਦ ਸਾਮਰਾਜੀ ਪੂੰਜੀਵਾਦ ਵਲੋਂ ਕੁਦਰਤ ਨਾਲੋਂ ਟੁੱਟੇ ਹੋਏ ਇਕ ਕਾਲਪਨਿਕ ਸੰਸਾਰ ਦੀ ਉਸਾਰੀ ਨੂੰ ਸਿਧਾਂਤਕ ਆਧਾਰ ਮੁਹੱਈਆ ਕਰ ਰਿਹਾ ਹੈ। ਇਥੇ ਸਮਝਣ ਵਾਲੀ ਗੱਲ ਫਿਰ ਇਹੀ ਹੈ ਕਿ ਬ੍ਰਾਹਮਣਵਾਦ ਕਿਸੇ ਕਾਲਪਨਿਕ ਰੱਬ ਨਾਲ ਜੁੜੇ ਭਰਮਜਾਲ ਅਤੇ ਕਰਮਕਾਂਡ ਦਾ ਮਿਲਗੋਭਾ ਹੈ, ਜਿਹੜਾ ਕੁਦਰਤ ਤੇ ਮਨੁਖ ਦੇ ਰਿਸ਼ਤੇ ਨੂੰ ਉਲਟੇ ਸਿਰ ਖੜਾ ਕਰ ਦੇਂਦਾ ਹੈ। ਇਹ ਮਨੁੱਖ ਨੂੰ ਕੁਦਰਤ ਦੀ ਸਿਰਜਣਾ ਸਮਝਣ ਦੀ ਬਜਾਇ, ਕਿਸੇ ਕਾਲਪਨਿਕ ਰੱਬ ਨੂੰ ਇਸ ਰਿਸ਼ਤੇ ਵਿਚਕਾਰ ਲਿਆ ਵਾੜਦਾ ਹੈ। ਜਿੰਨਾ ਚਿਰ ਇਸ ਮਿਲਗੋਭੇ ਵਿਚ ਕੁਦਰਤ ਤੇ ਮਨੁਖ ਦੇ ਸਿਧੇ ਰਿਸ਼ਤੇ ਦੀ ਨਿਸ਼ਾਨਦੇਹੀ ਨਹੀਂ ਕੀਤੀ ਜਾਂਦੀ, ਓਨਾ ਚਿਰ ਇਸ ਬ੍ਰਾਹਮਣਵਾਦੀ ਕੂੜ ਵਿਰੁਧ ਅਸਰਦਾਰ ਜੰਗ ਨਹੀਂ ਵਿਢੀ ਜਾ ਸਕਦੀ। ਕੁਦਰਤ ਤੇ ਮਨੁੱਖ ਦੇ ਰਿਸ਼ਤੇ ਬਾਰੇ ਸਪੱਸ਼ਟ ਹੋਏ ਬਿਨਾਂ ਮਨੁੱਖ ਦਾ ਰੂਹਾਨੀ ਵਿਕਾਸ ਸੰਭਵ ਨਹੀਂ ਅਤੇ ਰੂਹਾਨੀ ਵਿਕਾਸ ਬਿਨਾਂ ਮਨੁੱਖ ਦੇ ਅਸਲੀ ਮਨੁੱਖ ਬਣਨ ਦੀ ਕਿਰਿਆ ਸ਼ੁਰੂ ਨਹੀਂ ਹੋ ਸਕਦੀ। ਇਸ ਤੋਂ ਬਿਨਾਂ ਮਨੁੱਖ ਦੀ ਆਪਣੀਆਂ ਕੁਦਰਤੀ ਲੋੜਾਂ ਦੀ ਪਛਾਣ ਕਰਨ ਤੇ ਮਨੁੱਖੀ-ਸਮਾਜੀ ਰਿਸ਼ਤਿਆਂ ਨੂੰ ਅਮੀਰ ਭਾਵ ਜਾਤਪਾਤ ਰਹਿਤ ਬਣਾਉਣ ਦੀ ਕਿਰਿਆ ਅੱਧਵਾਟੇ ਰੁਕ ਜਾਂਦੀ ਹੈ। ਜਦੋਂ ਮਨੁੱਖ ਦਾ ਮਨੁੱਖੀ (ਸਮਾਜੀ) ਵਿਕਾਸ ਹੀ ਰੁਕ ਜਾਏ ਤਾਂ ਜਾਤਪਾਤ ਰਹਿਤ ਹਰ ਤਰ੍ਹਾਂ ਦੀ ਬਰਾਬਰੀ ਦੇ ਸਮਾਜ ਦੀ ਸਿਰਜਣਾ ਦਾ ਕਾਰਜ ਅੱਗੇ ਕਿਵੇਂ ਤੋਰਿਆ ਜਾ ਸਕਦਾ ਹੈ?

ਡਾ. ਅੰਬੇਡਕਰ ਨੇ ਇਸੇ ਰੂਹਾਨੀ ਪੱਖ ਤੋਂ ਕਮਿਊਨਿਸਟਾਂ ਨਾਲੋਂ ਆਪਣਾ ਦ੍ਰਾਸ਼ਨਿਕ ਤੋੜ-ਵਿਛੋੜਾ ਕੀਤਾ ਸੀ ਤੇ ਕਮਿਊਨਿਸਟ ਲਹਿਰ ਦੇ ਹੁਣ ਤੱਕ ਦੇ ਸਾਰੇ ਇਤਿਹਾਸ ਨੇ ਸਪਸ਼ਟ ਕੀਤਾ ਹੈ ਕਿ ਇਸ ਮਸਲੇ ਉਤੇ ਡਾ. ਅੰਬੇਡਕਰ ਦਰੁਸਤ ਸੀ ਅਤੇ ਭਾਰਤ ਦੇ ਕਮਿਊਨਿਸਟ ਗਲਤ ਸਨ। ਇਸੇ ਕਰਕੇ ਡਾ. ਅੰਬੇਡਕਰ ਕਹਿੰਦੇ ਹਨ ਕਿ ਕਿਰਤੀ ਵਰਗ ਦੇ ਦੋ ਦੁਸ਼ਮਣ ਹਨ : ਬ੍ਰਾਹਮਣਵਾਦ ਤੇ ਪੂੰਜੀਵਾਦ। ਬ੍ਰਾਹਮਣਵਾਦ ਮਨੁਖ ਨੂੰ ਰੂਹਾਨੀ ਤੌਰ ਉਤੇ ਗੁਲਾਮ ਬਣਾਉਂਦਾ ਹੈ ਅਤੇ ਲੁਟੇਰੇ ਆਰਥਿਕ ਰਿਸ਼ਤਿਆਂ ਉਤੇ ਆਧਾਰਿਤ ਪੂੰਜੀਵਾਦੀ ਰਾਜਪ੍ਰਬੰਧ ਇਸ ਬ੍ਰਾਹਮਣਵਾਦ ਦੀ ਹਰ ਤਰ੍ਹਾਂ ਰਾਖੀ ਕਰਦਾ ਹੈ। ਮਹਾਤਮਾ ਬੁਧ, ਸੰਤਾਂ, ਭਗਤਾਂ ਅਤੇ ਗੁਰੂਆਂ ਨੇ ਕੁਦਰਤ ਤੇ ਮਨੁਖ ਦੇ ਹਕੀਕੀ ਰਿਸ਼ਤਿਆਂ ਦੇ ਖੰਡਨ ਕਰਨ ਵਾਲੀਆਂ ਜਾਂ ਕੁਦਰਤੀ ਨੇਮਾਂ (ਹੁਕਮ) ਦੇ ਉਲਟ ਜਾਣ ਵਾਲੀਆਂ ਬ੍ਰਾਹਮਣੀ ਮਾਨਤਾਵਾਂ ਨੂੰ ਰੱਦ ਕਰਨ ਦੀ ਬੜੀ ਖੂਬਸੂਰਤ ਜਾਚ ਦੱਸੀ ਹੈ। ਸਾਡੇ ਇਸ ਕਥਨ ਦੀ ਪੁਸ਼ਟੀ ਡਾ. ਅੰਬੇਡਕਰ ਨੇ ਖੁਦ ਵੀ ਕੀਤੀ ਹੈ ਜਦੋਂ ਉਹ ਕਹਿੰਦੇ ਹਨ, ਵੇਦਾਂ ਸਾਸ਼ਤਰਾਂ ਨੂੰ ਰੱਦ ਕਰਨ ਸਮੇਂ "ਤੁਹਾਨੂੰ ਓਹੋ ਦ੍ਰਿੜ੍ਹਤਾ ਧਾਰਨ ਕਰਨੀ ਪਵੇਗੀ, ਜਿਹੜੀ ਬੁਧ ਨੇ ਕੀਤੀ ਸੀ, ਜਿਹੜੀ ਗੁਰ ਨਾਨਕ ਨੇ ਕੀਤੀ ਸੀ।'' ਡਾ. ਅੰਬੇਡਕਰ ਇਹ ਵੀ ਕਹਿੰਦੇ ਹਨ : "ਬ੍ਰਾਹਮਣਵਾਦ ਇਕ ਅਜਿਹੀ ਜਹਿਰ ਹੈ, ਜਿਸ ਨੇ ਹਿੰਦੂ ਮਾਨਸਿਕਤਾ ਨੂੰ ਦੂਸ਼ਿਤ ਕਰ ਦਿਤਾ ਹੈ। ਜੇ ਤੁਸੀਂ ਬ੍ਰਾਹਮਣਵਾਦ ਨੂੰ ਖਤਮ ਕਰ ਦਿਓਗੇ ਤਾਂ ਹਿੰਦੂ ਮਾਨਸਿਕਤਾ ਨੂੰ ਬਚਾਉਣ ਵਿਚ ਸਫਲ ਹੋ ਜਾਵੋਗੇ।'' ਅੱਜ ਪੂੰਜੀਵਾਦ ਬਾਰੇ ਖਾਸ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਮੌਜੂਦਾ ਦਿਸ ਰਿਹਾ ਸਾਰਾ ਕੁਝ ਸਾਮਰਾਜੀ ਪੂੰਜੀਵਾਦ ਦਾ ਕਲਪਿਆ ਸੰਸਾਰ ਹੈ, ਜਿਹੜਾ ਆਪਣੀ ਮੁਨਾਫੇ ਦੀ ਹਾਬੜ ਪੂਰੀ ਕਰਨ ਲਈ ਅਤੇ ਇਸ ਬ੍ਰਾਹਮਣੀ ਕਲਪਨਾ ਨੂੰ ਅਮਲੀ ਰੂਪ ਦੇਣ ਦੀ ਧੁੱਸ ਵਿਚ_ਮਨੁੱਖੀ ਰਿਸ਼ਤੇ ਤੇ ਕੁਦਰਤੀ ਸੋਮੇ_ਸਾਰਾ ਕੁਝ ਤਬਾਹ ਕਰਦਾ ਜਾ ਰਿਹਾ ਹੈ। ਮਾਰਕਸ ਏਂਗਲਜ਼ ਨੇ ਕਮਿਊਨਿਸਟ ਮੈਨੀਫੈਸਟੋ ਵਿਚ ਬੜੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਸੀ ਕਿ 'ਪੂੰਜੀਵਾਦ ਆਪਣਾ ਹੀ ਕਲਪਿਆ ਇਕ ਸੰਸਾਰ ਸਿਰਜ ਲੈਂਦਾ ਹੈ' ਤੇ ਦੁਨੀਆ ਭਰ ਦੇ ਲੋਕਾਂ ਨੂੰ ਵਿਕਾਸ ਦਾ ਪੂੰਜੀਵਾਦੀ ਢੰਗ, 'ਜਿਸ ਨੂੰ ਇਹ ਸਭਿਅਤਾ ਕਹਿੰਦਾ ਹੈ' ਅਪਨਾਉਣ ਲਈ ਮਜਬੂਰ ਕਰ ਦੇਂਦੀ ਹੈ। ਮਾਰਕਸ ਨੇ ਇਹ ਵੀ ਦੱਸਿਆ ਸੀ ਕਿ ਪੂੰਜੀਵਾਦੀ ਸਭਿਅਤਾ ਨਿਰੋਲ ਉਜੱਡਪੁਣਾ ਹੈ। ਇਹੀ ਹੈ, ਉਹ ਸੱਚ, ਜਿਸ ਨੂੰ ਅੱਜ ਸਭ ਤੋਂ ਵੱਧ ਸਮਝਣ ਦੀ ਲੋੜ ਹੈ। ਅਸਲ ਵਿਚ ਅੱਜ ਅਸੀਂ ਜੋ, ਕੁਝ ਵੇਖ ਰਹੇ ਹਾਂ ਇਹ ਮਨੁੱਖ ਦਾ ਵਿਕਾਸ ਨਹੀਂ ਹੋ ਰਿਹਾ ਸਗੋਂ ਮਨੁੱਖੀ ਨਿਘਾਰ ਦੀ ਚਰਮ ਸੀਮਾ ਹੈ। ਇਹ ਅਖੌਤੀ ਵਿਕਾਸ ਨਾ ਸਿਰਫ ਮਨੁੱਖਤਾ ਦਾ ਦੁਸ਼ਮਣ ਹੈ ਸਗੋਂ ਇਸ ਨੇ ਕੁਦਰਤ ਨਾਲ ਵੀ ਦੁਸ਼ਮਣੀ ਸਹੇੜ ਲਈ ਹੈ। ਸਾਮਰਾਜੀ ਪੂੰਜੀਵਾਦ ਨੇ ਸਮੁੱਚੀ ਮਨੁੱਖਤਾ ਨੂੰ ਕੁਦਰਤੀ ਹਕੀਕਤ ਨਾਲੋਂ ਤੋੜ ਕੇ ਆਪਣੇ ਕਲਪੇ ਸੰਸਾਰ ਵਿਚ ਜਿਉਣ ਲਈ ਮਜਬੂਰ ਕਰ ਦਿੱਤਾ ਹੈ। ਇਸ ਕਲਪੇ ਸੰਸਾਰ ਦੀ ਖਪਤਕਾਰੀ ਧੁੱਸ ਵਿਚ ਅਮੀਰ ਤੇ ਮੱਧ ਵਰਗ ਨਾ ਸਿਰਫ ਕੁਦਰਤੀ ਸਾਧਨਾਂ ਦਾ ਬੇਲੋੜਾ ਉਜਾੜਾ ਕਰ ਰਹੇ ਹਨ, ਸਗੋਂ ਇਹ ਬੇਹਿਸਾਬੀ ਮਨੁੱਖੀ ਕਿਰਤ ਸ਼ਕਤੀ ਨੂੰ ਅਜਾਈਂ ਗੁਆ ਰਿਹਾ ਹੈ। ਇਹ ਸਾਰਾ ਕੁਝ ਜੋ ਸ੍ਰੀ ਵਿਰਦੀ ਨੇ ਉੱਪਰ ਬਿਆਨਿਆ ਹੈ, ਇਹ ਸਾਮਰਾਜੀ ਪੂੰਜੀਵਾਦ ਦੀ ਗੈਰ-ਉਪਜਾਊ ਕੰਮਾਂ ਵਿਚ ਲੱਗੀ ਮਨੁੱਖਾਂ ਸ਼ਕਤੀ ਦੇ ਅਜਾਈਂ ਜਾਣ ਦੀ ਮੂੰਹ ਬੋਲਦੀ ਤਸਵੀਰ ਹੈ। ਇਸ ਨਾਲ ਨਾ ਸਿਰਫ ਹਜ਼ਾਰਾਂ ਸਾਲਾਂ 'ਚ ਬਣੇ ਮਨੁੱਖੀ ਰਿਸ਼ਤਿਆਂ ਦਾ ਕਬਾੜਾ ਹੋ ਰਿਹਾ ਹੈ ਸਗੋਂ ਮਨੁੱਖ ਆਪਣੀ ਕੁਦਰਤੀ ਫਿਤਰਤ ਭੁੱਲ ਕੇ ਆਪਣੇ ਹੀ ਸਰੀਰ ਨਾਲ ਖਿਲਵਾੜ ਕਰ ਰਿਹਾ ਹੈ। ਇਸ ਹਾਲਤ ਨੂੰ ਫੌਰੀ ਬਦਲੇ ਜਾਣ ਦੀ ਲੋੜ ਹੈ। ਅੱਜ ਦੇਸ ਭਰ ਦੇ ਆਰਥਿਕ ਤੇ ਕੁਦਰਤੀ ਸਾਧਨ ਕੁਝ ਹੱਥਾਂ ਵਿਚ ਕੇਂਦਰਿਤ ਹੋ ਰਹੇ ਹਨ, ਕੁਝ ਧਨਾਢ ਅਤੇ ਇਨ੍ਹਾਂ ਦੇ ਦਲਾਲ ਬਣੇ ਮੱਧ ਵਰਗ ਦੇ ਇਕ ਹਿੱਸੇ ਨੂੰ ਛੱਡ ਕੇ ਬਾਕੀ ਸਾਰੇ ਲੋਕ ਆਪਣੀ ਜ਼ਿੰਦਗੀ ਦੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਨ ਲਈ ਇਨ੍ਹਾਂ ਬਚੇ-ਖੁਚੇ ਸਾਧਨਾਂ ਦੀ ਖੋਹ-ਖਿੰਝ ਵਿਚ ਹਰਫਲੇ ਫਿਰ ਗਏ ਤਾਂ ਇਸ ਹਾਲਤ ਵਿਚ ਆਪਣੇ ਨਾਲ ਹੁੰਦੇ ਵਿਤਕਰੇ ਪ੍ਰਤੀ ਜਾਗਰੂਕ ਹੋ ਰਹੇ ਦਲਿਤ ਵਰਗਾਂ ਵਿਚ ਸਿਰ ਉੱਚਾ ਕਰਕੇ ਜਿਉਣ ਦੀ ਤਾਂਘ ਪੈਦਾ ਹੋ ਰਹੀ ਹੈ ਤੇ ਉਹ ਵੀ ਇਸ ਹਿੱਸੇਦਾਰੀ ਵਿਚ ਸ਼ਾਮਲ ਹੋ ਰਹੇ ਹਨ। ਸਾਮਰਾਜੀ-ਬ੍ਰਾਹਮਣਵਾਦੀ ਪ੍ਰਬੰਧ ਦੀ ਅਸਲੀਅਤ ਤੋਂ ਅਣਜਾਣ ਲੋਕ ਕਿਸੇ ਵੇਲੇ ਵੀ ਲੁਟੇਰੇ ਹਾਕਮਾਂ ਵੱਲੋਂ ਜਾਤੀ ਜੰਗ ਵਿਚ ਉਲਝਾਏ ਜਾ ਸਕਦੇ ਹਨ। ਸਿਹਿਬ ਸ੍ਰੀ ਕਾਸ਼ੀ ਰਾਮ ਜੀ ਨੇ ਇਸ ਦਾ ਹੱਲ ਬਹੁਜਨ ਸਮਾਜ ਦੀ ਅਗਵਾਈ ਹੇਠ ਲੋਕ ਸਮੂਹਾਂ ਨੂੰ ਇਕਜੁਟ ਕਰਕੇ ਰਾਜ ਸ਼ਕਤੀ ਆਪਣੇ ਹੱਥ ਲੈਣ ਦਾ ਰਾਹ ਵਿਖਾਇਆ ਸੀ। ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੀ ਦੇਸ ਦੇ ਆਰਥਿਕ ਵਿਕਾਸ ਬਾਰੇ ਪਹੁੰਚ ਵੀ ਬੜੀ ਸਪਸ਼ਟ ਸੀ। ਉਨ੍ਹਾ ਨੂੰ ਜਦੋਂ ਇਕ ਵਾਰੀ ਪੁਛਿਆ ਗਿਆ, ਕਿ ਰਾਜਸੀ ਤਾਕਤ ਲੈ ਕੇ ਉਹ ਇਸ ਸਾਮਰਾਜੀ ਅਡੰਬਰ ਦਾ ਮੁਕਾਬਲਾ ਕਿਵੇਂ ਕਰਨਗੇ, ਤਾਂ ਉਨ੍ਹਾ ਦਾ ਜੁਆਬ ਬੜਾ ਸਹਿਜ ਸੀ। ਉਨ੍ਹਾ ਦੀ ਸੋਚ ਸੀ ਕਿ ਦਿੱਲੀ ਦੀ ਰਾਜਸਤਾ ਲੈ ਕੇ ਉਹ ਬੁਨਿਆਦੀ (2 ਖੇਤੀਬਾੜੀ, ਬੁਨਿਆਦੀ ਸਨਅਤ ਅਤੇ ਬੁਨਿਆਦੀ ਜੰਗਲਾਤ ਨੂੰ ਵਿਕਸਿਤ ਕਰਨ ਦੀਆਂ ਹਾਲਤਾਂ ਪੈਦਾ ਕਰਨਗੇ। ਬੁਨਿਆਦੀ ਤੋਂ ਉਨ੍ਹਾ ਦਾ ਭਾਵ ਮਨੁਖ ਦੀਆਂ ਕੁਦਰਤੀ-ਮਨੁਖੀ ਲੋੜਾਂ ਪੂਰੀਆਂ ਕਰਨ ਵਾਸਤੇ ਜ਼ਰੂਰੀ ਵਸਤੂਆਂ ਦੀ ਪੈਦਾਵਾਰ ਸੀ।

ਉਨ੍ਹਾ ਦਾ ਕਹਿਣਾ ਸੀ ਕਿ ਸਮੁਚੇ ਦੇਸ ਦੀ ਰਾਜਸੀ ਵਾਗਡੋਰ ਸੰਭਾਲ ਕੇ, ਉਹ ਇਕ ਇਹੋ ਜਿਹਾ ਆਰਥਿਕ ਪ੍ਰਬੰਧ ਲਾਗੂ ਕਰਨਗੇ, ਜਿਸ ਨਾਲ ਸਾਰੇ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਹੋ ਸਕਣ। ਇਸ ਬਾਰੇ ਉਨ੍ਹਾ ਦੇ ਮਨ ਵਿਚ ਜਿਹੜਾ ਸੰਕਲਪ ਬਣਿਆ ਹੋਇਆ ਸੀ, ਉਸ ਦੀ ਵਿਆਖਿਆ ਉਹ ਇਸ ਤਰ੍ਹਾਂ ਕਰਦੇ ਸਨ, ਕਿ ਸਮੁਚੇ ਹਿੰਦੁਸਤਾਨ ਵਿਚ ਇਕ-ਇਕ ਲੱਖ ਏਕੜ ਜ਼ਮੀਨ ਦੇ ਟੁਕੜੇ ਕਟ ਕੇ ਅਤੇ ਉਸ ਨੂੰ ਇਕ ਇਕਾਈ ਮੰਨ ਕੇ, ਉਹ ਉਸ ਦਾ ਵਿਕਾਸ ਕਰਨਗੇ। ਉਨ੍ਹਾ ਦੀ ਸੋਚ ਸੀ ਕਿ ਇਕ ਲੱਖ ਏਕੜ ਜਮੀਨ ਵਿਚੋਂ 90 ਹਜ਼ਾਰ ਏਕੜ ਜ਼ਮੀਨ ਵਿਚ ਖੇਤੀਬਾੜੀ ਹੋਇਆ ਕਰੇਗੀ ਅਤੇ ਬਾਕੀ ਦਸ ਹਜ਼ਾਰ ਏਕੜ ਵਿਚ ਬੁਨਿਆਦੀ ਸਨਅਤ ਅਤੇ ਰਿਹਾਇਸ਼ੀ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇਗਾ। ਕੁਦਰਤੀ ਢੰਗ ਦੀ ਖੇਤੀ ਨੂੰ ਬੁਨਿਆਦ ਮੰਨ ਕੇ, ਇਸ ਦੇ ਆਲੇ-ਦੁਆਲੇ ਬਾਕੀ ਸਾਰਾ ਵਿਕਾਸ ਕੀਤਾ ਜਾਵੇਗਾ। ਉਨ੍ਹਾ ਦਾ ਭਾਵ ਸੀ ਕਿ ਖੇਤੀ ਦੀਆਂ ਮਸ਼ੀਨੀ ਲੋੜਾਂ ਪੂਰੀਆਂ ਕਰਨ ਲਈ ਬੁਨਿਆਦੀ ਸਨਅਤੀਕਰਨ ਕੀਤਾ ਜਾਵੇਗਾ। ਇਹੀ ਸਨਅਤੀਕਰਨ ਉਥੇ ਰਹਿੰਦੇ ਲੋਕਾਂ ਦੀਆਂ ਖਪਤ ਦੀਆਂ ਹੋਰ ਲੋੜਾਂ ਪੂਰੀਆਂ ਕਰੇਗਾ। ਸਨਅਤ ਅਤੇ ਖੇਤੀਬਾੜੀ ਦਾ ਇਹੋ ਜਿਹਾ ਸੁਰਮੇਲ ਕੀਤਾ ਜਾਵੇਗਾ, ਜਿਹੜਾ ਇਕ-ਦੂਜੇ ਦਾ ਸਹਾਇਕ ਹੋਵੇ। ਬੁਨਿਆਦੀ ਜੰਗਲਾਤ ਬਾਰੇ ਵੀ ਉਨ੍ਹਾ ਦੀ ਇਹੀ ਧਾਰਨਾ ਸੀ, ਕਿ ਜੰਗਲਾਂ ਵਿਚ ਰਹਿੰਦੇ ਆਦਿਵਾਸੀਆਂ ਨੂੰ ਉਨ੍ਹਾ ਜੰਗਲਾਂ ਦੀ ਮਾਲਕੀ ਦਾ ਹਕ ਦੇ ਕੇ, ਉਨ੍ਹਾ ਨੂੰ ਜੰਗਲਾਂ ਵਿਚ ਫਲ, ਫੁੱਲ, ਜੜ੍ਹੀ-ਬੂਟੀਆਂ ਅਤੇ ਇਨ੍ਹਾਂ ਨਾਲ ਸੰਬੰਧਤ ਹੋਰ ਛੋਟੇ-ਛੋਟੇ ਕਿੱਤੇ ਵਿਕਸਿਤ ਕਰਨ ਦਾ ਮੌਕਾ ਦਿਤਾ ਜਾਵੇਗਾ। ਉਨ੍ਹਾ ਦਾ ਕਥਨ ਸੀ ਕਿ ਸਾਡੇ ਇਸ ਤਰ੍ਹਾਂ ਦੇ ਆਰਥਿਕ-ਸਮਾਜੀ ਵਿਕਾਸ ਨਾਲ ਸਾਮਰਾਜੀ ਅਡੰਬਰ ਉਂਝ ਹੀ ਬੇਲੋੜਾ ਹੋ ਜਾਵੇਗਾ।

# ਦਰਬਾਰ ਸਾਹਿਬ ਵਿਚ ਦਲਿਤ ਸਿੱਖਾਂ ਦੇ ਮੁੜ ਦਾਖਲੇ ਦੀ ਦਾਸਤਾਨ



ਡਾ. ਰਾਜਕੁਮਾਰ ਹੰਸ
91-73833-52176

12 ਅਕਤੂਬਰ 1920 ਨੂੰ ਦਲਿਤ ਤੋਂ ਅਛੂਤ ਸਿੱਖਾਂ ਨੇ ਖਾਲਸਾ ਬਿਰਾਦਰੀ ਦੇ ਸੰਗਠਨ ਤਹਿਤ ਵੱਡਾ ਇਕੱਠ ਕਰਕੇ ਇਕ ਜਥੇ ਦੇ ਰੂਪ ਵਿਚ ਕੜਾਹ ਪ੍ਰਸ਼ਾਦ ਦੀ ਦੇਗ ਲੈ ਕੇ ਜਲ੍ਹਿਆਂਵਾਲਾ ਬਾਗ ਤੋਂ ਦਰਬਾਰ ਸਾਹਿਬ ਤੱਕ ਮਾਰਚ ਕੀਤਾ, ਜਿਸ ਨੂੰ ਖਾਲਸਾ ਕਾਲਜ ਦੇ ਕੁਝ ਸੁਧਾਰਵਾਦੀ ਪ੍ਰੋਫੈਸਰਾਂ ਦੀ ਹਮਾਇਤ ਹਾਸਲ ਸੀ। ਉਸ ਵੇਲੇ ਦਰਬਾਰ ਸਾਹਿਬ ਦੇ ਤਤਕਾਲੀ ਹੈਡ ਗ੍ਰੰਥੀ ਗੁਰਬਚਨ ਸਿੰਘ ਨੇ ਪ੍ਰਸ਼ਾਦ ਲੈਣ ਤੋਂ ਇਨਕਾਰ ਕਰ ਦਿੱਤਾ, ਜਿਸ ਨਾਲ ਦਰਬਾਰ ਸਾਹਿਬ ਅੰਦਰ ਤਣਾਅ ਪੈਦਾ ਹੋ ਗਿਆ। ਇਕੱਠੇ ਹੋਏ ਸਾਰੇ ਲੋਕਾਂ ਨੇ ਗੁਰੂ ਗ੍ਰੰਥ ਸਾਹਿਬ ਤੋਂ ਵਾਕ ਲੈਣ ਦਾ ਮਤਾ ਪਕਾਇਆ। ਜੋ ਵਾਕ ਨਿਕਲਿਆ ਉਹ ਗੁਰੂ ਅਮਰਦਾਸ ਜੀ ਦਾ ਬਹੁਤ ਹੀ ਭਾਵਪੂਰਤ ਸ਼ਬਦ ਹੈ:

ਨਿਗੁਣਿਆ ਨੇ ਆਪੇ ਬਖਸਿ ਲਏ ਭਾਈ ਸਤਿਗੁਰੂ ਕੀ ਸੇਵਾ ਲਾਇ।। ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ।। ਹਰਿ ਜੀਓ ਆਪੇ ਬਖਸਿ ਮਿਲ- ਾਇ।। ਸੋਰਠਿ ਮ: 3

ਸ਼ਬਦ ਸੁਣ ਕੇ ਹਰ ਕਿਸੇ ਦੀਆਂ ਅੱਖਾਂ ਨਮ ਹੋ ਗਈਆਂ ਅਤੇ ਜਿਹੜਾ ਹੈਡ ਗ੍ਰੰਥੀ ਪਹਿਲਾਂ ਪ੍ਰਸ਼ਾਦ ਲੈਣ ਲਈ ਨਹੀਂ ਮੰਨ ਰਿਹਾ ਸੀ, ਉਸ ਨੇ ਅਰਦਾਸ ਵੀ ਕੀਤੀ ਅਤੇ ਫਿਰ ਕੜਾਹ ਪ੍ਰਸ਼ਾਦ ਸਵੀਕਾਰ ਕਰਕੇ ਸਭਨਾਂ ਨੂੰ ਵਰਤਾਇਆ। ਫਿਰ ਜਥਾ ਅਕਾਲ ਤਖਤ ਵੱਲ ਵਧਿਆ ਜਿੱਥੇ ਦਾ ਪ੍ਰਬੰਧ ਉਥੋਂ ਖਿਸਕ ਗਿਆ। ਤਖਤ ਨੂੰ ਸੁੰਨਾ ਨਹੀਂ ਛੱਡਿਆ ਜਾ ਸਕਦਾ ਸੀ, ਲਿਹਾਜ਼ਾ ਕਰਤਾਰ ਸਿੰਘ ਝੱਬਰ ਨੇ ਸੇਵਾ ਸੰਭਾਲ ਵਾਸਤੇ 25 ਬਹਾਦਰ ਸਿੰਘਾਂ ਦੀ ਮੰਗ ਕੀਤੀ, ਪਰ ਸਿਰਫ 17 ਜਣੇ ਹੀ ਸਾਹਮਣੇ ਆਏ ਜਿਹਨਾਂ 'ਚੋਂ 10 ਦਲਿਤ ਮਜ਼ਹਬੀ ਤੇ ਰਵਿਦਾਸੀਏ ਸਿੰਘ ਸਨ। ਇਸ ਨਾਲ ਅਖੌਤੀ ਉਚ ਜਾਤੀ ਸਿੱਖਾਂ ਅੰਦਰ ਘਬਰਾਹਟ ਫੈਲ ਗਈ ਤੇ ਉਹਨਾਂ ਅਫਵਾਹ ਫੈਲਾਅ ਦਿੱਤੀ ਕਿ ਦਲਿਤਾਂ ਨੇ ਦਰਬਾਰ ਸਾਹਿਬ 'ਤੇ ਕਬਜ਼ਾ ਕਰ ਲਿਆ ਹੈ। ਸਰਕਾਰ ਨੂੰ ਵੀ ਭਾਜੜ ਪੈ ਗਈ। ਅਗਲੇ ਦਿਨ ਡਿਪਟੀ ਕਮਿਸ਼ਨਰ ਨੇ ਸੰਕਟ ਦਾ ਹੱਲ ਕੱਢਣ ਲਈ ਸਰਬਰਾਹ, ਹੈਡ ਗ੍ਰੰਥੀਆਂ ਅਤੇ ਮਾਰਚਕਾਰੀ ਸਿੱਖਾਂ ਦੇ ਨੁਮਾਇੰਦਿਆਂ ਦੀ ਮੀਟਿੰਗ ਬੁਲਾ ਲਈ। ਗ੍ਰੰਥੀ ਤਾਂ ਆਏ ਹੀ ਨਹੀਂ ਜਿਸ ਨਾਲ ਆਖਿਰਕਾਰ ਥੋੜ੍ਹੇ ਸਮੇਂ 'ਚ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣੀ ਪਈ। ਇਸ ਕਦਮ ਨਾਲ ਪ੍ਰਮੁੱਖ ਗੁਰਦੁਆਰਿਆਂ ਨੂੰ ਭ੍ਰਿਸ਼ਟ ਮਹੰਤਾਂ ਦੇ ਕਬਜ਼ੇ ਤੋਂ ਮੁਕਤ ਕਰਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਸ਼ੁਰੂ ਹੋ ਗਈ।

ਇਹ ਦਲੇਰਾਨਾ ਕਾਰਵਾਈ ਉਨੀਵੀਂ ਸਦੀ ਦੇ ਪਹਿਲੇ ਅੱਧ ਵਿਚ ਦਲਿਤ ਸਿੱਖਾਂ 'ਤੇ ਆਇਦ ਕੀਤੀਆਂ ਜਾ ਰਹੀਆਂ ਪਾਬੰਦੀਆਂ ਖਿਲਾਫ ਵਿਦਰੋਹ ਸੀ। ਇਹ ਪਾਬੰਦੀਆਂ ਕੀ ਸਨ ਤੇ ਕਿਹੜੇ ਲੋਕਾਂ ਨੇ ਲਾਈਆਂ ਸਨ? ਆਮ ਤੌਰ 'ਤੇ ਸਾਰੇ ਗੁਰਦੁਆਰੇ ਖਾਸਕਰ ਦਰਬਾਰ ਸਾਹਿਬ ਪਿਛਲੇ ਤਿੰਨ ਸੌ ਸਾਲਾਂ ਤੋਂ ਹਰ ਧਰਮ ਤੇ ਜਾਤ ਦੇ ਲੋਕਾਂ ਲਈ ਖੁੱਲ੍ਹੇ ਸਨ। ਇਹ ਅਸਲ ਵਿਚ ਬ੍ਰਾਹਮਣਵਾਦੀ ਸੋਚ ਵਾਲੇ ਮਹੰਤਾਂ ਦਾ ਸ਼ਰਮਨਾਕ ਕਾਰਾ ਸੀ, ਜਿਹਨਾਂ ਨੇ ਇਤਿਹਾਸਕ ਗੁਰਦੁਆਰਿਆਂ ਦੀ ਅਥਾਹ ਸੰਪਤੀ 'ਤੇ ਕਬਜ਼ਾ ਜਮਾ ਲਿਆ ਸੀ ਅਤੇ ਉਹਨਾਂ ਨੂੰ ਨਵੇਂ ਉਭਰੇ ਉਚ ਜਾਤੀ ਸਿੱਖ ਸਰਦਾਰਾਂ ਦੀ ਹਮਾਇਤ ਹਾਸਲ ਸੀ, ਜਿਹੜੇ ਆਣੇ ਅੰਗਰੇਜ਼ ਹਾਕਮਾਂ ਨਾਲ ਰਲੇ ਹੋਏ ਸਨ। ਸਭ ਤੋਂ ਮਾੜੀ ਗੱਲ ਇਹ ਸੀ ਕਿ ਇਹ ਜਾਤੀ ਤਫਰਕੇ ਗੁਰੂ ਸਾਹਿਬਾਨ ਦੀ ਬਾਣੀ ਤੇ ਉਨ੍ਹਾਂ ਦੇ ਕਾਰਵਿਹਾਰ ਤੋਂ ਬਿਲਕੁਲ ਉਲਟ ਸਨ। ਸਿੱਖੀ ਦਾ ਬ੍ਰਾਹਮਣੀਕਰਨ ਹੌਲੀ ਹੌਲੀ ਕਾਫੀ ਲੰਮੇ ਸਮੇਂ ਤੋਂ ਕੀਤਾ ਜਾ ਰਿਹਾ ਸੀ ਜੋ ਰਣਜੀਤ ਸਿੰਘ ਦੇ ਰਾਜ ਦੌਰਾਨ ਪਕੇਰਾ ਹੋਣ ਲੱਗ ਪਿਆ ਅਤੇ ਅੰਗਰੇਜ਼ ਹਾਕਮਾਂ ਨੇ ਇਸ 'ਤੇ ਕਾਨੂੰਨੀ ਮੋਹਰ ਲਗਾ ਦਿੱਤੀ। ਸਿੰਘ ਸਭਾ ਲਹਿਰ ਨੇ ਸਥਿਤੀ ਵਿਚ ਸੁਧਾਰ ਲਿਆਉਣ ਦੀ ਕੋਸ਼ਿਸ਼ ਕੀਤੀ, ਪਰ ਤ੍ਰਾਸਦੀ ਇਹ ਰਹੀ ਕਿ ਇਸ ਲਹਿਰ ਦੇ ਮਹਾਨ ਆਗੂ ਗਿਆਨੀ ਦਿੱਤ ਸਿੰਘ ਜੋ ਅਜ਼ੀਮ ਵਿਦਵਾਨ, ਲੇਖਕ, ਵਕਤਾ, ਪੱਤਰਕਾਰ, ਸੰਪਾਦਕ, ਪ੍ਰੋਫੈਸਰ ਤੇ ਮਿਸ਼ਨਰੀ ਸੀ, ਨੂੰ ਵੀ ਇਹੀ ਤ੍ਰਿਸਕਾਰ ਹੰਢਾਉਣਾ ਪਿਆ ਕਿਉਂਕਿ ਉਸ ਦਾ ਵੀ ਦਲਿਤ ਪਿਛੋਕੜ ਸੀ। ਪੜ੍ਹੇ-ਲਿਖੇ ਸਿੱਖਾਂ ਅੰਦਰ ਨਵੀਂ ਚੇਤਨਾ ਦੀ ਚਿਣਗ ਜਗਣ ਨਾਲ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹਵਾਲੇ ਕਰਨ ਵਾਸਤੇ ਅੰਗਰੇਜ਼ ਹਾਕਮਾਂ ਨੂੰ ਬਹੁਤ ਸਾਰੀਆਂ ਅਰਜ਼ੋਈਆਂ ਕੀਤੀਆਂ ਗਈਆਂ, ਪਰ ਕਿਸੇ ਦਾ ਕੋਈ ਅਸਰ ਨਾ ਹੋਇਆ। ਇਹ ਬਹੁਤ ਹੀ ਅਫਸੋਸਨਾਕ ਗੱਲ ਹੈ ਕਿ ਜਾਤੀਵਾਦੀ ਸਿੱਖ ਵਿਦਵਾਨਾਂ ਨੇ ਇਸ ਘਟਨਾ ਨੂੰ ਸਿੱਖ ਇਤਿਹਾਸ ਦੀ ਧਾਰਾ ਬਦਲਣ ਵਾਲੀ ਮਹਾਨ ਘਟਨਾ ਵਜੋਂ ਕਦੇ ਵੀ ਤਸਲੀਮ ਨਹੀਂ ਕੀਤਾ।

ਅਸੀਂ ਇਹ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਨੇ ਵਰਣ ਤੇ ਜਾਤੀ ਵੰਡ ਖਿਲਾਫ ਸਭ ਤੋਂ ਮੁਖਰ ਮੁਹਿੰਮ ਵਿੱਢੀ ਸੀ। ਇਹ ਸੰਦੇਸ਼ ਜਾਰੀ ਰਿਹਾ ਅਤੇ ਅਗਲੇ ਗੁਰੂ ਸਾਹਿਬਾਨ ਨੇ ਇਸ ਨੂੰ ਹੋਰ ਪੁਖਤਾ ਕੀਤਾ। ਗੁਰੂ ਸਾਹਿਬਾਨ ਦੇ ਸਮਾਨਤਾਵਾਦੀ ਤੇ ਮੁਕਤੀਵਾਦੀ ਫਲਸਫੇ ਦਾ ਅਹਿਮ ਪਹਿਲੂ ਸਿੱਖਾਂ ਨੂੰ 'ਕਿਰਤ ਕਰੋ ਤੇ ਵੰਡ ਛਕੋ' ਦਾ ਹੁਕਮ ਦੇ ਕੇ ਕਿਰਤ ਨੂੰ ਦਿੱਤਾ ਉਤਮ ਦਰਜਾ ਸੀ ਜੋ ਬ੍ਰਾਹਮਣਵਾਦੀ ਧਾਰਨਾ ਵਿਚ ਸਭ ਤੋਂ ਨੀਵੀਂ ਗਿਣੀ ਜਾਂਦੀ ਸੀ ਤੇ ਸ਼ੂਦਰਾਂ ਤੇ ਅਛੂਤਾਂ ਦੇ ਹਿੱਸੇ ਆਉਂਦੀ ਸੀ। ਇਹ ਉਪਦੇਸ਼ ਤੇ ਇਸ ਦੇ ਨਾਲੋ ਨਾਲ ਲੰਗਰ, ਸੰਗਤ ਤੇ ਪੰਗਤ ਦੀ ਪ੍ਰੰਪਰਾ ਸਾਰੀਆਂ ਨੀਵੀਆਂ ਸਮਝਦੀਆਂ ਜਾਤੀਆਂ ਦਲਿਤਾਂ, ਕਾਰੀਗਰਾਂ ਤੇ ਕਿਸਾਨਾਂ ਲਈ ਸਮਾਜੀ ਤੌਰ 'ਤੇ ਬਹੁਤ ਮਾਅਨਾਖੇਜ਼ ਸੀ ਜਿਸ ਨਾਲ ਜਾਤੀ ਭੇਦਭਾਵ ਤੇ ਵਿਤਕਰਿਆਂ ਨੂੰ ਮਿਟਾਉਣ ਦੀ ਠੋਸ ਕੋਸ਼ਿਸ਼ ਕੀਤੀ ਗਈ ਸੀ। ਸਿੱਖ ਗੁਰੂ ਸਾਹਿਬਾਨ ਦਾ ਸਰਬੱਤ ਦਾ ਭਲਾ ਦਾ ਉਪਦੇਸ਼ ਜੋ ਸਿੱਖਾਂ ਦੀ ਅਰਦਾਸ ਦਾ ਹਿੱਸਾ ਬਣ ਗਿਆ ਸੀ, ਵੀ ਗੁਰੂ ਸਾਹਿਬਾਨ ਦੇ ਸਰਬਸਾਂਝੇ ਫਲਸਫੇ ਦੇ ਦੀਦਾਰ ਕਰਾਉਂਦਾ ਹੈ ਜੋ ਜਾਤ, ਜਮਾਤ, ਰੰਗ ਜਾਂ ਧਰਮ ਦੇ ਤਫਰਕਿਆਂ ਨੂੰ ਪਾਰ ਕਰ ਜਾਂਦਾ ਹੈ।

ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਨਾਨਕ ਦੇਵ ਜੀ ਦੀਆਂ ਵੀਹ ਸਾਲ ਲੰਮੀਆਂ ਉਦਾਸੀਆਂ ਤੇ ਉਮਰ ਭਰ ਦਾ ਸਾਥੀ ਰਿਹਾ ਭਾਈ ਮਰਦਾਨਾ ਵੀ ਇਕ ਅਖੌਤੀ ਨੀਵੀਂ ਜਾਤ ਦਾ ਮੁਸਲਮਾਨ ਸੀ। ਅਸੀਂ ਕਿਵੇਂ ਭੁੱਲ ਸਕਦੇ ਹਾਂ ਕਿ ਗੁਰੂ ਅਰਜਨ ਦੇਵ ਦੇ ਸੰਪਾਦਿਤ ਕੀਤੇ ਪਵਿੱਤਰ ਆਦਿ ਗ੍ਰੰਥ ਵਿਚ ਗੁਰੂ ਸਾਹਿਬਾਨ ਦੀ ਬਾਣੀ ਦੇ ਨਾਲ ਨਾਲ ਸੂਫੀ ਮੁਸਲਮਾਨ ਫਕੀਰਾਂ ਤੇ ਦਲਿਤ ਭਗਤਾਂ ਤੇ ਸੰਤਾਂ ਦੀ ਸਰਬਸਾਂਝੀ ਬਾਣੀ ਵੀ ਸ਼ਾਮਲ ਸੀ। ਅਸੀਂ ਦਲਿਤ ਯੋਧੇ ਭਾਈ ਜੈਤਾ ਦਾ ਦਲੇਰਾਨਾਂ ਕਾਰਜ ਕਿਵੇਂ ਭੁੱਲ ਸਕਦੇ ਹਾਂ, ਜਿਹਨਾਂ ਗੁਰੂ ਤੇਗ ਬਹਾਦਰ ਜੀ ਦਾ ਸੀਸ ਦਿੱਲੀ ਤੋਂ ਕੀਰਤਪੁਰ ਲਿਆਂਦਾ ਸੀ। ਅਸੀਂ ਇਹ ਵੀ ਕਿਵੇਂ ਭੁੱਲ ਸਕਦੇ ਹਾਂ ਕਿ ਉਹਨਾਂ ਨੇ ਸਭਨਾਂ ਲਈ ਸਿੱਖਿਆ ਦੇ ਦਰ ਖੋਲ੍ਹਣ ਵਾਲੇ ਗੁਰੂ ਗੋਬਿੰਦ ਸਿੰਘ ਬਾਬਤ ਇਕ ਲੰਮੀ ਕਵਿਤਾ ਸ੍ਰੀ ਗੁਰ ਕਥਾ ਵੀ ਲਿਖੀ ਸੀ। ਅਸੀਂ ਖਾਲਸਾ ਸਾਜਨਾ ਦੀ ਉਹ ਇਤਿਹਾਸਕ ਘੜੀ ਕਿਵੇਂ ਭੁੱਲ ਸਕਦੇ ਹਾਂ, ਜਿਸ ਨੇ ਸਿੱਖਾਂ ਅੰਦਰ ਨਵੀਂ ਰੂਹ ਭਰੀ ਸੀ। ਪੰਜ ਪਿਆਰਿਆਂ 'ਚੋਂ ਇਕ ਨੂੰ ਛੱਡ ਕੇ ਬਾਕੀ ਚਾਰ ਅਖੌਤੀ ਨੀਵੀਆਂ ਕੰਮੀ ਜਾਤੀਆਂ 'ਚੋਂ ਆਏ ਸਨ। ਉਨ੍ਹਾਂ ਨੂੰ ਇਕੋ ਬਾਟੇ 'ਚੋਂ ਅੰਮ੍ਰਿਤਪਾਨ ਕਰਵਾ ਕੇ ਸਾਰੇ ਜਾਤੀ ਭੇਦਭਾਵ ਤੇ ਫਰਕ ਮਿਟਾ ਦਿੱਤੇ ਗਏ ਸਨ। ਗੁਰੂ ਸਾਹਿਬਾਨ ਨੇ ਪੰਜ ਪਿਆਰਿਆਂ ਹੱਥੋਂ ਉਸੇ ਬਾਟੇ ਦਾ ਅੰਮ੍ਰਿਤ ਛਕ ਕੇ ਗੁਰੂ ਤੇ ਚੇਲੇ ਵਿਚਕਾਰ ਫਰਕ ਵੀ ਮਿਟਾ ਦਿੱਤੇ ਸਨ। ਇਹ ਸਮਤਾਪੂਰਨ ਸਮਾਜਿਕ ਵਿਵਸਥਾ ਕਾਇਮ ਕਰਨ ਵੱਲ ਇਕ ਇਨਕਲਾਬੀ ਕਦਮ ਸੀ। ਇਸੇ ਭਾਵਨਾ ਨੂੰ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਹੇਠ ਦੁਨੀਆਂ ਵਿਚ ਪਹਿਲਾ ਲੋਕਰਾਜੀ ਇਨਕਲਾਬ ਸਿਰੇ ਚੜ੍ਹਿਆ ਸੀ।

ਇਸੇ ਕਰਕੇ ਦਲਿਤਾਂ ਸਮੇਤ ਹਰ ਬਿਰਾਦਰੀ ਵਿਚੋਂ ਸਿਰਲੱਥ ਯੋਧੇ ਤੇ ਆਗੂ ਪੈਦਾ ਹੋਏ ਸਨ। ਸਿੱਖਾਂ ਦੇ ਕਤਲੇਆਮ ਤੋਂ 30 ਸਾਲਾਂ ਬਾਅਦ ਬਣੇ ਪੰਜ ਦਲਾਂ 'ਚੋਂ ਇਕ ਦਲ ਦਾ ਸਫਲ ਆਗੂ ਬੀਰ ਸਿੰਘ ਰੰਘਰੇਟਾ ਸੀ। ਸਿੱਖਾਂ ਨੇ ਸਿਰਫ ਪੰਥ ਲਈ ਹੀ ਜਾਨਾਂ ਨਹੀਂ ਵਾਰੀਆਂ ਸਗੋਂ ਅਬਦਾਲੀ ਦਾ ਵੀ ਟਾਕਰਾ ਕੀਤਾ ਸੀ। ਸਿਤਮਜ਼ਰੀਫੀ ਇਹ ਹੋਈ ਕਿ 1760ਵਿਆਂ ਦੇ ਸ਼ੁਰੂ ਵਿਚ ਮਿਸਲਾਂ ਦੇ ਗਠਨ ਵੇਲੇ ਕੁਝ ਜਾਤੀਵਾਦੀ ਮਿਸਲਦਾਰਾਂ ਨੇ ਬਹੁਤ ਸਾਰੇ ਦਲਿਤ ਯੋਧਿਆਂ ਨੂੰ ਦਰਬਾਰ ਸਾਹਿਬ ਕੰਪਲੈਕਸ ਅੰਦਰ ਧੋਖੇ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਸੀ।

ਬਹੁਤ ਸਾਰੇ ਇਤਿਹਾਸਕਾਰ ਤੇ ਵਿਦਵਾਨ ਇਹ ਚੰਗੀ ਤਰ੍ਹਾਂ ਸਮਝਦੇ ਹਨ ਕਿ ਸਿੱਖ ਸਿਧਾਂਤਾਂ ਤੇ ਕਰਮਾਂ ਵਿਚ ਨਿਘਾਰ ਮਹਾਰਾਜਾ ਰਣਜੀਤ ਸਿੰਘ ਦੇ ਸ਼ਾਸਨ ਕਾਲ ਦੌਰਾਨ ਆਇਆ ਸੀ। ਰਾਜਸੀ ਸੱਤਾ ਯਕੀਨਨ ਭ੍ਰਿਸ਼ਟਾਚਾਰ ਦਾ ਸਬੱਬ ਬਣਦੀ ਹੈ ਜਿਵੇਂ ਇਕ ਚਿੰਤਕ ਨੇ ਕਿਹਾ ਸੀ: ਸੱਤਾ ਭ੍ਰਿਸ਼ਟ ਬਣਾਉਂਦੀ ਹੈ ਤੇ ਨਿਰੰਕੁਸ਼ਸੱਤਾ ਭ੍ਰਿਸ਼ਟਾਚਾਰ ਦੇ ਹੱਦ ਬੰਨੇ ਤੋੜ ਦਿੰਦੀ ਹੈ। ਤਾਂ ਵੀ ਗੁਰੂ ਸਾਹਿਬਾਨ ਦਾ ਹੀ ਇਹ ਅਸਰ ਸੀ ਕਿ 1836 ਵਿਚ ਦਰਬਾਰ ਸਾਹਿਬ ਕੰਪਲੈਕਸ ਅੰਦਰ ਮਜ਼ਹਬੀਆਂ ਦਾ ਬੁੰਗਾ ਉਸਾਰ ਦਿੱਤਾ ਗਿਆ।

ਗੁਰਦੁਆਰਾ ਦਰਬਾਰ ਸਾਹਿਬ ਤਰਨਤਾਰਨ ਵਿਚ ਵੀ ਇਕ ਅਜਿਹਾ ਹੀ ਬੁੰਗਾ ਉਸਾਰਿਆ ਗਿਆ। ਉਂਝ, ਬਾਅਦ ਵਿਚ ਜਦੋਂ ਸਿੱਖੀ ਪੂਰੀ ਤਰ੍ਹਾਂ ਜਾਤ-ਪਾਤ ਅਤੇ ਅਛੂਤਪੁਣੇ ਦੀ ਜਕੜ ਵਿਚ ਆ ਗਈ ਤਾਂ ਇਹ ਦੋਵੇਂ ਬੁੰਗੇ ਢਾਹ ਦਿੱਤੇ ਗਏ। ਦਲਿਤ ਸਿੱਖਾਂ ਨੂੰ ਇਹ ਸਮਝ ਨਹੀਂ ਪੈ ਰਹੀ ਸੀ ਕਿ ਆਖਿਰ ਪੰਥ ਵਿਚ ਇਹ ਵਿਗਾੜ ਕਿਉਂ ਆ ਰਹੇ ਸਨ। ਜਦੋਂ ਸਿੰਘ ਸਭਾ ਲਹਿਰ ਉਭਰਨ ਲੱਗੀ ਤਾਂ ਇਸ ਸਵਾਲ 'ਤੇ ਵੀ ਨਵੀਂ ਸੋਚ ਵਿਕਸਤ ਹੋਣੀ ਸ਼ੁਰੂ ਹੋਈ ਅਤੇ ਦਲਿਤ ਸਿੱਖਾਂ ਨੇ ਆਪਣੇ 'ਤੇ ਕੁਲੀਨ ਸਿੱਖਾਂ ਵੱਲੋਂ ਲਾਈਆਂ ਪਾਬੰਦੀਆਂ ਨੂੰ ਵੰਗਾਰਨਾ ਸ਼ੁਰੂ ਕਰ ਦਿੱਤਾ।

ਖਾਲਸਾ ਬਿਰਾਦਰੀ ਇਕ ਮੋਹਰੀ ਜਥੇਬੰਦੀ ਹੋ ਨਿੱਬੜੀ, ਜਿਸ ਦੀ ਅਗਵਾਈ ਹੇਠ 12 ਅਕਤੂਬਰ 1920 ਨੂੰ ਹੋਏ ਮਾਰਚ ਨਾਲ ਬ੍ਰਾਹਮਣਵਾਦੀ ਸਿੱਖ ਲੀਡਰਸ਼ਿਪ ਦੇ ਥੜ੍ਹੇ ਦੀਆਂ ਚੂਲਾਂ ਹਿੱਲ ਗਈਆਂ ਸਨ।

ਇਸ ਮਹਾਨ ਘਟਨਾ ਦੀ ਯਾਦਾਸ਼ਤ ਗੁਰੂਆਂ ਨੂੰ ਪ੍ਰਣਾਈ ਸਿੱਖੀ ਲਈ ਅੱਜ ਕਿੰਨਾ ਮਹੱਤਵ ਰੱਖਦੀ ਹੈ? ਕੀ ਪਿਛਲੇ ਸੌ ਸਾਲਾਂ ਦੌਰਾਨ ਸਿੱਖੀ ਦੇ ਵਡੇਰੇ ਹਿੱਸੇ ਜਾਤੀਵਾਦ ਤੋਂ ਮੁਕਤ ਹੋ ਸਕੇ ਹਨ? ਸਿੱਖ ਧਰਮ ਦੇ ਉਘੇ ਵਿਦਵਾਨ ਮੈਕਸ ਆਰਥਰ ਮੈਕਾਲਿਫ ਨੇ ਉਨੀਵੀਂ ਸਦੀ ਦੇ ਅੰਤ 'ਤੇ ਇਕ ਤਿੱਖੀ ਟਿੱਪਣੀ ਕੀਤੀ ਸੀ ਕਿ ਬ੍ਰਾਹਮਣਵਾਦ ਇਕ ਅਜਿਹਾ ਅਜਗਰ ਹੈ ਜਿਸ ਨੇ ਪਹਿਲਾਂ ਬੁੱਧ ਧਰਮ ਨੂੰ ਨਿਗਲਿਆ ਸੀ ਅਤੇ ਹੁਣ ਇਹ ਖਤਰਾ ਸਿੱਖੀ ਦੇ ਸਿਰ 'ਤੇ ਮੰਡਰਾਅ ਰਿਹਾ ਹੈ। ਜੇ ਸਿੱਖੀ ਨੇ ਆਪਣੀ ਹੋਂਦ ਬਰਕਰਾਰ ਰੱਖਣੀ ਹੈ ਤਾਂ ਇਸ ਨੂੰ ਜਾਤੀਵਾਦੀ ਉਲ-ਜਲੂਲ ਅਤੇ ਧਾਰਮਿਕ ਆਡੰਬਰ ਤੱਜਣਾ ਪਵੇਗਾ, ਜਿਹਨਾਂ ਦਾ ਗੁਰੂ ਸਾਬਿਾਨ ਨੇ ਸਾਫ ਤੇ ਜ਼ੋਰਦਾਰ ਲਫਜ਼ਾਂ ਵਿਚ ਖੰਡਨ ਕੀਤਾ ਸੀ ਅਤੇ ਸਿੱਖਾਂ ਦਰਮਿਆਨ ਬਰਾਬਰੀ ਦਾ ਸੰਚਾਰ ਕੀਤਾ ਸੀ।



ਜਥੇਦਾਰ ਕਰਤਾਰ ਸਿੰਘ ਝੱਬਰ — ਜਥੇਦਾਰ ਤੇਜਾ ਸਿੰਘ ਭੁੱਚਰ — ਪ੍ਰੋਫੈਸਰ ਤੇਜਾ ਸਿੰਘ — ਪ੍ਰੋਫੈਸਰ ਹਰਿਕਿਸ਼ਨ ਸਿੰਘ ਬਾਵਾ

# 100 ਦੇ ਕਰੀਬ ਸਾਬਕਾ ਮਹਿਲਾ ਸੈਨਿਕਾਂ ਦਾ ਕੀਤਾ ਸਨਮਾਨ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕਾ ਵਿੱਚ 100 ਦੇ ਕਰੀਬ ਮਹਿਲਾ ਸੈਨਿਕਾਂ ਦਾ ਉਹਨਾਂ ਦੀਆਂ ਸੇਵਾਵਾਂ ਲਈ ਸਨਮਾਨ ਕੀਤਾ ਗਿਆ ਹੈ। ਇਸ ਸਨਮਾਨ ਲਈ ਮਹਿਲਾ ਸੈਨਿਕਾਂ ਦੇ ਸਮੂਹ ਨੂੰ ਰਾਜਧਾਨੀ ਵਾਸ਼ਿੰਗਟਨ, ਡੀ ਸੀ ਦੀ ਯਾਤਰਾ ਕਰਵਾਈ ਗਈ ਹੈ। ਇਸ ਸਨਮਾਨ ਲਈ ਅਮਰੀਕੀ ਸੰਸਥਾਵਾਂ "ਆ-ਪਰੇਸ਼ਨ ਹਰ ਸਟੋਰੀ" ਅਤੇ "ਆਨਰ ਫਲਾਈਟ ਸ਼ਿਕਾਗੋ" ਨੇ 93 ਸਾਬਕਾ ਮਹਿਲਾ ਸੈਨਿਕਾਂ ਨੂੰ ਉਨ੍ਹਾਂ ਦੀ ਸੇਵਾ ਦਾ ਸਨਮਾਨ ਕਰਨ ਲਈ ਮੁਫਤ ਵਿੱਚ ਦੇਸ਼ ਦੀ ਰਾਜਧਾਨੀ ਦੀ ਯਾਤਰਾ ਕਰਵਾਈ। ਆਪਣੀ ਯਾਤਰਾ ਦੌਰਾਨ ਇਹਨਾਂ ਮਹਿਲਾਵਾਂ ਨੇ ਕੈਪੀਟਲ ਵਿੱਚ ਵੱਖ ਵੱਖ ਸਥਾਨਾਂ, ਸਮਾਰਕਾਂ ਨੂੰ ਵੇਖ ਕੇ ਆਪਣੀਆਂ ਯਾਦਾਂ ਤਾਜਾ ਕੀਤੀਆਂ।




ਇਸ ਦੌਰਾਨ ਇੱਕ ਸਾਬਕਾ ਲੈਫਟੀਨੈਂਟ ਜੋਇਸ ਕੈਂਪਬੈਲ-ਟੈਰੀ ਜਿਸਨੇ ਨੇਵੀ ਅਤੇ ਏਅਰ ਫੋਰਸ ਵਿੱਚ ਸੇਵਾ ਨਿਭਾਈ ਸੀ , ਨੇ ਕਿਹਾ ਕਿ ਉਹ ਦੇਸ਼ ਦੀ ਸੇਵਾ ਕਰਨ ਵਾਲੀਆਂ ਔਰਤਾਂ ਦੀ ਸੰਗਤ ਕਰਕੇ ਬਹੁਤ ਖੁਸ਼ੀ ਮਹਿਸੂਸ ਕਰ ਰਹੀ ਹੈ। ਉਸ ਅਨੁਸਾਰ ਸਾਬਕਾ ਮਹਿਲਾ ਸੈਨਿਕਾਂ ਲਈ ਇਹ ਯਾਤਰਾ ਬਹੁਤ ਸਨਮਾਨ ਜਨਕ ਹੈ। ਇਸ ਮਹਿਲਾ ਸੈਨਿਕ ਦੇ ਇਲਾਵਾ ਹੋਰ ਮਹਿਲਾਵਾਂ, ਜਿਹਨਾਂ ਨੇ ਆਪਣੀ ਜਿੰਦਗੀ ਵਿੱਚ ਅਜੇ ਤੱਕ ਰਾਜਧਾਨੀ ਵਿਚਲੇ ਕੁੱਝ ਸਮਾਰਕ ਨਹੀਂ ਦੇਖੇ ਸਨ , ਨੇ ਇਸ ਯਾਤਰਾ ਨਾਲ ਅਣਦੇਖੇ ਸਮਾਰਕਾਂ ਨੂੰ ਵੇਖ ਕੇ ਸੱਚੀ ਖੁਸ਼ੀ ਪ੍ਰਗਟ ਕੀਤੀ।

# ਤੇਲ ਰਿਸਣ ਕਾਰਨ ਬੰਦ ਹੋਇਆ ਬੀਚ ਦੁਬਾਰਾ ਖੁੱਲ੍ਹਣ ਲਈ ਤਿਆਰ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)-**ਦੱਖਣੀ ਕੈਲੀਫੋਰਨੀਆ ਦਾ ਇੱਕ ਬੀਚ ਜੋ ਕਿ ਪਿਛਲੇ ਦਿਨੀਂ ਇੱਕ ਪਾਣੀ ਹੇਠਲੀ ਪਾਈਪਲਾਈਨ ਲੀਕ ਹੋਣ ਤੋਂ ਬਾਅਦ ਸੁਰੱਖਿਆ ਕਾਰਨਾਂ ਕਰਕੇ ਬੰਦ ਕਰ ਦਿੱਤਾ ਗਿਆ ਸੀ , ਨੂੰ ਸੋਮਵਾਰ ਨੂੰ ਦੁਬਾਰਾ ਖੋਲ੍ਹਣ ਦੀ ਉਮੀਦ ਹੈ। ਇਸ ਸਬੰਧੀ ਅਧਿਕਾਰੀਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਾਣੀ ਦੀ ਗੁਣਵੱਤਾ ਦੀ ਜਾਂਚ ਤੋਂ ਬਾਅਦ ਸਮੁੰਦਰ ਦੇ ਪਾਣੀ ਵਿੱਚ ਤੇਲ ਨਾਲ ਜੁੜੇ ਕਣਾਂ ਦੀ ਮੌਜੂਦਗੀ ਨਾਂ ਹੋਣ ਕਾਰਨ ਹੰਟਿੰਗਟਨ ਬੀਚ ਵਿੱਚ ਸਿਟੀ ਅਤੇ ਸਟੇਟ ਦੇ ਬੀਚ ਦੁਬਾਰਾ ਖੁੱਲ੍ਹਣਗੇ। ਹਾਲਾਂਕਿ ਅਧਿਕਾਰੀ ਅਜੇ ਵੀ ਸੈਲਾਨੀਆਂ ਨੂੰ ਉਨ੍ਹਾਂ ਖੇਤਰਾਂ ਤੋਂ ਬਚਣ ਦੀ ਅਪੀਲ ਕਰ ਰਹੇ ਹਨ ਜਿਨ੍ਹਾਂ ਵਿੱਚ ਤੇਲ ਦੀ ਗੰਧ ਆਉਂਦੀ ਹੈ। ਬੀਚ, 69 ਦੇ ਅਨੁਸਾਰ ਇਹ ਖਬਰ ਸੈਲਾਨੀਆਂ ਲਈ ਰਾਹਤ ਭਰੀ ਹੈ, ਅਤੇ ਸਮੁੰਦਰੀ ਪਾਣੀ ਪੂਰੀ ਤਰ੍ਹਾਂ ਸਾਫ ਹੈ। ਅਧਿਕਾਰੀਆਂ ਅਨੁਸਾਰ ਐਤਵਾਰ ਨੂੰ, ਤੇਲ ਦੀ ਕੋਈ ਗੰਧ ਨਹੀਂ ਸੀ ਅਤੇ ਹੰਟਿੰਗਟਨ ਬੀਚ 'ਤੇ ਰੇਤ ਕਾਫੀ ਹੱਦ ਤੱਕ ਸਾਫ ਸੀ। ਸ਼ਹਿਰ ਦੇ ਅਧਿਕਾਰੀ ਅਜੇ ਵੀ ਪਾਣੀ ਦੀ ਜਾਂਚ ਕਰ ਰਹੇ ਹਨ ਤਾਂ ਜੋ ਇਹ ਸੁਨਿਸ਼ਚਿਤ ਕੀਤਾ ਜਾ ਸਕੇ ਕਿ ਲੋਕਾਂ ਦਾ ਵਾਪਸ ਆਉਣਾ ਸੁਰੱਖਿਅਤ ਹੈ।

# ਟੈਕਸਾਸ ਦੇ ਹਾਈ ਸਕੂਲ 'ਚ ਹੋਈ ਗੋਲੀਬਾਰੀ ਕਾਰਨ 4 ਲੋਕ ਜ਼ਖਮੀ

**ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ**

**ਫਰਿਜ਼ਨੋ (ਕੈਲੀਫੋਰਨੀਆ)-** ਅਮਰੀਕਾ ਦੇ ਸਕੂਲਾਂ ਵਿੱਚ ਵਿਅਕਤੀਗਤ ਰੂਪ 'ਚ ਕਲਾਸਾਂ ਸੁਰੂ ਹੋਣ ਦੇ ਬਾਅਦ , ਗੋਲੀਬਾਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਹਨ। ਸਕੂਲ ਵਿੱਚ ਗੋਲੀਬਾਰੀ ਦੀ ਇੱਕ ਤਾਜਾ ਘਟਨਾ ਬੁੱਧਵਾਰ ਨੂੰ ਟੈਕਸਾਸ ਦੇ ਹਾਈ ਸਕੂਲ ਵਿੱਚ ਵਾਪਰੀ ਹੈ। ਇਸ ਗੋਲੀਬਾਰੀ ਦੀ ਜਾਣਕਾਰੀ ਦਿੰਦਿਆਂ ਟੈਕਸਾਸ ਪੁਲਿਸ ਨੇ ਦੱਸਿਆ ਕਿ ਇਹ ਘਟਨਾ ਆਰਲਿੰਗਟਨ ਦੇ ਟਿੰਬਰਵਿਊ ਹਾਈ ਸਕੂਲ ਵਿੱਚ ਬੁੱਧਵਾਰ ਸਵੇਰੇ ਹੋਈ, ਜਿਸ ਵਿੱਚ ਚਾਰ ਲੋਕ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਦੱਸਿਆ ਕਿ 18 ਸਾਲਾਂ ਵਿਦਿਆਰਥੀ, ਜਿਸਨੇ ਗੋਲੀਬਾਰੀ ਕੀਤੀ ਘਟਨਾ ਸਥਾਨ ਤੋਂ ਭੱਜ ਗਿਆ ਸੀ। ਜਿਸਨੂੰ ਕੁੱਝ ਘੰਟਿਆਂ ਬਾਅਦ ਹਿਰਾਸਤ ਵਿੱਚ ਲੈ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਪੀੜਤਾਂ ਵਿੱਚੋਂ ਦੋ ਨੂੰ ਗੋਲੀਆਂ ਲੱਗੀਆਂ ਹਨ। ਜਖਮੀਆਂ ਵਿੱਚੋਂ ਤਿੰਨ ਵਿਦਿਆਰਥੀ ਸਨ ਅਤੇ ਇੱਕ ਬਾਲਗ ਵਿਅਕਤੀ ਸੀ ਜੋ ਸ਼ਾਇਦ ਅਧਿਆਪਕ ਸੀ। ਚਾਰ ਜਖਮੀਆਂ ਵਿੱਚੋਂ ਤਿੰਨ ਨੂੰ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ, ਜਿਹਨਾਂ ਵਿੱਚੋਂ ਇੱਕ 15 ਸਾਲਾਂ ਲੜਕਾ ਗੋਲੀ ਲੱਗਣ ਕਾਰਨ ਗੰਭੀਰ ਹਾਲਤ ਵਿੱਚ ਹੈ। ਪੁਲਿਸ ਨੇ ਸ਼ੱਕੀ ਹਮਲਾਵਰ ਦੀ ਪਛਾਣ 18 ਸਾਲਾਂ ਵਿਦਿਆਰਥੀ ਟਿਮੋਥੀ ਜਾਰਜ ਸਿੰਪਕਿਨਸ ਵਜੋਂ ਕੀਤੀ ਹੈ। ਪੁਲਿਸ ਨੇ ਉਸਨੂੰ ਹਿਰਾਸਤ ਵਿੱਚ ਲੈ ਲਿਆ ਹੈ ਅਤੇ ਹਥਿਆਰ ਨਾਲ ਹਮਲਾ ਕਰਨ ਦੇ ਤਿੰਨ ਮਾਮਲਿਆਂ ਦਾ ਦੋਸ਼ ਲਗਾਇਆ ਹੈ। ਇਸ ਨਾਬਾਲਗ ਵਿਦਿਆਰਥੀ ਨੇ ਦੁਪਹਿਰ 1:15 ਵਜੇ ਤੋਂ ਪਹਿਲਾਂ ਆਪਣੇ ਆਪ ਨੂੰ ਪੇਸ਼ ਕਰਨ ਤੋਂ ਪਹਿਲਾਂ ਆਪਣੇ ਵਕੀਲ ਨਾਲ ਗੱਲਬਾਤ ਕੀਤੀ। ਪੁਲਿਸ ਅਨੁਸਾਰ ਉਸਦਾ ਬਾਂਡ 75,000 ਡਾਲਰ ਰੱਖਿਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਇਹ ਗੋਲੀਬਾਰੀ ਸਵੇਰੇ 9:15 ਵਜੇ ਸਕੂਲ ਦੀ ਦੂਜੀ ਮੰਜਿਲ 'ਤੇ ਇੱਕ ਕਲਾਸਰੂਮ ਵਿੱਚ ਹੋਈ ਅਤੇ ਗੋਲੀਬਾਰੀ ਤੋਂ ਪਹਿਲਾਂ ਵਿਦਿਆਰਥੀਆਂ 'ਚ ਲੜਾਈ ਹੋਈ ਸੀ। ਗੋਲੀਆਂ ਦੀ ਆਵਾਜ਼ ਸੁਣਕੇ ਵਿਦਿਆਰਥੀਆਂ ਅਤੇ ਅਧਿਆਪਕਾਂ ਵਿੱਚ ਸਹਿਮ ਪੈਦਾ ਹੋ ਗਿਆ ਸੀ।



# ਗੁਰਭਜਨ ਗਿੱਲ ਦਾ ਕਾਵਿ ਸੰਗ੍ਰਹਿ ਚਰਖ਼ੜੀ : ਸਮਾਜਿਕ ਚਿੰਤਾਵਾਂ ਦਾ ਗਲੋਟਾ

ਚਰਖ਼ੜੀ ਸ਼ਬਦ ਸਿੱਖ ਇਤਿਹਾਸ ਵਿੱਚ ਪਵਿਤਰਤਾ ਦਾ ਪ੍ਰਤੀਕ ਬਣਕੇ ਗਿਆਨ ਦੀ ਰੌਸ਼ਨੀ ਫੈਲਾ ਰਿਹਾ ਹੈ। ਗੁਰਭਜਨ ਗਿੱਲ ਮਾਖਿਓਂ ਮਿੱਠੀ ਸ਼ਬਦਾਵਲੀ ਦਾ ਵਣਜ਼ਾਰਾ ਹੈ, ਜਿਨ੍ਹਾਂ ਦੀ ਕਲਮ ਦੀ ਸਿਆਹੀ ਸਾਹਿਤਕ ਖੇਤਰ ਵਿੱਚ ਸੁਨਹਿਰੀ ਸ਼ਬਦਾਂ ਦੀ ਖ਼ੁਸ਼ਬੂ ਨਾਲ ਸਮਾਜਿਕ ਵਾਤਾਵਰਨ ਨੂੰ ਸ਼ਰਸਾਰ ਕਰ ਰਹੀ ਹੈ। ਉਨ੍ਹਾਂ ਦਾ ਚਰਖ਼ੜੀ ਕਾਵਿ ਸੰਗ੍ਰਹਿ ਵੀ ਸਮਾਜਿਕ ਦੁਸੰਗਤੀਆਂ ਨੂੰ ਆਪਣੀ ਸਰਲ ਅਤੇ ਆਮ ਜੀਵਨ ਵਿੱਚ ਬੋਲੀ ਜਾਣ ਵਾਲੀ ਸ਼ਬਦਾਵਲੀ ਰਾਹੀਂ ਸਮਾਜ ਨੂੰ ਮਿੱਠੀ ਮਿੱਠੀ ਟਣਕੋਰ ਲਾ ਕੇ ਪ੍ਰੇਰਨਾ ਦੇ ਰਿਹਾ ਹੈ ਕਿ ਵਕਤ ਨੂੰ ਸੰਭਾਲ ਲਵੋ।




ਹੱਥੋਂ ਨਿਕਲਿਆ ਵਕਤ ਪਕੜਿਆ ਨਹੀਂ ਜਾਣਾ, ਜਿਸਦਾ ਪਛਤਾਵਾ ਸਮਾਜ ਨੂੰ ਸਾਰੀ ਜ਼ਿੰਦਗੀ ਕਰਨਾ ਪਵੇਗਾ। ਭਾਰਤੀਆਂ ਖਾਸ ਤੌਰ ਤੇ ਪੰਜਾਬੀਆਂ ਨੂੰ ਆਪਣੀ ਵਿਰਾਸਤ 'ਤੇ ਪਹਿਰਾ ਦਿੰਦਿਆਂ ਆਪਣੀ ਪਛਾਣ ਬਣਾਕੇ ਜ਼ੁਲਮ ਦੇ ਵਿਰੁਧ ਆਵਾਜ਼ ਬੁਲੰਦ ਕਰਨ ਲਈ ਪ੍ਰੇਰਨਾ ਦੇ ਰਿਹਾ ਹੈ। ਚਰਖ਼ੜੀ ਪਤੰਗ ਦੀ ਡੋਰ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਜ਼ਿੰਦਗੀ ਦੀਆਂ ਤਹਿਾਂ ਦਾ ਸੂਚਕ ਬਣਕੇ ਇਸ ਪੁਸਤਕ ਦੇ ਰੂਪ ਵਿੱਚ ਪ੍ਰਗਟ ਹੋਈ ਹੈ। ਚਰਖ਼ੜੀ ਦੀਆਂ ਕਵਿਤਾਵਾਂ ਮਨੋਰੰਜਨ ਦਾ ਪ੍ਰਗਟਾਵਾ ਨਹੀਂ ਕਰਦੀਆਂ ਸਗੋਂ ਇਹ ਕਵਿਤਾਵਾਂ ਤਾਂ ਸਮਾਜ ਵਿੱਚਲੀਆਂ ਚਲੰਤ ਘਟਨਾਵਾਂ ਅਤੇ ਸਮੱਸਿਆਵਾਂ ਦੇ ਹਲ ਲਈ ਮਾਨਵਤਾ ਨੂੰ ਜਾਗ੍ਰਤ ਕਰਨ ਦਾ ਸਨੇਹਾ ਦੇ ਰਹੀਆਂ ਹਨ। ਦਰਦਨਾਮਾ ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਲਿਖਦਾ ਹੈ-

ਇਹ ਮਾਰੂ ਹਥਿਆਰ ਪਾੜਦੇ ਸਾਡੇ ਬਸਤੇ।
ਬੰਬ ਬੰਦੂਕਾਂ ਖਾ ਚਲੀਆਂ ਨੇ ਪਿਆਰ ਚੁਰੱਸਤੇ।
ਮਿੱਧਣ ਸੁਰਖ ਗੁਲਾਬ ਨਾ ਸਮਝਣ ਹਾਥੀ ਮਸਤੇ।
ਤਿੜਕ ਰਹੇ ਰੰਗ ਰੱਤੜੇ ਚੂੜੇ ਸਣੇ ਕਲੀਰੇ।
ਕਿਵੇਂ ਤਿਰੰਗੇ ਦੇ ਵਿੱਚ ਲਿਪਟੇ,
ਸੁੱਤੇ ਨੀਂਦ ਸਦੀਵੀ ਜਿਹੜੀ ਭੈਣ ਦੇ ਵੀਰੇ।
ਸਰਹੱਦਾਂ ਉਰਵਰ ਪਾਰ ਇਹ ਹੋਕਾ ਲਾਉ,
ਧਰਮ, ਜ਼ਾਤ ਦੇ ਪਟੇ ਉਤਾਰੋ।
ਬਰਖ਼ੁਰਦਾਰੋ, ਆਪਣੀ ਹੋਣੀ ਆਪ ਸੰਵਾਰੋ,
ਅੰਨ੍ਹੇ ਬੋਲੇ ਤਖ਼ਤ ਤਾਜ ਨੂੰ ਇਹ ਵੀ ਆਖ ਸੁਣਾਉ।

ਗੁਰਭਜਨ ਗਿੱਲ ਦੀ ਕੋਈ ਇਕ ਕਵਿਤਾ ਵੀ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ ਬਣਦੀ ਭਾਵੇਂ ਉਹ ਇਨਸਾਨ ਸਕੂਨ ਤਾਂ ਜ਼ਰੂਰ ਦਿੰਦੀਆਂ ਹਨ। ਚਰਖ਼ੜੀ ਦੀਆਂ 91 ਕਵਿਤਾਵਾਂ, ਗੀਤ ਅਤੇ ਰੁਬਾਈਆਂ ਸਮਾਜਿਕ ਹਾਲਾਤ ਨੂੰ ਦ੍ਰਿਸ਼ਟਾਂਤਿਕ ਤੌਰ 'ਤੇ ਵਿਖਾਕੇ ਪਾਠਕਾਂ ਨੂੰ ਜਾਗ੍ਰਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ, ਤਾਂ ਜੋ ਪਾਠਕ ਸਮਾਜਿਕ, ਸਭਿਆਚਾਰਿਕ ਅਤੇ ਧਾਰਮਿਕ ਸੋਚ ਵਿੱਚ ਤਬਦੀਲੀ ਲਿਆਉਣ ਲਈ ਪ੍ਰਬੰਧਕੀ ਢਾਂਚੇ ਦੀ ਕੋਝੀ ਚਾਲ ਨੂੰ ਠੱਲ ਪਾ ਸਕੇ। ਵਿਰਾਸਤ ਨਾਲੋਂ ਟੁਟਕੇ ਕੋਈ ਵੀ ਕੌਮ ਚਿਰ ਸਥਾਈ ਨਹੀਂ ਰਹਿ ਸਕਦੀ। ਆਪਣੀ ਪਹਿਲੀ ਨਜ਼ਮ ਚਰਖ਼ੜੀ ਵਿੱਚ ਹੀ ਕਵੀ ਨੇ ਅਨੇਕਾਂ ਵਿਸ਼ਿਆਂ ਨੂੰ ਛੂੰਹਦਿਆਂ ਵਰਤਮਾਨ ਸਮੇਂ ਦੀਆਂ ਤਬਦੀਲੀਆਂ ਦੀ ਦੌੜ ਵਿੱਚ ਲਿਪਟਕੇ ਆਪਸੀ ਰਿਸ਼ਤਿਆਂ ਦੇ ਹੋ ਰਹੇ ਘਾਣ ਬਾਰੇ ਜਾਣੂੰ ਕਰਵਾਇਆ ਹੈ। ਨੰਦੋ ਬਾਜ਼ੀਗਰਨੀ ਅਲੋਪ ਹੋ ਰਹੇ ਚੇਟਕਾਂ ਦਾ ਵਾਸਤਾ ਪਾਉਂਦੀ ਇਨਸਾਨੀਅਤ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ ਕਿ ਨੈਤਿਕਤਾ ਦਾ ਪੱਲਾ ਫੜਕੇ ਹੀ ਸਰਵੋਤਮ ਇਨਸਾਨ ਬਣਿਆਂ ਜਾ ਸਕਦਾ ਹੈ। ਨੰਦੋ ਬਾਜ਼ੀਗਰਨੀ ਦੀ ਸੋਚ ਨੂੰ ਸਲਾਮ ਕਰਨਾ ਬਣਦਾ ਹੈ ਕਿ ਉਹ ਸਾਡੇ ਸਮਾਜ ਦੀ ਮਾਨਸਿਕ ਦੁਰਦਸ਼ਾ ਨੂੰ ਸਮਝਦੀ ਹੋਈ ਚੇਤਨਤਾ ਪੈਦਾ ਕਰਨਾ ਚਾਹੁੰਦੀ ਹੈ। ਪੈਸੇ ਦੀ ਦੌੜ ਵਿੱਚ ਸਮਾਜ ਆਪਣਾ ਆਪਾ ਗੁਆਚ ਰਿਹਾ ਹੈ। ਦੁਸਹਿਰਾ ਯੁੱਧ ਦਾ ਆਖ਼ਰੀ ਦਿਨ ਨਹੀਂ ਹੁੰਦਾ, ਵਿੱਚ ਕਵੀ ਮਾਨਵਤਾ ਨੂੰ ਅਜਿਹੇ ਢੌਂਗ ਕਰਨ ਦੀ ਥਾਂ ਆਪਣੇ ਅੰਦਰਲੇ ਰਾਵਣ ਨੂੰ ਮਾਰਨ ਦੀ ਖੇਚਲ ਕਰਨ ਲਈ ਪ੍ਰੇਰਦਾ ਹੈ। ਸਮਾਜ ਦਾ ਬੁਰਾਈਆਂ ਨਾਲ ਲੜਨ ਲਈ ਹਮੇਸ਼ਾ ਤਤਪਰ ਰਹਿਣਾ ਜ਼ਰੂਰੀ ਹੈ। ਪਰਜਾਪੱਤ ਕਵਿਤਾ ਵਿਚ ਸ਼ਾਇਰ ਲਿਖਦੇ ਹਨ-

ਕਹਿਣਗੇ, ਅਸੀਂ ਭਿੱਟੇ ਗਏ! ਤੁਸੀਂ ਨਹਾ ਕੇ ਆਉ!
ਪੁੱਛਣ ਵਾਲਾ ਹੀ ਕੋਈ ਨਹੀਂ,
ਭਿੱਟੇ ਗਏ ਤੁਸੀਂ ਕੇ ਨਹਾਈਏ ਅਸੀ!

ਗਿਆਨ ਦੇ ਮੋਤੀ ਲੱਭਣੇ ਤਾਂ ਸੌਖੇ ਹਨ ਪ੍ਰੰਤੂ ਉਨ੍ਹਾਂ ਤੇ ਪਹਿਰਾ ਦੇਣਾ ਮੁਸ਼ਕਲ ਅਤਿਅੰਤ ਅਤੇ ਜ਼ਰੂਰੀ ਹੈ। ਸੂਰਜ ਦੀ ਜ਼ਾਤ ਨਹੀਂ ਹੁੰਦੀ ਕਵਿਤਾ ਵਿੱਚ ਕਵੀ ਮਨ ਦੀ ਰੌਸ਼ਨੀ ਪੈਦਾ ਕਰਨ ਦੀ ਤਾਕੀਦ ਕਰਦਾ ਹੈ। ਉਹ ਪੁੱਛਦੇ ਨੇ ਅੱਥਰਾ ਘੋੜਾ ਕੀ ਹੁੰਦੈ ਕਵਿਤਾ ਵਿੱਚ ਗੁਰਭਜਨ ਗਿੱਲ ਸਿਆਸਤਦਾਨਾ ਦੀਆਂ ਫਰੇਬੀ ਚਾਲਾਂ ਦਾ ਪਰਦਾ ਫਾਸ਼ ਕਰਦਾ ਹੈ। ਇਤਿਹਾਸ ਵਿੱਚੋਂ ਧਾਰਮਿਕ ਉਦਾਹਰਨਾ ਦੇ ਕੇ ਸਮਝਾਉਣ ਦੀ ਕੋਸ਼ਿਸ਼ ਕਰਦੇ ਹਨ। ਅਜ਼ਬ ਸਰਕਸ, ਡਾਰਵਿਨ ਝੂਠ ਬੋਲਦਾ ਅਤੇ ਉਹ ਕਲਮ ਕਿੱਥੇ ਹੈ ਜਨਾਬ ਕਵਿਤਾਵਾਂ ਵਿੱਚ ਵੀ ਭਰਿਸ਼ਟ ਨਿਜ਼ਾਮ ਤੇ ਕਿੰਤੂ ਪ੍ਰੰਤੂ ਕਰਦੇ ਹਨ। ਝੁਗੀਆਂ ਵਾਲੇ ਸਿਰਲੇਖ ਵਾਲੀ ਕਵਿਤਾ ਵਿੱਚ ਕਵੀ ਲਿਖਦਾ ਹੈ-

ਵੋਟਾਂ ਵਾਲੇ ਵੀ ਪੰਜ ਸਾਲਾਂ ਬਾਅਦ, ਆਟਾ ਦਾਲ, ਸ਼ਰਾਬ ਦੀ ਬੋਤਲ।
ਭੁੱਕੀ, ਅਫ਼ੀਮ ਤੇ ਹੋਰ ਨਿੱਕ ਸੁੱਕ, ਝੁੱਗੀਆਂ 'ਚ ਪੰਜੀਂ ਸਾਲੀਂ ਦੀਵਾਲੀ।

ਨੇਤਾ ਜੀ ਨੇ ਮੈਨੂੰ ਪੁੱਛਿਆ ਕਵਿਤਾ ਵਿਚ ਗੁਰਭਜਨ ਗਿੱਲ ਲਿਖਦਾ ਹੈ-

ਤੇਰੀ ਚੁੱਭ ਤੈਨੂੰ ਮਹਿੰਗੀ ਪੈ ਸਕਦੀ ਹੈ।
ਇਹ ਆਖ਼ਰੀ ਮੌਕਾ ਹੈ, ਪੱਥਰ ਹੋ ਜਾਵੇਂਗਾ।
ਮੈਂ ਕਿਹਾ, ਰਾਹ ਦਾ ਪੱਥਰ ਨਹੀਂ, ਮੀਲ ਪੱਥਰ ਬਣਾਂਗਾ।
ਸੁਣੋ ਜੇ ਸੁਣ ਸਕਦੇ ਹੋ।
ਟੈਂਕੀਆਂ ਤੇ ਚੜ੍ਹਨ ਵਾਲੇ, ਹਰ ਮੌਸਮ 'ਚ ਹੱਕ ਮੰਗਦੇ।
ਤਿਲ ਤਿਲ ਕਰਕੇ ਮਰਨ ਵਾਲੇ, ਲਾਠੀਆਂ, ਗੋਲੀਆਂ ਤੇ ਬੁਛਾੜਾਂ।
ਨੰਗੇ ਪਿੰਡੇ ਜਰਨ ਵਾਲੇ, ਆਪਣੇ ਹੀ ਭਾਈਬੰਦ ਹਨ।
ਲੋਕਾਂ ਦੀਆਂ ਮਾਵਾਂ ਧੀਆਂ-ਪੁੱਤਰਾਂ ਨੂੰ, ਨੁਹਾ ਧੁਆ ਕੇ ਸਕੂਲ ਤੋਰਦੀਆਂ।
ਸੁਪਨ-ਚੋਗ ਚੁਗਣ ਲਈ, ਪਰ ਸਾਡੀਆਂ ਮਾਵਾਂ।
ਰੱਦੀ, ਮੋਮੀ ਲਿਫ਼ਾਫ਼ੇ ਤੇ ਕਿਲ ਕਾਂਟੇ, ਚੁਕਣ ਲਈ ਤੋਰਦੀਆਂ ਨੇ।

ਬਦਲ ਗਏ ਮੰਡੀਆਂ ਦੇ ਭਾਅ ਕਵਿਤਾ ਵਿੱਚ ਕਿਸਾਨੀ ਕਰਜ਼ੇ ਦੀ ਗੱਲ ਕਰਦੇ ਹੋਏ ਆਧੁਨਿਕ ਤਕਨੀਕ ਦੇ ਨਾਂ ਤੇ ਖੇਤੀ ਉਤਪਾਦਨ ਲਈ ਕੀਤੇ ਜਾ ਰਹੇ ਖ਼ਰਚਿਆ ਨੂੰ ਘਟਾਉਣ ਅਤੇ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਦੀ ਸਲਾਹ ਵੀ ਦਿੰਦੇ ਹਨ। ਜਾਗਦੀ ਹੈ ਮਾਂ ਅਜੇ, ਮੇਰੀ ਮਾਂ, ਭੱਠੇ 'ਚ ਤਪਦੀ ਮਾਂ, ਮੇਰੀ ਮਾਂ ਤਾਂ ਰੱਬ ਦੀ ਕਵਿਤਾ, ਕਰੋਸ਼ੀਏ ਨਾਲ ਮਾਂ, ਬਹੁਤ ਯਾਦ ਆਉਂਦੀ ਹੈ ਲਾਲਟੈਨ, ਕੋਲੋਂ ਲੰਘਦੇ ਹਾਣੀਓ, ਲੰਮੀ ਉਮਰ ਇਕੱਠਿਆਂ, ਜਦੋਂ ਬਹੁਤ ਕੁਝ ਗੁਆਚਦੈ ਮਾਂ ਸਣੇ ਅਤੇ ਮਾਵਾਂ ਨਹੀਂ ਥੱਕਦੀਆਂ ਕਵਿਤਾਵਾਂ ਵਿੱਚ ਮਾਂ ਦੀ ਪਰਿਵਾਰਾਂ ਲਈ ਦੇਣ ਅਤੇ ਇਸਤਰੀ ਜ਼ਾਤੀ ਦੀ ਅਹਿਮੀਅਤ ਦਰਸਾਉਂਦੀਆਂ ਹਨ ਕਿ ਇਸਤਰੀ ਦਾ ਸਿਹਤਮੰਦ ਸਮਾਜ ਦੀ ਉਸਾਰੀ ਵਿੱਚ ਯੋਗਦਾਨ ਕਿਤਨਾ ਮਹੱਤਵਪੂਰਨ ਹੈ। ਇਸਤਰੀ ਜਿਤਨੀ ਦੇਰ ਪੜ੍ਹੀ ਲਿਖੀ ਨਹੀਂ ਹੁੰਦੀ, ਉਤਨੀ ਦੇਰ ਸਮਾਜ ਤਰੱਕੀ ਨਹੀਂ ਕਰ ਸਕਦਾ। ਔਰਤ ਪਰਮਾਤਮਾ ਦੀ ਬਿਹਤਰੀਨ ਸਿਰਜਣਾ ਹੈ। ਇਸਤਰੀ, ਮਾਂ, ਭੈਣ, ਪਤਨੀ ਅਤੇ ਭਾਵੇਂ ਸਪੁੱਤਰੀ ਦੇ ਰੂਪ ਵਿੱਚ ਹੋਵੇ ਜੇ ਉਹ ਗਿਆਨ ਦੀ ਗੁਥਲੀ




ਹੋਵੇਗੀ ਤਾਂ ਬਿਹਤਰੀਨ ਸਮਾਜ ਸਿਰਜਿਆ ਜਾ ਸਕਦਾ ਹੈ। ਕਵੀ ਇਸਤਰੀ ਦੀ ਮਹੱਤਤਾ ਨੂੰ ਸਮਝਣ ਦੀ ਦਲੀਲ ਦਿੰਦਾ ਹੈ। ਗੁਰਭਜਨ ਗਿੱਲ ਦੀਆਂ ਬਹੁਤੀਆਂ ਕਵਿਤਾਵਾਂ ਵਿੱਚ ਕਿਤੇ ਨਾ ਕਿਤੇ ਮਾਂ ਦਾ ਜ਼ਿਕਰ ਜ਼ਰੂਰ ਹੁੰਦਾ ਹੈ। ਲੰਮੀ ਉਮਰ ਇਕੱਠਿਆਂ ਕਵਿਤਾ ਵਿੱਚ ਬੱਚਿਆਂ ਦੇ ਮਾਪਿਆਂ ਨਾਲੋਂ ਭੰਗ ਹੋ ਰਹੇ ਮੋਹ ਬਾਰੇ ਸਲੀਕੇ ਨਾਲ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਮਾਪੇ ਹਰ ਔਖੀ ਘੜੀ ਵਿੱਚ ਬੱਚਿਆਂ ਦੀ ਪਰਵਰਿਸ਼ ਕਰਦੇ ਹਨ ਪ੍ਰੰਤੂ ਜਦੋਂ ਮਾਪਿਆਂ ਤੇ ਬੁਢਾਪਾ ਆਉਂਦਾ ਹੈ, ਤੇਰੀ ਮਾਂ ਕਹਿਕੇ ਪਾਸਾ ਵੱਟਣਾ ਲਾਹਣਤ ਦੇ ਬਰਾਬਰ ਹੈ। ਮਾਪੇ ਸੀਮਤ ਸਾਧਨਾ ਵਿੱਚ ਵੀ ਬੱਚੇ ਪਾਲਦੇ ਰਹੇ ਪ੍ਰੰਤੂ ਅੱਜ ਕਲ੍ਹ ਸਾਰੇ ਸਾਧਨ ਹੋਣ ਦੇ ਬਾਵਜੂਦ ਮਾਪਿਆਂ ਦੀ ਨਿਰਾਦਰੀ ਕੀਤੀ ਜਾ ਰਹੀ ਹੈ। ਜੇ ਇਹ ਕਹਿ ਲਿਆ ਜਾਵੇ ਕਿ ਇਹ ਪੁਸਤਕ ਇਸਤਰੀਆਂ, ਗ਼ਰੀਬਾਂ ਮਜ਼ਦੂਰਾਂ, ਦੱਬੇ ਕੁਚਲੇ ਅਤੇ ਲਿਤਾੜੇ ਜਾ ਰਹੇ ਵਰਗਾਂ ਦੀਆਂ ਨਪੀੜੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ ਤਾਂ ਕੋਈ ਅਤਕਥਨੀ ਨਹੀਂ ਹੋਵੇਗੀ। ਸਮਾਜਿਕ ਨਾ ਬਰਾਬਰੀ ਦੇ ਵਿਰੁਧ ਅਤੇ ਅਤੇ ਮਨੁੱਖੀ ਹੱਕਾਂ ਦੀ ਵਕਾਲਤ ਵੀ ਕਰਦੀ ਹੈ। ਕੋਈ ਅਜਿਹਾ ਵਿਸ਼ਾ ਨਹੀਂ ਜਿਸ ਰਾਹੀਂ ਸਮਾਜ ਵਿੱਚ ਅਨਿਅਏ ਹੋ ਰਿਹਾ ਹੋਵੇ, ਉਸ ਵਿਰੁੱਧ ਸ਼ਾਇਰ ਨੇ ਆਵਾਜ਼ ਨਾ ਬੁਲੰਦ ਕੀਤੀ ਹੋਵੇ ਪ੍ਰੰਤੂ ਕਵੀ ਦਾ ਕੋਮਲ ਮਨ ਬਹੁਤ ਹੀ ਭਾਵਪੂਰਤ ਸ਼ਬਦਾਵਲੀ ਵਿੱਚ ਸਹਿੰਦੇ ਸਹਿੰਦੇ ਤੁਣਕੇ ਮਾਰਦਾ ਹੈ। ਵਿਸ਼ਾ ਚੁਣਨਾ ਤਾਂ ਵੱਡੀ ਗੱਲ ਨਹੀਂ ਪ੍ਰੰਤੂ ਵਿਸ਼ੇ ਨਾਲ ਇਨਸਾਫ਼ ਕਰਨਾ ਬਹੁਤ ਮਹੱਤਵਪੂਰਨ ਹੈ। ਗੁਰਭਜਨ ਗਿੱਲ ਇਹ ਜ਼ਿੰਮੇਵਾਰੀ ਨਿਭਾਉਣ ਵਿੱਚ ਸਫ਼ਲ ਸਾਬਤ ਹੋਏ ਹਨ। ਪਦਾਰਥਵਾਦ ਦਾ ਭੂਤ ਸਮਾਜ ਨੂੰ ਘੁਣ ਵਾਂਗ ਖਾ ਰਿਹਾ ਹੈ। ਕਵੀ ਸਮਾਜ ਵਿੱਚ ਸੁਧਾਰ ਲਿਆਉਣ ਲਈ ਸ੍ਰੀ ਗੁਰੂ ਨਾਨਕ ਦੇਵ, ਸ੍ਰੀ ਗੁਰੂ ਅਰਜਨ ਦੇਵ, ਸ੍ਰੀ ਗੁਰੂ ਤੇਗ ਬਹਾਦਰ, ਭੈਣ ਨਾਨਕੀ ਵੀਰ ਨੂੰ ਲੱਭਦਿਆਂ, ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਛੋਟੇ ਸਾਹਿਬਜ਼ਾਦਿਆਂ ਦੀਆਂ ਕੁਰਬਾਨੀਆਂ ਤੋਂ ਨਸੀਹਤ ਲੈਣ ਦੀ ਪ੍ਰੇਰਨਾ ਦਿੰਦਾ ਹੈ। ਹਰ ਸਮੱਸਿਆ ਦੇ ਹਲ ਲਈ ਗੁਰੂਆਂ ਦੀ ਵਿਚਾਰਧਾਰਾ ਦਾ ਸਹਾਰਾ ਲੈ ਕੇ ਕਵਿਤਾਵਾਂ



ਉਜਾਗਰ ਸਿੰਘ
91-94178 13072

ਰਾਹੀਂ ਪ੍ਰੇਰਨਾ ਦਿੰਦੇ ਹਨ। ਅਮੀਰ ਵਿਰਾਸਤ ਤੋਂ ਮੁਖ ਮੋੜਨਾ ਸਮਾਜ ਲਈ ਭਾਰੂ ਪੈ ਰਿਹਾ ਹੈ। ਧਾਰਮਿਕ ਕੱਟੜਤਾ ਸਮਾਜ ਨੂੰ ਖੋਖਲਾ ਕਰ ਰਹੀ ਹੈ। ਕਵੀ ਦੀਆਂ ਕਵਿਤਾਵਾਂ ਦੇ ਵਿਸ਼ੇ ਹਰ ਸਮਾਜਿਕ ਬਿਮਾਰੀ ਦੀਆਂ ਪਰਤਾਂ ਖੋਲ੍ਹਦੇ ਹਨ। ਗ਼ਰੀਬੀ, ਹੱਕ ਸੱਚ ਦੀ ਲੜਾਈ, ਬਲਤਕਾਰ, ਭਰੂਣ ਹੱਤਿਆ ਅਤੇ ਕਰਜ਼ਿਆਂ ਦੀ ਹੋੜ੍ਹ ਬਾਰੇ ਕਵਿਤਾਵਾਂ ਲਿਖਕੇ ਸਮਾਜ ਨੂੰ ਜਗਾਉਣ ਦੀ ਕੋਸ਼ਿਸ਼ ਕਰਦੇ ਹਨ। ਆਪਣੀਆਂ ਕਵਿਤਾਵਾਂ ਵਿੱਚ ਰਾਜਨੀਤਕ ਭਰਿਸ਼ਟਾਚਾਰ ਅਤੇ ਬੇਹੂਦਗੀ ਦੀ ਤਸਵੀਰ ਪੇਸ਼ ਕਰ ਦਿੰਦੇ ਹਨ। ਸਮਾਜ ਵਿੱਚ ਮਾਫੀਆ ਪ੍ਰਣਾਲੀ ਦੇ ਘਾਤਕ ਪ੍ਰਣਾਮ ਗ਼ਰੀਬਾਂ ਨੂੰ ਹੋਰ ਗ਼ਰੀਬ ਕਰ ਰਹੇ ਹਨ। ਪਤਾ ਹੋਵੇ ਤਾਂ ਦੱਸਦਾ ਕਵਿਤਾ ਵਿੱਚ ਕਾਰਪੋਰੇਟ ਦੇ ਹਮਲੇ ਬਾਰੇ ਲਿਖਦੇ ਹਨ-

ਦਰਜੀ ਦੀ ਮਸ਼ੀਨ ਖਾ ਗਏ ਕਾਰਪੋਰੇਟ, ਹੱਟੀਆਂ ਨੂੰ ਉਜਾੜ ਗਏ ਮਾਲ।
ਭੱਠੀਆਂ ਤੋਂ ਦਾਣੇ ਦੇ ਪੈਕਿਟਾਂ 'ਚ ਜਾ ਲੁਕੇ,
ਥੈਲੀਸ਼ਾਹਾਂ ਦੇ ਕਰਿੰਦੇ ਬਣ ਗਏ।
ਕੁਆਰ ਗੰਦਲ ਐਲੋਵੀਰਾ ਬਣ ਕੇ, ਜਾ ਬੈਠੀ ਹੈ ਮੁਨਾਫ਼ੇ ਦੀਆਂ ਡੱਬੀਆਂ 'ਚ।

ਸਾਈਂ ਲੋਕ ਗਾਉਂਦੇ ਕਵਿਤਾ ਵਿੱਚ ਸੁਹਜਾਤਮਿਕ ਢੰਗ ਨਾਲ ਦੱਸਿਆ ਹੈ ਕਿ ਕੋਮਲ ਕਲਾਵਾਂ ਬੜਾ ਕੁਝ ਕਹਿ ਜਾਂਦੀਆਂ ਹਨ। ਕਵਿਤਾ ਲਿਖਿਆ ਕਰੋ ਬਿੰਬਾਤਮਿਕ ਕਵਿਤਾ ਹੈ, ਜਿਸ ਵਿੱਚ ਅਨੇਕ ਨੁਕਤੇ ਉਠਾਉਂਦਿਆਂ ਕਵੀ ਨੇ ਸਬਰ ਸੰਤੋਖ ਦਾ ਪੱਲਾ ਫੜਨ, ਸਹਿਜਤਾ ਗ੍ਰਹਿਣ ਕਰਨ, ਕੁੜੀਆਂ ਨੂੰ ਧੀਆਂ ਸਮਝਣ, ਪੀੜ ਸਮੂਹਕ ਹੋਣਾ ਆਦਿ ਬਾਰੇ ਕਵਿਤਾਵਾਂ ਇਥੇ ਸੂਤਰਧਾਰ ਦਾ ਕ ਮ ਕਰਦੀਆਂ ਹਨ। ਕਾਲਾ ਟਿੱਕਾ ਕਵਿਤਾ ਰਾਜ ਕਰ ਰਹੀ ਕੇਂਦਰ ਸਰਕਾਰ 'ਤੇ ਵਿਅੰਗ ਕਰਦੀ ਉਨ੍ਹਾਂ ਦੀਆਂ ਆਪ ਹੁਦਰੀਆਂ ਨੂੰ ਨੰਗਿਆਂ ਕਰਦੀ ਹੈ। ਥੋੜ੍ਹੇ ਜਹੇ ਪੈਸਿਆਂ ਵਿੱਚ ਕਵਿਤਾ ਬਿਹਤਰੀਨ ਸੰਦੇਸ਼ ਦਿੰਦੀ ਹੈ ਕਿ ਇਨਸਾਨ ਨੂੰ ਸਿਆਣਪ ਨਾਲ ਹਰ ਕੰਮ ਕਰਨਾ ਚਾਹੀਦਾ ਪੈਸਾ ਹਰ ਥਾਂ ਕੰਮ ਨਹੀਂ ਆਉਂਦਾ। ਗੁਰਭਜਨ ਗਿੱਲ ਦੀ ਇਸ ਪੁਸਤਕ ਵਿੱਚ ਕੇਂਦਰ ਵਿੱਚ ਰਾਜ ਕਰ ਰਹੀ ਸਰਕਾਰ ਦੀਆਂ ਲੋਕ ਮਾਰੂ ਨੀਤੀਆਂ ਬਾਰੇ ਬੜੇ ਹੀ ਸੁਚੱਜੇ ਢੰਗ ਨਾਲ ਚੋਟਾਂ ਲਾਈਆਂ ਹਨ, ਜਿਹੜੀਆਂ ਸਮਝਦਾਰ ਪਾਠਕ ਲਈ ਉਸਾਰੂ ਯੋਗਦਾਨ ਪਾ ਰਹੀਆਂ ਹਨ। ਸਿੱਧੇ ਢੰਗ ਨਾਲ ਟਕਰਾਓ ਪੈਦਾ ਕਰਨ ਵਾਲੀਆਂ ਕਵਿਤਾਵਾਂ ਨਹੀਂ ਹਨ ਪ੍ਰੰਤੂ ਬੁੱਧੀਜੀਵੀਆਂ ਦੀ ਮਾਨਸਕਤਾ ਨੂੰ ਕੁਰੇਦਣ ਦਾ ਕੰਮ ਕਰ ਰਹੀਆਂ ਹਨ। ਬੂਬੂ ਨੂੰ ਕੁੱਤਾ ਨਾ ਕਹੋ ਮਨੁੱਖਤਾ ਦੀ ਮੂਰਖਤਾ ਦਾ ਪ੍ਰਗਟਾਵਾ ਕਰਦੀ ਹੈ, ਜਦੋਂ ਉਹ ਕਹਿੰਦੇ ਹਨ ''ਰੋਟੀ ਵੇਖ ਕੇ ਪੂਛ ਨਹੀਂ ਹਿਲਾਉਂਦਾ''।

ਭਾਵ ਇਨਸਾਨ ਵਫ਼ਦਾਰ ਨਹੀਂ ਬਣਦਾ, ਕੁੱਤਾ ਇਨਸਾਨ ਤੋਂ ਵਧੇਰੇ ਵਫ਼ਦਾਰ ਹੈ। ਅਸੀਸ ਕਵਿਤਾ ਵਿੱਚ ਸੋਚ ਬਦਲਣ ਨਾਲ ਸਮਾਜ ਬਦਲ ਸਕਦਾ ਹੈ। ਭਾਸ਼ੇ ਜਦ ਵੀ ਬੋਲਦੇ ਕਵਿਤਾ ਇਕ ਸਾਧਨ ਬਣਾਕੇ ਕਵੀ ਨੇ ਇਨਸਾਨੀਅਤ ਦੀ ਸੋਚ 'ਤੇ ਚਿੰਤਾ ਪ੍ਰਗਟ ਕੀਤੀ ਹੈ। ਦਿੱਲੀ ਆਪ ਨਹੀਂ ਉਜੜਦੀ ਸੰਕੇਤਕ ਕਵਿਤਾ ਹੈ, ਜਿਸ ਰਾਹੀਂ ਦਰਸਾਇਆ ਗਿਆ ਹੈ ਕੁਝ ਲੋਕਾਂ ਦੀ ਮਾਨਸਿਕਤਾ ਮਨੁੱਖਤਾ ਨੂੰ ਨੁਕਸਾਨ ਪਹੁੰਚਾਉਣ ਤੱਕ ਸੀਮਤ ਹੁੰਦੀ ਹੈ। ਪ੍ਰਕਾਸ਼ ਜਾਈ ਕਵਿਤਾ ਵਿਦਵਾਨ ਇਸਤਰੀਆਂ ਦੀ ਜਦੋਜਹਿਦ ਦਾ ਪ੍ਰਤੀਕ ਬਣਦੀ ਹੈ। ਗੁਰਭਜਨ ਗਿੱਲ ਦੀਆਂ ਬਹੁਤੀਆਂ ਕਵਿਤਾਵਾਂ ਵਰਤਮਾਨ ਰਾਜ ਪ੍ਰਬੰਧ ਦੀਆਂ ਗ਼ਲਤ ਨੀਤੀਆਂ ਦੇ ਵਿਰੁੱਧ ਲੋਕਾਈ ਨੂੰ ਜਾਗ੍ਰਤ

# ਅਮਰੀਕਾ ਦੇ ਫਲੋਰਿਡਾ ਰਾਜ ਦੇ ਸਕੂਲਾਂ ਵਿਚ ਸਟਾਫ ਦੀ ਭਾਰੀ ਘਾਟ

**ਸੈਕਰਾਮੈਂਟੋ 13 ਅਕਤੂਬਰ (ਹੁਸਨ ਲੜੋਆ ਬੰਗਾ)-** ਇਸ ਸਿੱਖਿਆ ਸਾਲ ਦੌਰਾਨ ਜਦੋਂ ਤੋਂ ਸਕੂਲ ਸ਼ੁਰੂ ਹੋਏ ਹਨ ਅਮਰੀਕਾ ਦੇ ਫਲੋਰਿਡਾ ਰਾਜ ਵਿਚ ਅਧਿਆਪਕਾਂ ਤੇ ਹੋਰ ਸਟਾਫ ਦੀ ਭਾਰੀ ਘਾਟ ਪਾਈ ਜਾ ਰਹੀ ਹੈ। ਫਲੋਰਿਡਾ ਐਜੂਕੇਸ਼ਨ ਐਸੋਸੀਏਸ਼ਨ ਤੋਂ ਪ੍ਰਾਪਤ ਹੋਏ ਅੰਕੜਿਆਂ ਅਨੁਸਾਰ ਫਲੋਰਿਡਾ ਦੇ ਸਕੂਲਾਂ ਵਿਚ ਅਧਿਆਪਕਾਂ ਦੀਆਂ 5000 ਤੋਂ ਵਧ ਅਸਾਮੀਆਂ ਖਾਲੀ ਹਨ ਤੇ ਹੋਰ ਸਟਾਫ ਦੀਆਂ 4000 ਤੋਂ ਵਧ ਅਸਾਮੀਆਂ ਭਰੀਆਂ ਨਹੀਂ ਜਾ ਰਹੀਆਂ। ਫਲੋਰਿਡਾ ਐਜੂਕੇਸ਼ਨ ਐਸੋਸੀਏਸ਼ਨ ਦੇ ਪ੍ਰਧਾਨ ਐਂਡਰੀਊ ਸਪਾਰ ਨੇ ਕਿਹਾ ਹੈ ਕਿ ਉਨਾਂ ਦੀ ਸੰਸਥਾ ਨੇ ਇਸ ਸਾਲ ਅਗਸਤ ਵਿਚ ਅਸਾਮੀਆਂ ਦੀ ਸਥਿੱਤੀ ਬਾਰੇ ਅੰਕੜੇ ਜਾਰੀ ਕੀਤੇ ਸਨ ਪਰੰਤੂ ਉਸ ਤੋਂ ਬਾਅਦ ਹਾਲਾਤ ਹੋਰ ਨਿਘਰ ਗਏ ਹਨ ਤੇ ਖਾਲੀ ਅਸਾਮੀਆਂ ਦੀ ਗਿਣਤੀ ਘੱਟਣ ਦੀ ਬਜਾਏ ਵਧ ਗਈ ਹੈ। ਇਸ ਵੇਲੇ ਸਕੂਲਾਂ ਵਿਚ 5100 ਅਧਿਆਪਕਾਂ ਦੀਆਂ ਅਸਾਮੀਆਂ ਖਾਲੀ ਹਨ। ਉਨਾਂ ਕਿਹਾ ਹੈ ਕਿ ਸਾਡੇ ਪਬਲਿਕ ਸਕੂਲਾਂ ਲਈ ਇਹ ਸਥਿੱਤੀ ਤੇ ਰੁਝਾਨ ਬਹੁਤ ਖਤਰਨਾਕ ਹੈ। f

ਇਸ ਵੇਲੇ ਰਾਜ ਦੇ ਅਧਿਕਾਰੀਆਂ ਨੂੰ ਇਸ ਸਮੱਸਿਆ ਵੱਲ ਫੌਰਨ ਧਿਆਨ ਦੇਣ ਦੀ ਲੋੜ ਹੈ। ਉਨਾਂ ਕਿਹਾ ਕਿ ਅਧਿਆਪਕਾਂ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਉਹ ਸਕੂਲ ਛੱਡੇ ਰਹੇ ਹਨ ਤੇ ਨੌਜਵਾਨ ਅਧਿਆਪਕ ਵਜੋਂ ਕਰੀਅਰ ਸ਼ੁਰੂ ਕਰਨ ਦੇ ਹੱਕ ਵਿਚ ਨਹੀਂ ਹਨ। ਫਲੋਰਿਡ ਐਜੂਕੇਸ਼ਨ ਐਸੋਸੀਏਸ਼ਨ ਅਨੁਸਾਰ ਕੋਵਿਡ-19 ਮਹਾਮਾਰੀ ਕਾਰਨ ਅਧਿਆਪਕਾਂ ਉਪਰ ਦਬਾਅ ਵਧਿਆ ਹੈ ਤੇ ਬੇਯਕੀਨੀ ਵਾਲੇ ਹਾਲਾਤ ਪੈਦਾ ਹੋਏ ਹਨ। ਘੱਟ ਤਨਖਾਹ ਨੇ ਵੀ ਸਮੱਸਿਆ ਵਿਚ ਵਾਧਾ ਕੀਤਾ ਹੈ। ਫਲੋਰਿਡਾ ਐਜੂਕੇਸ਼ਨ ਐਸੋਸੀਏਸ਼ਨ ਅਨੁਸਾਰ ਅਗਸਤ 2020 ਤੋਂ ਬਾਅਦ ਅਗਸਤ 2021 ਤੱਕ ਸਕੂਲਾਂ ਵਿਚ ਅਧਿਆਪਕਾਂ ਦੀਆਂ ਅਸਾਮੀਆਂ ਵਿਚ 67% ਵਾਧਾ ਹੋਇਆ ਹੈ ਪਰੰਤੂ ਇਸ ਵੇਲੇ ਸਕੂਲ ਅਧਿਆਪਕਾਂ ਦੀ ਘਾਟ ਦੀ ਸਮੱਸਿਆ ਨਾਲ ਜੂਝ ਰਹੇ ਹਨ।

ਸਕੂਲਾਂ ਵਿਚ ਕੰਮ ਕਰ ਰਹੇ ਅਧਿਆਪਕਾਂ ਦਾ ਕਹਿਣਾ ਹੈ ਕਿ ਸਾਨੂੰ ਬਹੁਤ ਵੱਡੀਆਂ ਕਲਾਸਾਂ ਨੂੰ ਪੜਾਉਣਾ ਪੈ ਰਿਹਾ ਹੈ ਜੋ ਮੁਸ਼ਕਿਲ ਹੀ ਨਹੀਂ ਬਲਕਿ ਅਸੰਭਵ ਹੈ। ਇਸ ਬਦਲੇ ਜੋ ਤਨਖਾਹਾਂ ਦਿੱਤੀਆਂ ਜਾ ਰਹੀਆਂ ਹਨ ਉਹ ਰਾਸ਼ਟਰੀ ਔਸਤ ਨਾਲੋਂ ਬਹੁਤ ਘੱਟ ਹਨ।

ਇਹ ਹਾਲਾਤ ਉਸ ਵੇਲੇ ਪੈਦਾ ਹੋਏ ਹਨ ਜਦੋਂ ਸਕੂਲਾਂ ਵਿਚ ਬੱਚਿਆਂ ਦੁਆਰਾ ਮਾਸਕ ਪਾਉਣ ਜਾਂ ਨਾ ਪਾਉਣ ਬਾਰੇ ਚਰਚਾ ਚੱਲ ਰਹੀ ਹੈ। ਅਮਰੀਕੀ ਸਕੂਲ ਵਿਭਾਗ ਨੇ ਹਾਲ ਹੀ ਵਿਚ ਫਲੋਰਿਡਾ ਦੇ ਉਨਾਂ ਅਧਿਆਪਕਾਂ ਲਈ ਤਨਖਾਹਾਂ ਜਾਰੀ ਕੀਤੀਆਂ ਹਨ ਜਿਨਾਂ ਦੀਆਂ ਤਨਖਾਹਾਂ ਗਵਰਨਰ ਦੇ ਹੁਕਮਾਂ ਦੀ ਉਲੰਘਣਾ ਕਰਕੇ ਮਾਸਕ ਪਹਿਨਣਾ ਜਰੂਰੀ ਕਰ ਦੇਣ ਦੇ ਸਿੱਟੇ ਵਜੋਂ ਰੋਕ ਲਈਆਂ ਗਈਆਂ ਸਨ। ਗਵਰਨਰ ਦੇ ਆਦੇਸ਼ਾਂ ਵਿਚ ਕਿਹਾ ਗਿਆ ਸੀ ਕਿ ਬੱਚਿਆਂ ਨੇ ਮਾਸਕ ਪਾਉਣਾ ਹੈ ਜਾਂ ਨਹੀਂ ਇਸ ਗੱਲ ਦਾ ਨਿਰਨਾ ਮਾਪੇ ਕਰਨਗੇ ਨਾ

ਸੋਹੰ

ਹਰਿ

SHRI GURU RAVIDASS SABHA (CA)

2150 Crestview Drive, Pittsburg CA 94565

Tel : (925) 439-2355

Sri Guru Ravidass Temple Pittsburg (CA)

Gurughar's coming programs

October 17, 2021

Barsi of Master Gurbachan Singh Ji

Bhai Kanwaljit Singh and family will be hosting Sukhmani Sahib path and Langar Sewa on the occasion of their fathers first Barsi.Family is asking Sangat to join them in the Ardass.

November 4, 2021 Diwali Celebration

Diwali will be celebrated in the Gurughar at 6:00 pm on November 4, 2021. Sukhmani Sahib Path and Langar Sewa will be hosted by Ramesh Suman, Gyan Suman and family.Please come and enjoy festivities after Gurbani Kirtan and Ardass for the entire Sangat.

# 'ਪਟਿਆਲਾ ਦਾ ਸੰਖੇਪ ਇਤਿਹਾਸ ਅਤੇ ਉਘੇ ਵਸਨੀਕ' ਅਵਤਾਰ ਸਿੰਘ ਦੀ ਖ਼ੋਜੀ ਪੁਸਤਕ



ਉਜਾਗਰ ਸਿੰਘ
91-94178 13072

ਪਟਿਆਲਾ ਪੈਪਸੂ ਰਿਆਸਤ ਦਾ ਇਤਿਹਾਸਕ ਮਹੱਤਵ ਵਾਲਾ ਸ਼ਹਿਰ ਹੈ। ਇਸ ਸ਼ਹਿਰ ਬਾਰੇ ਬਹੁਤ ਸਾਰੇ ਇਤਿਹਾਸਕਾਰਾਂ ਨੇ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਪੁਸਤਕਾਂ ਵਿੱਚ ਪਟਿਆਲਾ ਸ਼ਹਿਰ ਅਤੇ ਇਥੋਂ ਦੇ ਵਸਨੀਕਾਂ ਬਾਰੇ ਆਲੋਚਨਾਤਮਕ ਦ੍ਰਿਸ਼ਟੀਕੋਣ ਨਾਲ ਲਿਖਿਆ ਗਿਆ ਹੈ। ਇਹ ਤਾਂ ਬਿਲਕੁਲ ਸਹੀ ਹੈ ਕਿ ਕਿਸੇ ਵੀ ਸ਼ਹਿਰ ਅਤੇ ਉਥੋਂ ਦੇ ਵਸਨੀਕਾਂ ਵਿੱਚ ਉਸਾਰੂ ਅਤੇ ਨਕਾਰਾਤਮਕ ਗੱਲਾਂ ਹੁੰਦੀਆਂ ਹਨ ਪ੍ਰੰਤੂ ਆਮ ਤੌਰ ਤੇ ਬਹੁਤੇ ਇਤਿਹਸਕਾਰਾਂ ਨੇ ਇਥੋਂ ਦੇ ਵਿਰਾਸਤੀ ਪੱਖਾਂ ਅਤੇ ਸਰਬਪੱਖੀ ਵਿਕਾਸ ਬਾਰੇ ਉਸਾਰੂ ਪੜਚੋਲ ਕਰਦਿਆਂ ਬਹੁਤ ਸਾਰੀਆਂ ਊਣਤਾਈਆਂ ਦਾ ਚਟਕਾਰੇ ਲਾ ਕੇ ਵਰਨਣ ਕੀਤਾ ਹੈ। ਅਵਤਾਰ ਸਿੰਘ ਦੀ ਇਸ ਪੁਸਤਕ ਦੀ ਖ਼ੂਬੀ ਇਹ ਹੈ ਕਿ ਉਨ੍ਹਾਂ ਵਿਰਾਸਤੀ ਦ੍ਰਿਸ਼ਟੀਕੋਣ ਦੇ ਨਾਲ ਹੀ ਉਸਾਰੂ ਪੱਖਾਂ ਨੂੰ ਬਹੁਤ ਹੀ ਸਲੀਕੇ ਨਾਲ ਵਰਨਣ ਕੀਤਾ ਹੈ। ਉਨ੍ਹਾਂ ਨਕਾਰਾਤਮਕ ਗੱਲਾਂ ਨੂੰ ਅਣਡਿਠ ਕਰਦਿਆਂ ਬਹੁਤਾ ਉਛਾਲਿਆ ਨਹੀਂ, ਇਹੋ ਇਸ ਪੁਸਤਕ ਦੀ ਵਿਸ਼ੇਸ਼ਤਾ ਹੈ। ਸਾਡੇ ਸਮਾਜ ਦੀ ਪ੍ਰਵਿਰਤੀ ਹੈ ਕਿ ਉਹ ਉਸਾਰੂ ਪੱਖਾਂ ਨੂੰ ਅੱਖੋਂ ਪ੍ਰੋਖੇ ਕਰਕੇ ਨਕਾਰਾਤਮਕ ਪੱਖਾਂ ਬਾਰੇ ਹੀ ਸੁਆਦ ਲੈਂਦਿਆਂ ਲਿਖਦਾ ਅਤੇ ਪੜ੍ਹਦਾ ਹੈ। ਭਾਵੇਂ ਕੁਝ ਪਾਠਕ ਅਵਤਾਰ ਸਿੰਘ ਦੀ ਇਸ ਪ੍ਰਵਿਰਤੀ ਦੀ ਆਲੋਚਨਾ ਵੀ ਕਰਨ, ਉਨ੍ਹਾਂ ਦਾ ਹੱਕ ਹੈ ਪ੍ਰੰਤੂ ਮੈਂ ਅਵਤਾਰ ਸਿੰਘ ਹੋਰਾਂ ਦੀ ਵਿਚਾਰਧਾਰਾ ਨੂੰ ਸਲਾਮ ਕਰਦਾ ਹਾਂ ਕਿਉਂਕਿ ਹਰ ਇਨਸਾਨ ਵਿੱਚ ਇਹ ਦੋਵੇਂ ਪੱਖ ਹੁੰਦੇ ਹਨ। ਇਨਸਾਨ ਨੇ ਚੰਗੇ ਮਾੜੇ ਬਾਰੇ ਆਪਣੀ ਸੋਚ ਮੁਤਾਬਕ ਫ਼ੈਸਲੇ ਕਰਨੇ ਹੁੰਦੇ ਹਨ। 148 ਪੰਨਿਆਂ ਦੀ ਸਚਿਤਰ ਰੰਗਦਾਰ ਅਤੇ ਦਿਲਕਸ਼ ਮੁੱਖ ਕਵਰ ਵਾਲੀ ਇਸ ਪੁਸਤਕ ਨੂੰ ਲੇਖਕ ਨੇ 10 ਭਾਗਾਂ ਵਿਚ ਵੰਡਿਆ ਹੈ। ਪਹਿਲੇ ਭਾਗ ਵਿੱਚ ਪਟਿਆਲਾ ਸ਼ਹਿਰ ਦੀ ਇਤਿਹਾਸਕ ਅਤੇ ਮਿਥਹਾਸਿਕ ਪੱਖੋਂ ਜਾਣਕਾਰੀ ਦਿੱਤੀ ਗਈ ਹੈ। ਆਮ ਤੌਰ 'ਤੇ ਸਾਰੇ ਇਤਿਹਾਸਕਾਰਾਂ ਨੇ ਬਾਬਾ ਆਲਾ ਸਿੰਘ ਤੋਂ ਲੈ ਕੇ ਮਹਾਰਾਜਾ ਯਾਦਵਿੰਦਰ ਸਿੰਘ ਤੱਕ ਦੀ ਜਾਣਕਾਰੀ ਦਿੱਤੀ ਹੈ ਪ੍ਰੰਤੂ ਅਵਤਾਰ ਸਿੰਘ ਨੇ ਮਹਾਰਾਜਾ ਪਰਿਵਾਰ ਦਾ ਕੁਰਸੀਨਾਮਾ ਦੇ ਕੇ ਇਸ ਵੰਸ਼ ਬਾਰੇ ਵਿਸਤਾਰ ਨਾਲ ਦੱਸਿਆ ਹੈ। ਲੇਖਕ ਨੇ ਇਸ ਵੰਸ਼ ਦਾ ਮੋਢੀ ਮੋਹਨ ਤੋਂ ਸ਼ੁਰੂ ਕਰਕੇ ਰੂਪ ਚੰਦ, ਫੂਲ, ਰਾਮਾ, ਆਲਾ ਸਿੰਘ, ਸਰਦੂਲ ਸਿੰਘ ਤੇ ਫਿਰ ਮਹਾਰਾਜਾ ਅਮਰ ਸਿੰਘ ਤੋਂ ਬਾਅਦ ਮਹਾਰਾਜਾ ਯਾਦਵਿੰਦਰ ਸਿੰਘ ਤੱਕ ਮਹਾਰਾਜਾ ਪਰੰਪਰਾ ਬਾਰੇ ਦੱਸਿਆ ਹੈ। ਪਟਿਆਲਾ ਸ਼ਹਿਰ ਦੇ ਆਲੇ ਦੁਆਲੇ 10 ਗੇਟ ਮਹਾਰਾਜਾ ਨਰਿੰਦਰ ਸਿੰਘ ਨੇ ਬਣਵਾਏ । ਉਨ੍ਹਾਂ ਇਕ ਹੋਰ ਦਿਲਚਸਪ ਜਾਣਕਾਰੀ ਦਿੱਤੀ ਹੈ ਕਿ ਮਹਾਰਾਜਾ ਨਰਿੰਦਰ ਸਿੰਘ ਦਾ ਛੋਟਾ ਭਰਾ ਕੰਵਰ ਦੀਪ ਸਿੰਘ ਆਪਣੀ 19 ਸਾਲਾ ਪਤਨੀ ਜਿਹੜੀ 'ਮਾਈ ਸਾਹਿਬਾ ਚਾਹਲਾਂ ਵਾਲੀ' ਕਰਕੇ ਜਾਣੀ ਜਾਂਦੀ ਸੀ ਨੂੰ ਪਟਿਆਲਾ ਛੱਡਕੇ ਅੰਗਰੇਜ਼ਾਂ ਦੇ ਵਿਰੁੱਧ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਨਾਲ ਜਾ ਰਲਿਆ ਸੀ। ਬਾਅਦ ਵਿੱਚ ਉਹ ਸਾਧੂ ਬਣਕੇ ਕਈ ਥਾਵਾਂ 'ਤੇ ਅਸ਼ਰਮ ਬਣਾਕੇ ਜਿਵੇਂ ਰਿਸ਼ੀਕੇਸ਼, ਆਗਰੇ ਕੋਲ ਕੋਸੀ, ਕਸੂਰ ਨੰਦੀ ਦੀਆਂ ਪਹਾੜੀਆਂ ਅਤੇ ਅਖ਼ੀਰ ਬੰਗਲੌਰ ਵਿੱਚ ਰਹਿਣ ਲੱਗ ਪਿਆ। ਮਹਾਰਾਜਾ ਪਰਿਵਾਰ ਦੇ ਅਹਿਲਕਾਰਾਂ ਨੇ ਉਨ੍ਹਾਂ ਨੂੰ ਪਟਿਆਲਾ ਵਾਪਸ ਲਿਆਉਣ ਦੀ ਕੋਸ਼ਿਸ਼ ਕੀਤੀ ਪ੍ਰੰਤੂ ਉਹ ਵਾਪਸ ਨਹੀਂ ਆਏ। ਉਹ 100 ਸਾਲ ਦੀ ਉਮਰ ਵਿੱਚ ਸਵਰਗਵਾਸ ਹੋ ਗਏ। ਉਨ੍ਹਾਂ ਦੀ ਪਤਨੀ 1942 ਵਿੱਚ 104 ਸਾਲ ਦੀ ਉਮਰ ਵਿੱਚ ਸਵਰਗਵਾਸ ਹੋਈ। ਪਟਿਆਲਾ ਰਿਆਸਤ ਦੇ ਖ਼ਾਨਦਾਨ ਵਿੱਚੋਂ ਕੰਵਰ ਦੀਪ ਸਿੰਘ ਪਹਿਲਾ ਵਿਅਕਤੀ ਸੀ, ਜਿਨ੍ਹਾਂ ਨੇ ਅੰਗਰੇਜ਼ਾਂ ਦੀ ਸਹਾਇਤਾਂ ਨਹੀਂ ਕੀਤੀ। ਬਾਕੀ ਸਾਰੇ ਅੰਗਰੇਜ਼ਾਂ ਦੇ ਪਿੱਠੂ ਬਣੇ ਰਹੇ। ਦੂਜੇ ਭਾਗ ਵਿੱਚ ਪਟਿਆਲਾ ਸਥਿਤ ਵਿਦਿਅਕ ਕੇਂਦਰਾਂ ਬਾਰੇ ਜਾਣਕਾਰੀ ਦਿੱਤੀ ਗਈ ਹੈ। ਪਟਿਆਲਾ ਵਿੱਚ 3 ਸਰਕਾਰੀ, ਇਕ ਪ੍ਰਾਈਵੇਟ ਯੂਨੀਵਰਸਿਟੀਆਂ ਤੋਂ ਇਲਾਵਾ ਪ੍ਰੋਫੈਸ਼ਨਲ ਅਤੇ ਵਿਦਿਅਕ ਕਾਲਜਾਂ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ ਗਈ ਹੈ ਕਿ ਇਹ ਸੰਸਥਾਵਾਂ ਕਦੋਂ ਅਤੇ ਕਿਸਨੇ ਬਣਾਈਆਂ ਸਨ। ਇਸੇ ਤਰ੍ਹਾਂ ਤੀਜੇ ਭਾਗ ਵਿੱਚ ਪਟਿਆਲਾ ਨੂੰ ਖੇਡਾਂ ਦੀ ਰਾਜਧਾਨੀ ਲਿਖਦਿਆਂ ਲੇਖਕ ਨੇ ਖੇਡਾਂ ਨਾਲ ਸੰਬੰਧਤ ਕਾਲਜਾਂ, ਐਨ ਆਈ ਐਸ ਅਤੇ ਹੋਰ ਸਪੋਰਟਸ ਸੰਸਥਾਵਾਂ ਦੀ ਜਾਣਕਾਰੀ ਦਿੱਤੀ ਹੈ। ਪਟਿਆਲਾ ਰਿਆਸਤ ਦੇ ਮਹਾਰਾਜਿਆਂ ਵੱਲੋਂ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਤ ਕਰਨ ਲਈ ਕੀਤੇ ਉਪਰਾਲਿਆਂ ਦਾ ਵਰਨਣ ਵੀ ਕੀਤਾ ਗਿਆ ਹੈ। ਚੌਥੇ ਭਾਗ ਵਿੱਚ ਪਟਿਆਲਾ ਰਿਆਸਤ ਵਿੱਚ ਸੰਗੀਤ ਨੂੰ ਦਿੱਤੀ ਗਈ ਸਰਪਰਸਤੀ ਅਤੇ ਸੰਗੀਤ ਦੇ ਪਟਿਆਲਾ ਘਰਾਣੇ ਦੇ ਸੰਗੀਤਕਾਰਾਂ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ ਦੱਸਿਆ ਗਿਆ ਹੈ। ਉਸਤੋਂ ਬਾਅਦ ਵਰਤਮਾਨ ਸਮੇਂ ਦੇ ਸੰਗੀਤਕਾਰਾਂ ਅਤੇ ਸੰਗੀਤ ਦੇ ਅਧਿਆਪਕਾਂ ਦੇ ਯੋਗਦਾਨ ਸੰਬੰਧੀ ਵੀ ਪ੍ਰਗਟਾਇਆ ਗਿਆ ਹੈ। ਖਾਸ ਤੌਰ ਤੇ ਕੰਵਰ ਮਰਗਿੰਦਰ ਸਿੰਘ ਦਾ ਸੰਗੀਤ ਨਾਲ ਪਿਆਰ ਅਤੇ ਸਿਤਾਰ ਵਾਦਕ ਦੇ ਤੌਰ 'ਤੇ ਉਨ੍ਹਾਂ ਦੀ ਬਚਨਵੱਧਤਾ ਕਮਾਲ ਦੀ ਸੀ, ਜਿਸਦਾ ਪਹਿਲਾਂ ਕਿਸੇ ਨੇ ਪ੍ਰਗਟਾਵਾ ਨਹੀਂ ਕੀਤਾ। ਪੰਜਵੇਂ ਭਾਗ ਵਿੱਚ ਮਹਾਰਾਜਾ ਪਟਿਆਲਾ ਵੱਲੋਂ ਹਰ ਵਰਗ ਦੇ ਲੋਕਾਂ ਲਈ ਸਥਾਪਤ ਕੀਤੇ ਗਏ ਧਾਰਮਿਕ ਸਥਾਨਾ ਦਾ ਵੇਰਵਾ ਦਿੱਤਾ ਗਿਆ ਹੈ। ਜਿਨ੍ਹਾਂ ਵਿਚ ਗੁਰਦੁਆਰਾ ਸਾਹਿਬ, ਮੰਦਰ, ਮਸਜਿਦ ਅਤੇ ਚਰਚਾਂ ਦੀ ਜਾਣਕਾਰੀ ਹੈ। ਛੇਵੇਂ ਭਾਗ ਵਿੱਚ ਇਤਿਹਾਸਕ ਇਮਾਰਤਾਂ ਅਤੇ ਇਮਾਰਤਸਾਜ਼ੀ ਦੇ ਨਮੂਨਿਆਂ ਬਾਰੇ ਵਿਸਤਾਰ ਨਾਲ ਜਾਣਕਾਰੀ ਦਿੱਤੀ ਗਈ ਹੈ, ਜਿਨ੍ਹਾਂ ਵਿੱਚ ਕਿਲਾ ਮੁਬਾਰਕ, ਮੋਤੀ ਬਾਗ ਮਹਿਲ, ਰਾਜਿੰਦਰਾ ਮਹਿਲ, ਬਾਰਾਂਦਰੀ ਬਾਗ, ਹੀਰਾ ਬਾਗ, ਸ਼ਾਹੀ ਸਮਾਧਾਂ ਅਤੇ ਨਵਾਂ ਮੋਤੀ ਮਹਿਲ ਮਹੱਤਵਪੂਰਨ ਹਨ। ਸਤਵੇਂ ਭਾਗ ਵਿੱਚ ਪਟਿਆਲਾ ਰਿਆਸਤ ਵੱਲੋਂ 1947 ਦੀ ਵੰਡ ਸਮੇਂ ਸ਼ਰਨਾਰਥੀਆਂ ਨੂੰ ਪਟਿਆਲਾ ਵਿਚ ਖੁਲ੍ਹਦਿਲੀ ਨਾਲ ਦਿੱਤੀ ਗਈ ਸ਼ਰਨ ਅਤੇ ਉਨ੍ਹਾਂ ਨੂੰ ਵਸਾਉਣ ਲਈ ਕੀਤੇ ਗਏ ਮਾਨਵੀ ਕਾਰਜ਼ਾਂ ਅਤੇ ਗੁਣਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਅੱਠਵੇਂ ਭਾਗ ਵਿੱਚ 1947 ਤੋਂ ਪਹਿਲਾਂ ਅਤੇ ਵਰਤਮਾਨ ਸਮੇਂ ਦਾ ਤੁਲਨਾਤਮਕ ਅਧਿਐਨ ਕੀਤਾ ਗਿਆ ਹੈ। ਉਸ ਸਮੇਂ ਦੀਆਂ ਪਰੰਪਰਾਵਾਂ, ਰੀਤੀ ਰਿਵਾਜ਼, ਰਹਿਣ ਸਹਿਣ ਅਤੇ ਖਾਣ ਪੀਣ ਦੇ ਅੰਤਰ ਬਾਰੇ ਦੱਸਿਆ ਗਿਆ ਹੈ। ਨੌਵੇਂ ਭਾਗ ਵਿੱਚ ਇਤਿਹਾਸਕ ਅਤੇ ਧਾਰਮਿਕ ਸਥਾਨਾ ਅਤੇ ਇਮਾਰਤਾਂ ਦੀਆਂ ਰੰਗਦਾਰ ਤਸਵੀਰਾਂ ਹਨ। 3 ਪਟਿਆਲਾ ਰਿਆਸਤ ਦੇ ਮਹਾਰਾਜਿਆਂ, ਇਕ ਅਖ਼ਬਾਰ ਦੇ ਸਟਾਫ਼ ਅਤੇ ਇਕ ਇੰਡੋ ਪਾਕਿ ਮੁਸ਼ਾਇਰੇ ਦੀ ਤਸਵੀਰ ਹੈ। ਪੁਸਤਕ ਦਾ ਅਖ਼ੀਰਲਾ 10ਵੇਂ ਭਾਗ ਵਿੱਚ ਪਟਿਆਲਾ ਰਿਆਸਤ ਦੇ ਵੱਖ-ਵੱਖ ਖੇਤਰਾਂ ਵਿੱਚ ਨਾਮਣਾ ਖੱਟਣ ਵਾਲੇ 99 ਵਿਅਕਤੀਆਂ ਬਾਰੇ ਸੰਖੇਪ ਵਿੱਚ ਜਾਣਕਾਰੀ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ 50 ਵਿਅਕਤੀਆਂਬਾਰੇ ਤਾਂ ਉਨ੍ਹਾਂ ਵਿਸਤਾਰ ਪੂਰਬਕ ਲੇਖ ਲਿਖੇ ਹਨ ਪ੍ਰੰਤੂ 49 ਤਜ਼ਰਬਾ ਵੀ ਉਨ੍ਹਾਂ ਦੀ ਲੇਖਣੀ ਵਿੱਚ ਹੋਰ ਨਿਖ਼ਾਰ ਲਿਆਵੇਗਾ। ਉਨ੍ਹਾਂ ਲੰਬੀ ਉਮਰ ਦੀ ਕਾਮਨਾ ਕਰਦਾ ਹਾਂ।

ਵਿਅਕਤੀਆਂ ਦੀ ਡਾਇਰੈਕਟਰੀ ਟਾਈਪ ਜਾਣਕਾਰੀ ਹੈ। ਇਹ ਪੁਸਤਕ ਇਕ ਇਤਿਹਾਸਕ ਦਸਤਾਵੇਜ਼ ਹੈ, ਜਿਸਨੂੰ ਰੈਫਰੈਂਸ ਪੁਸਤਕ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ ਕਿਉਂਕਿ ਇਸ ਪੁਸਤਕ ਵਿਚਲੀ ਜਾਣਕਾਰੀ ਸਰਦਾਰ ਅਵਤਾਰ ਸਿੰਘ ਦੀ ਨਿੱਜੀ ਜਾਣਕਾਰੀ ਹੈ। ਉਨ੍ਹਾਂ ਨੇ ਆਪਣੀ ਜ਼ਿੰਦਗੀ ਦੇ 79 ਸਾਲ ਦੇ ਤਜ਼ਰਬੇ ਦੇ ਅਧਾਰਤ ਲਿਖੀ ਗਈ ਹੈ। ਉਨ੍ਹਾਂ ਨੂੰ ਮਹਾਰਾਜਾ ਯਾਦਵਿੰਦਰ ਸਿੰਘ ਨਾਲ ਵਿਚਰਣ ਦਾ ਮੌਕਾ ਮਿਲਦਾ ਰਿਹਾ ਹੈ। ਉਹ ਸ਼ਾਹੀ ਪਰਿਵਾਰ ਦੇ ਸਮਾਜਿਕ ਸਮਾਗਮਾ ਵਿੱਚ ਸ਼ਰੀਕ ਹੁੰਦੇ ਰਹੇ ਹਨ। ਸ੍ਰ ਅਵਤਾਰ ਸਿੰਘ ਗਿਆਨ ਦਾ ਖ਼ਜ਼ਾਨਾ ਹਨ, ਉਨ੍ਹਾਂ ਆਪਣੀ ਜ਼ਿੰਦਗੀ ਵਿੱਚ ਪਟਿਆਲਾ ਵਿੱਚ ਹੋਈਆਂ ਅਨੇਕਾਂ ਘਟਨਾਵਾਂ ਦੇ ਚਸ਼ਮਦੀਦ ਗਵਾਹ ਹਨ। ਉਮੀਦ ਕਰਦੇ ਹਾਂ ਕਿ ਉਮਰ ਦੇ ਇਸ ਦਰਾਜ਼ ਵਿੱਚ ਉਹ ਹੋਰ ਪੁਸਤਕਾਂ ਦੇ ਕੇ ਪਟਿਆਲਵੀਆਂ ਨੂੰ ਮਾਲੋਮਾਲ ਕਰਨਗੇ।

ਉਨ੍ਹਾਂ ਦੀਆਂ ਇਸਤੋਂ ਪਹਿਲਾਂ ਵੀ ਦੋ ਪੁਸਤਕਾਂ ਪੰਜਾਬੀ ਸਾਹਿਤ ਅਤੇ ਕਲਾ ਅਤੇ ਸਭਿਆਚਾਰ ਦੇ ਵਿਕਾਸ ਵਿੱਚ ਹਿੱਸਾ ਪਾਉਣ ਵਾਲੀਆਂ ਕੁਝ ਮਹਾਨ ਔਰਤਾਂ ਵੀ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਨ੍ਹਾਂ ਦਾ 21 ਸਾਲ ਦਾ ਪੱਤਰਕਾਰੀ ਦਾ ਵਿਸ਼ਾਲ ਤਜ਼ਰਬਾ ਹੈ। ਉਹ ਬਿਜਲੀ ਬੋਰਡ ਵਿੱਚੋਂ ਡਾਇਰੈਕਟਰ ਲੋਕ ਸੰਪਰਕ ਸੇਵਾ ਮੁਕਤ ਹੋਏ ਹਨ।






## ਲੇਖਕ ਦੇ ਜੀਵਨ 'ਤੇ ਇੱਕ ਝਾਤ

ਸ੍ਰ. ਅਵਤਾਰ ਸਿੰਘ ਦਾ ਜਨਮ ਕੱਤਕ ਸੁਦੀ ਪੂਰਨਮਾਸ਼ੀ ਵਾਲੇ ਦਿਨ 13 ਨਵੰਬਰ 1932 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਗੁਰਮਾਂ ਵਿਚ ਹੋਇਆ। ਉਨ੍ਹਾਂ ਦੇ ਪਿਤਾ ਸ੍ਰ. ਗੁਰਬਚਨ ਸਿੰਘ ਸੁਨਾਮ ਵਿਚ ਪਟਵਾਰੀ ਸਨ। ਸ੍ਰ. ਅਵਤਾਰ ਸਿੰਘ ਨੇ ਮੁੱਢਲੀ ਤਾਲੀਮ, ਨਰਵਾਨਾ (ਹੁਣ ਹਰਿਆਣੇ ਵਿਚ), ਬਠਿੰਡਾ ਅਤੇ ਕੰਡਾਘਾਟ (ਹੁਣ ਹਿਮਾਚਲ ਪ੍ਰਦੇਸ਼ ਵਿਚ) ਦੇ ਸਰਕਾਰੀ ਸਕੂਲਾਂ ਵਿਚੋਂ ਹਾਸਲ ਕੀਤੀ। ਉਨ੍ਹਾਂ ਨੇ ਆਨਰਜ਼ ਇਨ ਪੰਜਾਬੀ (ਗਿਆਨੀ) ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਅਤੇ ਗਰੈਜੂਏਸ਼ਨ ਦੀ ਪੜ੍ਹਾਈ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਕੀਤੀ। ਸ੍ਰ. ਅਵਤਾਰ ਸਿੰਘ ਨੇ 21 ਸਾਲਾਂ ਦੀ ਉਮਰ ਵਿਚ ਪੱਤਰਕਾਰੀ ਦੇ ਪੇਸ਼ੇ ਵਿਚ ਕਦਮ ਰੱਖਿਆ। 1953 ਈਸਵੀ ਤੋਂ 1964 ਈਸਵੀ ਤੱਕ ਪਟਿਆਲੇ ਦੇ ਪਹਿਲੇ ਰੋਜ਼ਾਨਾ ਪੰਜਾਬੀ ਅਖ਼ਬਾਰ 'ਰਣਜੀਤ' ਵਿਚ ਨਿਊਜ਼ ਐਡੀਟਰ ਅਤੇ ਫਿਰ ਸੀਨੀਅਰ ਅਸਿਸਟੈਂਟ ਐਡੀਟਰ ਦੇ ਤੌਰ ਤੇ ਕੰਮ ਕੀਤਾ। ਜਨਵਰੀ 1965 ਵਿਚ ਉਨ੍ਹਾਂ ਨੇ ਆਪਣਾ ਸਪਤਾਹਿਕ ਅਖ਼ਬਾਰ 'ਗ਼ੈਰਤ' ਸ਼ੁਰੂ ਕੀਤਾ, ਜੋ ਸਮੁੱਚੇ ਪੰਜਾਬ ਵਿਚ ਪੰਜਾਬੀ ਦੇ ਸਪਤਾਹਿਕ ਅਖ਼ਬਾਰਾਂ ਵਿਚੋਂ ਸਭ ਤੋਂ ਵੱਧ ਪੜ੍ਹਿਆ ਜਾਣ ਵਾਲਾ ਅਖ਼ਬਾਰ ਬਣਿਆ। ਇਸੇ ਦੌਰਾਨ ਉਨ੍ਹਾਂ ਨੇ ਦੋ ਖ਼ੂਬਸੂਰਤ ਸੋਵੀਨਰ "ਪੰਜਾਬੀ ਸਾਹਿਤ, ਕਲਾ ਅਤੇ ਸਭਿਆਚਾਰ ਦੇ ਵਿਕਾਸ ਵਿਚ ਹਿੱਸਾ ਪਾਉਣ ਵਾਲੀਆਂ ਕੁਝ ਮਹਾਨ ਔਰਤਾਂ" ਅਤੇ "ਪਟਿਆਲਾ ਸ਼ਹਿਰ ਤੇ ਇਥੋਂ ਦੇ ਉਘੇ ਵਸਨੀਕ" ਪ੍ਰਕਾਸ਼ਤ ਕੀਤੇ ਜਿਨ੍ਹਾਂ ਨੂੰ ਸਾਹਿਤਕ ਹਲਕਿਆਂ ਵਿਚ ਖ਼ੂਬ ਸਲਾਹਿਆ ਗਿਆ। ਅਪਰੈਲ 1976 ਵਿਚ ਸ੍ਰ. ਅਵਤਾਰ ਸਿੰਘ ਪੰਜਾਬ ਰਾਜ ਬਿਜਲੀ ਬੋਰਡ ਵਿਚ ਬਤੌਰ ਸੂਚਨਾ ਅਫ਼ਸਰ ਭਰਤੀ ਹੋ ਗਏ ਅਤੇ 15 ਸਾਲਾਂ ਦੀ ਸ਼ਾਨਦਾਰ ਸਰਵਿਸ ਮਗਰੋਂ 31 ਅਕਤੂਬਰ, 1991 ਨੂੰ ਬੋਰਡ ਵਿਚੋਂ ਡਿਪਟੀ ਡਾਇਰੈਕਟਰ ਲੋਕ ਸੰਪਰਕ (ਵਿਭਾਗ ਦੇ ਮੁੱਖੀ) ਦੇ ਅਹੁੱਦੇ ਤੋਂ ਰਿਟਾਇਰ ਹੋਏ। ਇਸ ਤੋਂ ਮਗਰੋਂ ਉਨ੍ਹਾਂ ਨੇ 'ਗ਼ੈਰਤ' ਅਖ਼ਬਾਰ ਨੂੰ ਸੰਭਾਲਿਆ ਅਤੇ ਦਸੰਬਰ 2014 ਤੱਕ ਇਸ ਦੇ ਚੀਫ਼ ਐਡੀਟਰ ਦੇ ਤੌਰ ਤੇ ਕੰਮ ਕਰਦੇ ਰਹੇ। ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਿਕਾਸ ਅਤੇ ਵਿਸ਼ੇਸ਼ ਤੌਰ ਤੇ ਸਿੱਖੀ ਦਾ ਪ੍ਰਚਾਰ ਕਰਨ ਉਤੇ ਉਨ੍ਹਾਂ ਨੂੰ ਜੀਵਨ ਵਿਚ ਇਕ ਦਰਜਨ ਤੋਂ ਵੱਧ ਜਥੇਬੰਦੀਆਂ ਵਲੋਂ, ਜਿਨ੍ਹਾਂ ਵਿਚ ਅੰਤਰਰਾਸ਼ਟਰੀ ਸੰਸਥਾਵਾਂ ਵੀ ਸ਼ਾਮਲ ਹਨ, ਸਨਮਾਨਿਆ ਗਿਆ ਤੇ ਪ੍ਰਸ਼ੰਸਾ ਪੱਤਰ ਭੇਟ ਕੀਤੇ ਗਏ। ਹੁਣ ਉਹ ਪੰਜਾਬੀ ਕਲਚਰਲ ਐਸੋਸੀਏਸ਼ਨ ਵੈਲਫੇਅਰ ਸੁਸਾਇਟੀ (ਰਜਿਸਟਰਡ) ਪਟਿਆਲਾ ਦੇ ਪ੍ਰਧਾਨ ਹਨ ਅਤੇ ਪੰਜਾਬੀ ਜ਼ਬਾਨ ਤੇ ਸਭਿਆਚਾਰ ਦੇ ਵਿਕਾਸ ਲਈ ਸਰਗਰਮ ਹਨ।

# ਕੈਨੇਡਾ ਕਬੱਡੀ ਕੱਪ ਦੇ ਪ੍ਰਬੰਧਕਾਂ ਨੇ ਖੇਡ ਪ੍ਰਮੋਟਰ ਜਗਰੂਪ ਸਿੰਘ ਜਰਖੜ ਦਾ ਐਬਟਸਫੋਰਡ ਵਿਖੇ ਕੀਤਾ ਵਿਸ਼ੇਸ਼ ਸਨਮਾਨ





ਉੱਘੇ ਖੇਡ ਲੇਖਕ, ਖੇਡ ਪ੍ਰਮੋਟਰ ਅਤੇ ਜਰਖੜ ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਜੋ ਅੱਜਕੱਲ੍ਹ ਪਰਿਵਾਰ ਸਮੇਤ ਕੈਨੇਡਾ ਦੇ ਦੌਰੇ ਤੇ ਹਨ ਉਨ੍ਹਾਂ ਦਾ ਐਬਟਸਫੋਰਡ ਕੈਨੇਡਾ ਵਿਖੇ ਪੁੱਜਣ ਤੇ ਲੁਧਿਆਣਾ ਵਿਖੇ ਹੋਣ ਵਾਲੇ ਕੈਨੇਡਾ ਕਬੱਡੀ ਕੱਪ ਅਤੇ ਹੋਰ ਕਬੱਡੀ ਪ੍ਰਮੋਟਰਾਂ ਨੇ ਵਿਸ਼ੇਸ਼ ਤੌਰ ਤੇ ਐਬਟਸਫੋਰਡ ਪੁੱਜਣ ਤੇ ਵਿਸ਼ੇਸ਼ ਸਨਮਾਨ ਕੀਤਾ। ਬੀਤੀ ਰਾਤ ਬਾਈ ਸੁਖਵਿੰਦਰ ਸਿੰਘ ਬੰਬ ਗੌਂਸਗੜ੍ਹ ਦੇ "ਜੀ ਸਟਾਰ ਐਂ-ਟੀਰੀਅਰਜ਼ ਫਲੋਰਿੰਗ ਟਾਈਲਜ਼" ਵਪਾਰਕ ਸ਼ੋਅਰੂਮ ਤੇ ਇਕ ਪ੍ਰਭਾਵਸ਼ਾਲੀ ਅਤੇ ਸਾਦੇ ਸਮਾਗਮ ਦੌਰਾਨ ਜਗਰੂਪ ਸਿੰਘ ਜਰਖੜ ਦੀਆਂ ਖੇਡਾਂ ਅਤੇ ਪੱਤਰਕਾਰੀ ਪ੍ਰਤੀ ਦਿੱਤੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਤ ਕੀਤਾ। ਇਸ ਮੌਕੇ ਜਗਰੂਪ ਸਿੰਘ ਜਰਖੜ ਨੇ ਕੈਨੇਡਾ ਵਿਚ ਵਸਦੇ ਪੰਜਾਬੀ ਭਾਈਚਾਰੇ ਵੱਲੋਂ ਪੰਜਾਬ ਦੀ ਤਰੱਕੀ, ਬਿਹਤਰੀ ਖ਼ਾਸ ਕਰਕੇ ਖੇਡਾਂ ਦੇ ਖੇਤਰ ਵਿੱਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ। ਉਨ੍ਹਾਂ ਆਖਿਆ ਕੈਨੇਡਾ ਕਬੱਡੀ ਕੱਪ ਦੇ ਪ੍ਰਬੰਧਕ ਅਤੇ ਮਾਤਾ ਸਾਹਿਬ ਕੌਰ ਜਰਖੜ ਖੇਡ ਟਰੱਸਟ ਰਲ ਮਿਲ ਕੇ ਖੇਡਾਂ ਦੀ ਬਿਹਤਰੀ ਲਈ ਆਪਣੇ ਉਪਰਾਲੇ ਕਰਦੇ ਰਹਿਣਗੇ। ਇਸ ਮੌਕੇ ਕੈਨੇਡਾ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਹਰਜਿੰਦਰ ਸਿੰਘ ਹਿੱਸੋਵਾਲ, ਰਮਨਦੀਪ ਸਿੰਘ ਝੱਜ ਅਤੇ ਇੰਦਰਜੀਤ ਸਿੰਘ ਰੂਮੀ ਨੇ ਜਗਰੂਪ ਸਿੰਘ ਜਰਖੜ ਨੂੰ ਕੈਨੇਡਾ ਦੀ ਸਰਜ਼ਮੀ ਦੇ ਪੁੱਜਣ ਤੇ ਜੀ ਆਇਆ ਆਖਿਆ। ਇਸ ਤੋਂ ਇਲਾਵਾ ਇਸ ਮੌਕੇ ਤੇ ਰੁਪਿੰਦਰ ਸ਼ਰਮਾ ਦੇਵਸਰ ਬਿੱਟੂ, ਹਰਿੰਦਰ ਸਿੰਘ ਟੀਨੂੰ ਦਿਓਲ, ਕਾਕਾ ਬੀਰਮੀ , ਮਨਜੋਤ ਗੈਰੀ ਖਰੌਦ, ਚਰਨਜੀਤ ਬਰਾੜ ਡਗਰੂ ਮੋਗਾ, ਬਿਕਰਮ ਗਿੱਲ ਗੌਂਸਗੜ੍ਹ, ਨਵਰਾਜ ਦਿਓਲ, ਗੁਰਸਾਨ ਗਿੱਲ ਗੌਂਸਗੜ੍ਹ, ਭਿੰਦਾ ਗਿੱਲ, ਦਵਿੰਦਰ ਸਿੰਘ ਰਣਜੀਤ ਸਿੰਘ ਬਦੇਸ਼ਾ ਮੰਗੇਵਾਲ, ਜੱਸਾਂ ਬਰਾੜ, ਔਰਬਟ, ਸੁਖਵਿੰਦਰ ਸਿੰਘ ਬੰਬ ਗੌਂਸਗੜ੍ਹ, ਗੁਰਵਿੰਦਰ ਸਿੰਘ ਬਰਾੜ, ਅਮਿਤ ਧਵਨ ਏ ਸੀ ਸੀ ਜਿਊਲਰ ਐਬਟਸਫੋਰਡ, ਰਿੱਕੀ ਵਰ੍ਹਮਾ ਲੱਖਾ, ਜਸਕਰਨ ਬਰਾੜ, ਨਾਮਦਾਨ ਬਰਾੜ ਡਗਰੂ, ਰਾਜ ਸ਼ਾਹੀ, ਬਿੱਟੂ ਰਿਲੇਟਰ, ਹਰਕ੍ਰਿਸ਼ਨ ਸਿੰਘ ਅਤੇ ਹੋਰ ਬਹੁਤ ਸਾਰੇ ਖੇਡ ਪ੍ਰਬੰਧ ਪ੍ਰਬੰਧਕ ਖੇਡ ਪ੍ਰਮੋਟਰ ਅਤੇ ਸਮਾਜਸੇਵੀ ਸ਼ਖ਼ਸੀਅਤਾਂ ਹਾਜ਼ਰ ਸਨ।

# ਪੰਜਾਬ ਸਾਹਿਤ ਅਕਾਦਮੀ ਵੱਲੋਂ ਕੈਨੇਡੀਅਨ ਪੰਜਾਬੀਆਂ ਦੇ ਕਵੀ ਦਰਬਾਰ ਦਾ ਆਯੋਜਨ ਬੇਹੱਦ ਕਾਮਯਾਬ ਰਿਹਾ



19 ਸਤੰਬਰ ਨੂੰ ਪੰਜਾਬ ਸਾਹਿਤ ਅਕਾਦਮੀ ਦੇ ਪ੍ਰਧਾਨ ਡਾ : ਸਰਬਜੀਤ ਕੌਰ ਸੋਹਲ ਤੇ ਅਰਵਿੰਦਰ ਢਿੱਲੋਂ ਦੀ ਅਗਵਾਈ ਵਿੱਚ ਕੈਨੇਡੀਅਨ ਪੰਜਾਬੀਆਂ ਦੇ ਕਵੀ ਦਰਬਾਰ ਦਾ ਆਯੋਜਨ ਬੇਹੱਦ ਕਾਮਯਾਬ ਰਿਹਾ। ਟੋਰਾਂਟੋ ਤੋਂ ਰਮਿੰਦਰ ਰਮੀ, ਜਗਮੋਹਨ ਸੰਘਾ, ਰੱਛਪਾਲ ਕੌਰ ਗਿੱਲ, ਹਰਜੱਸਪ੍ਰੀਤ ਗਿੱਲ, ਪਰਵਿੰਦਰ ਗੋਗੀ, ਮਕਸੂਦ ਚੌਧਰੀ, ਸਰੀ ਤੋਂ ਕਵਿੰਦਰ ਚਾਂਦ ਤੇ ਹਰਸ਼ਰਨ ਕੌਰ ਨੇ ਇਸ ਕਵੀ ਦਰਬਾਰ ਵਿੱਚ ਸ਼ਿਰਕਤ ਕੀਤੀ। ਸਭ ਕਵੀਆਂ ਦੀਆਂ ਕਵਿਤਾਵਾਂ ਬਹੁਤ ਹੀ ਖ਼ੂਬਸੂਰਤ ਸਨ ਤੇ ਅੱਜ ਦੇ ਹਾਲਾਤ ਉੱਪਰ ਸਮਾਜਿਕ ਵਿਸ਼ਿਆਂ ਨੂੰ ਲੈ ਕੇ ਵੀ ਸੀ।

ਕੋਆਰਡੀਨੇਟਰ ਅਰਵਿੰਦਰ ਢਿੱਲੋਂ ਜੀ ਦਾ ਸੰਚਾਲਨ ਹਮੇਸ਼ਾਂ ਹੀ ਕਾਬਿਲੇ ਤਾਰੀਫ਼ ਹੁੰਦਾ ਹੈ। ਡਾ : ਸਰਬਜੀਤ ਕੌਰ ਸੋਹਲ ਜੀ ਨੇ ਮੀਟਿੰਗ ਵਿੱਚ ਹਾਜ਼ਰੀਨ ਮੈਂਬਰਜ਼ ਨੂੰ ਨਿੱਘਾ ਜੀ ਆਇਆ ਕਿਹਾ ਤੇ ਦੱਸਿਆ ਕਿ ਪੰਜਾਬ ਸਾਹਿਤ ਅਕਾਦਮੀ ਪੰਜਾਬੀ ਦੇ ਵਿਕਾਸ ਲਈ ਬਹੁਤ ਸ਼ਲਾਘਾਯੋਗ ਉਪਰਾਲੇ ਕਰ ਰਹੀ ਹੈ। ਡਾ : ਸਰਬਜੀਤ ਕੌਰ ਸੋਹਲ ਵੀ ਹਮੇਸ਼ਾਂ ਆਪਣੇ ਟੀਮ ਮੈਂਬਰਜ਼ ਨੂੰ ਨਾਲ ਲੈ ਕੇ ਚੱਲਦੇ ਹਨ। ਮੈਂਬਰਜ਼ ਦੀ ਹਾਜ਼ਰੀ ਬਹੁਤਾਤ ਵਿੱਚ ਸੀ।

ਅੰਤ ਵਿੱਚ ਡਾ: ਸੋਹਲ ਨੇ ਸੱਭ ਮੈਂਬਰਜ਼ ਦਾ ਦਿਲੋਂ ਧੰਨਵਾਦ ਕੀਤਾ। ਧੰਨਵਾਦ ਸਹਿਤ।

**ਰਮਿੰਦਰ ਰਮੀ ਸੰਸਥਾਪਕ**
**ਅੰਤਰਰਾਸ਼ਟਰੀ ਸਾਹਿਤਕ ਸਾਂਝਾਂ**

# ਫ਼ੋਟੋਸ਼ੂਟ ਗੀਤ ਨਾਲ ਹਾਜ਼ਰ ਹੈ ਗਾਇਕ ਜੋੜੀ "ਦਿਲਬਰ ਅਨਜਾਣ ਤੇ ਐੱਸ ਪ੍ਰੀਤ"




ਜੇਕਰ ਤੁਹਾਡੇ ਵਿੱਚ ਕੋਈ ਗੁਣ ਹੈ ਤੁਸੀਂ ਮਿਹਨਤ ਕਰਦੇ ਹੋ ਤਾ ਕਦੇ ਨਾ ਕਦੇ ਉਸ ਦਾ ਮੁੱਲ ਜਰੂਰ ਪੈਦਾ ਹੈ ਲੰਮੇ ਸਮੇਂ ਤੋਂ ਸੰਘਰਸ਼ ਕਰ ਰਹੀ ਹੈ ਦੋਗਾਣਾ ਜੋੜੀ ਦਿਲਬਰ ਅਣਜਾਣ ਅਤੇ ਐੱਸ ਪ੍ਰੀਤ ਆਪਣੇ ਬਹੁਤ ਹੀ ਖੂਬਸੂਰਤ ਗੀਤ ਫ਼ੋਟੋਸ਼ੂਟ ਨਾਲ ਤੁਹਾਡੇ ਸਭ ਦੇ ਸਨਮੁੱਖ ਹੋ ਰਹੀ ਹੈ ਜਿਸ ਦਾ ਪੋਸਟਰ ਕੰਪਨੀ ਵੱਲੋ ਰੀਲੀਜ ਕਰ ਦਿੱਤਾ ਗਿਆ ਹੈ ਅਤੇ ਇਹ ਗੀਤ 14 ਅਕਤੂਬਰ ਨੂੰ ਸ਼ੋਸ਼ਲ ਮੀਡੀਏ ਤੇ ਸ਼ੇਅਰ ਕਰ ਦਿਤਾ ਜਾਵੇਗਾ

ਇਕ ਮੁਲਾਕਾਤ ਦੌਰਾਨ ਦਿਲਬਰ ਜੀ ਨੇ ਦੱਸਿਆ ਕੇ ਗੁਲਾਮੀ ਵਾਲਾ ਜੀ ਫੋਟੋਸ਼ੂਟ ਗੀਤ ਨੂੰ ਬੜੇ ਹੀ ਸੋਹਣੇ ਲਫਜ਼ਾਂ ਵਿਚ ਲਿਖਿਆ ਹੈ ਪੰਜਾਬੀ ਲੇਖਕ ਕੰਵਲਜੀਤ ਸਿੰਘ ਢਿੱਲੋਂ ਨੇ ਅਤੇ ਸੰਗੀਤ ਦਿੱਤਾ ਹੈ ਬਿੱਟਾ ਜੀ ਨੇ ਅਤੇ ਇਸ ਖੂਬਸੂਰਤ ਵਧੀਆ ਗੀਤ ਨੂੰ ਬਹੁਤ ਹੀ ਪ੍ਰਸਿੱਧ ਕੰਪਨੀ ਵ੍ਹਾਈਟ ਹਿੱਲ ਟੂਨਸ ਕੰਪਨੀ ਨੇ ਇਸ ਨੂੰ ਰਿਕਾਰਡ ਕੀਤਾ ਹੈ।

ਸੋ ਦੋਸਤੋ ਇਸ ਜੋੜੀ ਦੇ ਤੁਸੀਂ ਅੱਗੇ ਵੀ ਕਈ ਦੋਗਾਣਾ ਗੀਤ "ਪਿੰਡ ਵਾਲਾ ਮੇਲਾ, ਪੰਜਾਬ ਵਾਲੇ ਜੱਟ ਦਿੱਲੀਏ ,ਲਾਕਡਾਊਨ, ਬੇਬੇ ਦਾ ਬਲੱਡ ਵਧ ਗਿਆ, ਸੁਣ ਚੁੱਕੇ ਹੋ। ਸੋ, ਆਉ ਇਨ੍ਹਾਂ ਦੇ 14 ਅਕਤੂਬਰ ਨੂੰ ਆ ਰਹੇ ਗੀਤ ਫ਼ੋਟੋਸ਼ੂਟ ਨੂੰ ਵੱਧ ਤੋ ਵੱਧ ਪਿਆਰ ਦੇਈਏ ਵੱਧ ਤੋ ਵੱਧ ਇਸ ਗੀਤ ਨੂੰ ਸੁਣੀਏ ਅਤੇ ਸ਼ੇਅਰ ਵੀ ਕਰੀਏ ਗਾਇਕ ਦਿਲਬਰ ਅਣਜਾਣ ਦਾ ਫੋਨ ਨੰਬਰ 9914978661 ਮੇਰੀਆਂ ਸ਼ੁਭ ਇੱਛਾਵਾਂ ਇਸ ਗਾਇਕ ਜੋੜੀ ਦੇ ਨਾਲ ਹਨ।

**– ਬੂਟਾ ਗੁਲਾਮੀਵਾਲਾ**
**94171-97395, 88378-07564**

# ਸ੍ਰ ਜਗਜੀਤ ਸਿੰਘ ਥਿੰਦ ਦੇ ਦੇਹਾਂਤ ਤੇ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਵਲੋਂ ਗਹਿਰੇ ਦੁੱਖ ਦਾ ਇਜ਼ਹਾਰ



ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਫਰਿਜ਼ਨੋ ਇਸ ਸ਼ੋਕ ਮਤੇ ਰਾਹੀ ਸ੍ਰ ਜਗਜੀਤ ਸਿੰਘ ਧਿੰਦ ਦੇ ਅਕਾਲ ਚਲਾਣੇ ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਾ ਹੈ। ਸ੍ਰ ਜਗਜੀਤ ਸਿੰਘ ਧਿੰਦ ਸੈਂਟਰਲ ਕੈਲੇਫੋਰਨੀਆਂ ਦੀ ਬਹੁਤ ਹੀ ਜਾਣੀ ਪਹਿਚਾਣੀ ਅਤੇ ਹਰਮਨ ਪਿਆਰੀ ਸ਼ਖਸ਼ੀਅਤ ਸਨ। ਉਹ ਪਿਛਲੇ ਲੰਬੇ ਸਮੇਂ ਤੋਂ ਕੈਲੇਫੋਰਨਆ ਦੇ ਸ਼ਹਿਰ ਕਰਮਨ ਵਿਚ ਆਪਣੇ ਪਰਿਵਾਰ ਸਮੇਤ ਰਹਿ ਰਹੇ ਸਨ। ਕੁਝ ਹਫਤੇ ਬਿਮਾਰ ਰਹਿਣ ਤੋਂ ਬਾਅਦ ਪਿਛਲੇ ਹਫਤੇ ਉਹ ਸਭ ਨੂੰ ਅਲਵਿਦਾ ਆਖ ਗਏ ਸਨ। ਅਮਰੀਕਾ ਆਉਣ ਤੋਂ ਪਹਿਲਾਂ ਉਹ ਆਪਣੇ ਜੱਦੀ ਪਿੰਡ ਬਿੰਜਲ ਵਿਚ ਵਸਦੇ ਸਨ ਜਿਥੇ ਉਨਾਂ ਨੇ ਲੰਬਾ ਸਮਾਂ ਪਿੰਡ ਦੀ ਸਰਪੰਚੀ ਵੀ ਕੀਤੀ। ਇਸ ਸਮੇਂ ਦੌਰਾਨ ਵੀ ਉਨਾਂ ਦੇ ਪਿੰਡ ਦੇ ਹੋਰ ਭਲਾਈ ਦੇ ਕੰਮਾ ਦੇ ਨਾਲ ਨਾਲ ਪਿੰਡ ਵਿਚ ਇਕ ਲਾਇਬ੍ਰੇਰੀ ਵੀ ਸਥਾਪਤ ਕੀਤੀ। ਅਮਰੀਕਾ ਆਕੇ ਵੀ ਉਹ ਭਾਈਚਾਰਕ ਕੰਮਾ ਵਿਚ ਖਾਸ ਦਿਲਚਸਪੀ ਲੈਂਦੇ ਰਹੇ। ਪੰਜਾਬੀ ਭਾਸ਼ਾ, ਸਾਹਿਤ ਅਤੇ ਕਿਤਾਬਾਂ ਪ੍ਰਤੀ ਉਨਾਂ ਦੇ ਪਿਆਰ ਕਾਰਣ ਉਹਨਾਂ ਨੇ ਆਪਣੇ ਸ਼ਹਿਰ ਕਰਮਨ ਵਿਚ ਪੰਜਾਬੀ ਲਾਇਬ੍ਰੇਰੀ ਬਣਾਉਣ ਦੇ ਉਦਮਾ ਵਿਚ ਲਗ ਗਏ। ਉਨਾਂ ਨੇ ਕਰੜੀ ਘਾਲਣਾ ਕਰਕੇ ਲਾਇਬ੍ਰੇਰੀ ਅਧਿਕਾਰੀਆਂ ਨੂੰ ਪੰਜਾਬੀਆ ਦੀ ਵੱਧ ਰਹੀ ਆਬਾਦੀ ਨੂੰ ਦੇਖਦੇ ਹੋਏ ਕਰਮਨ ਲਾਇਬ੍ਰੇਰੀ ਵਿਚ ਪੰਜਾਬੀ ਸ਼ੈਕਸਨ ਸਥਾਪਤ ਕਰਨ ਲਈ ਪ੍ਰੇਰਤ ਕੀਤਾ। ਆਪ ਨੇ ਉਚੇਚਾ ਉਦਮਾ ਨਾਲ ਪੰਜਾਬੀ ਦੀਆ ਸੈਂਕੜੇ ਅਨਮੋਲ ਕਿਤਾਬਾ ਸ਼ਾਮਲ ਕਰਵਾਈਆ।

ਪੰਜਾਬੀ ਲਾਇਬ੍ਰੇਰੀ ਦਾ ਇਹ ਉਦਮ ਅਗੇ ਜਾ ਕੇ ਕਰਮਨ ਦੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀਆਂ ਕਲਾਸਾ ਸ਼ਾਮਲ ਕਰਵਾਉਣ ਦਾ ਕਾਰਣ ਵੀ ਬਣਿਆ। ਇਨਾਂ ਉਦਮਾ ਦੇ ਕਾਰਣ ਹੀ ਕੈਲੇਫੋਰਨੀਆ ਦਾ ਇਹ ਛੋਟਾ ਜਿਹਾ ਸ਼ਹਿਰ ਕਰਮਨ ਪੰਜਾਬੀ ਦੀ ਪਰਫੁਲਤਾ ਲਈ ਪੂਰੇ ਕੈਲੇਫੋਰਨੀਆ ਵਿਚ ਜਾਣਿਆ ਜਾਦਾ ਹੈ। ਉਨਾਂ ਨੇ ਪੰਜਬੀ ਪਤਰਕਾਰੀ ਦੇ ਖੇਤਰ ਵਿਚ ਵੀ ਨਰੋਈਆ ਪਿਰਤਾਂ ਪਾਈਆ ਅਤੇ ਅਮਰੀਕਾ ਦੀ ਧਰਤੀ ਤੇ ਕਿੰਨੇ ਹੀ ਨਵੇਂ ਪਤਰਕਾਰਾਂ ਲਈ ਰਾਹ ਦਸੇਰੇ ਵੀ ਬਣੇ। ਸ੍ਰ ਜਗਜੀਤ ਸਿੰਘ ਧਿੰਦ ਦੇਸ਼ ਭਗਤਾਂ ਤੇ ਖਾਸ ਕਰ ਗਦਰੀ ਬਾਬਿਆ ਦੀਆ ਕੁਰਬਾਨੀਆ ਤੋਂ ਬੇਹੱਦ ਪ੍ਰਭਾਵਤ ਸੰਨ। ਉਹ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਲੋਂ ਹਰ ਸਾਲ ਕਰਵਾਏ ਜਾਦੇ ਗਦਰੀ ਬਾਬਿਆ ਦੇ ਪ੍ਰੋਗਰਾਮਾ ਨੂੰ ਸਫਲ ਕਰਨ ਵਿਚ ਖਾਸ ਦਿਲਚਸਪੀ ਲੈਂਦੇ ਸਨ। ਉਹਨਾਂ ਨੇ ਆਪਣੇ ਕੋਲ ਪਏ ਕੁਝ ਇਤਿਹਾਸਕ ਦਸਤਾਵੇਜ਼ਾ ਨੂੰ ਕਿਤਾਬੀ ਰੂਪ ਦੇਣ ਵਿਚ ਵੀ ਆਪਣਾ ਯੋਗਦਾਨ ਪਾਇਆ। ਉਹ ਹਮੇਸ਼ਾ ਫੋਰਮ ਦੇ ਸਲਾਹਕਾਰ ਵਜੋਂ ਕੰਮ ਕਰਦੇ ਰਹੇ। ਸਾਨੂੰ ਉਨਾਂ ਦੀ ਉਸਾਰੂ ਅਤੇ ਸਿਆਣੀ ਸਲਾਹ ਦੀ ਹਮੇਸਾ ਘਾਟ ਰਹੇਗੀ। ਅਸੀਂ ਉਨਾਂ ਦੀਆਂ ਸਮਾਜਕ ਸਵੇਵਾਂ ਲਈ ਉਨਾਂ ਨੂੰ ਯਾਦ ਕਰਦਿਆ ਉਨਾਂ ਨੂੰ ਸ਼ਰਧਾਜਲੀ ਦਿੰਦੇ ਹਾਂ। ਅਸੀਂ ਉਨਾਂ ਦੇ ਅਕਾਲ ਚਲਾਣੇ ਤੇ ਉਨਾਂ ਦੇ ਬੇਟੇ ਸੁਰਿੰਦਰ ਸਿੰਘ, ਬਾਕੀ ਪਰਿਵਾਰ ਅਤੇ ਸਾਰੇ ਰਿਸ਼ਤੇਦਾਰਾਂ ਅਤੇ ਚਾਹਣ ਵਾਲਿਆ ਨਾਲ ਹਮਦਰਦੀ ਪਰਗਟ ਕਰਦੇ ਹਾਂ ਅਤੇ ਉਨਾਂ ਦੇ ਦੁਖ ਵਿਚ ਸ਼ਰੀਕ ਹੁੰਦੇ ਹਾਂ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ


Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

NEW & USED
TIRES
WASH, LUBE, BRAKES

Call:
650-642-0697

**3525 Highway 99, West Corning, CA 96021**
Across the Street from TA Truck Stop